# *ਦਾਨੀਏਲ ਦਾ ਸੱਤਰਵਾਂ ਹਫ਼ਤਾ*

ਤੁਹਾਡਾ ਬਹੁਤ ਬਹੁਤ ਧੰਨਵਾਦ, ਭਾਈ ਨੇਵਿਲ। ਸਵੇਰ ਮੁਬਾਰਕ, ਦੋਸਤੋ। ਅੱਜ ਸਵੇਰੇ ਇੱਥੇ ਡੇਰੇ ਵਿੱਚ ਵਾਪਸ ਆਉਣਾ ਇੱਕ ਸਨਮਾਨ ਦੀ ਗੱਲ ਹੈ, ਇਸ ਮਹਾਨ ਸੰਦੇਸ਼ ਨੂੰ ਜਾਰੀ ਰੱਖਣ ਲਈ ਜਿਸਦੀ ਅਸੀਂ ਵਿਆਖਿਆ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, *ਦਾਨੀਏਲ ਦਾ ਸੱਤਰਵਾਂ ਹਫ਼ਤਾ।* ਅਤੇ ਅਸੀਂ ਬਹੁਤ ਸਾਰੇ ਲੋਕਾਂ ਨੂੰ ਦੇਖ ਕੇ ਖੁਸ਼ ਹਾਂ ਜੋ ਇਸ ਗਰਮ ਦਿਨ ਵਿੱਚ ਇਕੱਠੇ ਹੋਏ ਹਨ, ਅਤੇ ਫਿਰ ਵੀ ਸਾਨੂੰ ਅਫਸੋਸ ਹੈ ਕਿ ਸਾਡੇ ਕੋਲ ਬੈਠਣ ਲਈ ਜਗ੍ਹਾ ਨਹੀਂ ਹੈ। ਉਨ੍ਹਾਂ ਲੋਕਾਂ ਨੂੰ ਦੇਖ ਕੇ ਜੋ ਇਸ ਤਰ੍ਹਾਂ ਇਕੱਠੇ ਹੋਏ ਹਨ ਅਤੇ ਆਲੇ ਦੁਆਲੇ ਖੜ੍ਹੇ ਹਨ, ਇਹ ਇਸ ਨੂੰ ਅਸੁਵਿਧਾਜਣਕ ਬਣਾ ਰਿਹਾ ਹੈ। ਅਤੇ ਤੁਹਾਡੇ ਲਈ ਉਸ ਤਰ੍ਹਾਂ ਆਰਾਮਦਾਇਕ ਨਹੀਂ ਹੈ ਜਿਸ ਤਰ੍ਹਾਂ ਹੋਣਾ ਚਾਹੀਦਾ ਹੈ, ਇਸ ਨਾਲ ਤੁਹਾਨੂੰ ਸਮਝਣ ਵਿੱਚ ਮੁਸ਼ਕਲ ਹੋਵੇਗੀ। ਪਰ ਅਸੀਂ ਇਸ ਨੂੰ ਜਿੰਨੀ ਜਲਦੀ ਹੋ ਸਕੇ ਉਨੀ ਹੀ ਜਲਦੀ ਖਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ।

2 ਅਤੇ—ਅਤੇ, ਅੱਜ, ਮੈਂ ਉਮੀਦ ਕਰਦਾ ਹਾਂ ਕਿ ਤੁਸੀਂ, ਜੇ ਮੈਂ ਥੋੜੀ ਜਿਹੀ ਢਿੱਲ ਕਰਦਾ ਹਾਂ, ਤਾਂ ਤੁਸੀਂ ਮੈਨੂੰ ਮਾਫ ਕਰੋਗੇ, ਕਿਉਂਕਿ ਇਹ ਇਸ ਸੰਦੇਸ਼ ਦਾ ਸਹੀ ਸਮਾਂ ਹੈ ਜਦੋਂ ਕਿੱਲ ਨੂੰ ਠੋਕਿਆ ਜਾਵੇ, ਕਿੱਲ ਨੂੰ ਜੜ੍ਹਨ ਦਾ ਸਮਾਂ ਹੈ। ਅਸੀਂ ਇਸਨੂੰ ਤਿੰਨ ਦਰਜਿਆਂ ਵਿੱਚ ਰੱਖਿਆ ਹੈ ਤਾਂ ਜੋ ਅਸੀਂ ਇਸਨੂੰ ਸਮਝਣਾ ਯਕੀਨੀ ਬਣਾ ਸਕੀਏ।

3 ਹੁਣ, ਬੇਸ਼ੱਕ, ਪ੍ਰਤੱਖ ਦਿਖਾਈ ਦੇਣ ਵਾਲੀ ਮੰਡਲੀ ਜਾਣਦੀ ਹੈ ਕਿ ਇਹ, ਜਾਂ ਇਹ ਸੰਦੇਸ਼, ਟੇਪ ਕੀਤੇ ਜਾ ਰਹੇ ਹਨ। ਅਤੇ ਉਹ ਪੂਰੀ ਦੁਨੀਆ ਵਿੱਚ ਭੇਜੇ ਜਾਂਦੇ ਹਨ। ਦੁਨੀਆ ਭਰ ਵਿੱਚ ਲੱਗਭਗ ਹਰੇਕ ਮੁਲਖ ਵਿੱਚ ਇਹ ਟੇਪਾਂ ਪਹੁੰਚਾਈਆਂ ਜਾਂਦੀਆਂ ਹਨ। ਅਤੇ ਮੈਂ ਟੇਪ ਦੇ ਸਰੋਤਿਆਂ ਨੂੰ ਇਹ ਕਹਿਣਾ ਚਾਹਾਂਗਾ, ਤੁਸੀਂ ਜਿੱਥੇ ਵੀ ਹੋ, ਦੁਨੀਆਂ ਦੇ ਜਿਸ ਵੀ ਹਿੱਸੇ ਵਿੱਚ ਹੋ, ਇੱਥੇ ਕੁਝ ਗੱਲਾਂ ਹੋ ਸਕਦੀਆਂ ਹਨ ਜਿਨਾਂ ਬਾਰੇ ਤੁਸੀਂ ਮੇਰੇ ਨਾਲ ਉਨ੍ਹਾਂ ਸਿੱਖਿਆਵਾਂ ਉੱਤੇ ਸਹਿਮਤ ਨਹੀਂ ਹੋ ਸਕਦੇ ਜੋ ਮੈਂ—ਮੈਂ ਸਿਖਾਉਂਦਾ ਹਾਂ। ਪਰ ਮੈਂ ਇਹ ਦੱਸਣਾ ਚਾਹਾਂਗਾ, ਭਰਾਵੋ, ਹੋ ਸਕਦਾ ਹੈ, ਕਿ ਜੇ ਤੁਸੀਂ ਇਸ ਨੂੰ ਉਸੇ ਤਰ੍ਹਾਂ ਸਮਝਾਓਗੇ ਜਿਵੇਂ ਤੁਸੀਂ ਇਸਨੂੰ ਦੇਖਿਆ ਸੀ, ਇਹ ਮੇਰੇ ਵਿਸ਼ਵਾਸ ਨਾਲੋਂ ਵੱਖਰਾ ਹੋ ਸਕਦਾ ਹੈ। ਪਰ, ਤੁਸੀਂ ਜੋ ਕਹਿਣਾ ਚਾਹੁੰਦੇ ਹੋ ਉਸ ਨੂੰ ਸੁਣ ਕੇ ਮੈਨੂੰ ਖੁਸ਼ੀ ਹੋਵੇਗੀ।

4 ਅਤੇ ਮੈਂ ਇਸ ਸੋਚ ਨਾਲ ਇਨ੍ਹਾਂ ਸੰਦੇਸ਼ਾਂ ਨੂੰ ਲੈ ਕੇ ਆਇਆ ਹਾਂ, ਤੋਂ… ਪਰਮੇਸ਼ੁਰ ਦਾ ਵਚਨ, ਮੇਰੇ ਹਿਰਦੇ ਵਿਚ ਹੈ। ਇਹ ਕਲੀਸਿਯਾ ਦੇ ਸੁਧਾਰ

ਲਈ ਹੈ, ਸਾਰੀ ਕਲੀਸਿਯਾ ਲਈ, ਸਾਰੇ ਸੰਸਾਰ ਦੀ ਕਲੀਸਿਯਾ; ਮਸੀਹ ਦੀ ਕਲੀਸਿਯਾ, ਵਿਸਵਵਿਆਪੀ। ਅਤੇ ਮੈਂ ਯਕੀਨਨ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਆਖਰੀ ਦਿਨਾਂ ਵਿੱਚ ਰਹਿ ਰਹੇ ਹਾਂ। ਅਤੇ ਇਸ ਨੂੰ ਸਮਝਾਉਣ ਦੀ ਮੇਰੀ ਕੋਸ਼ਿਸ਼, ਅਤੇ ਫਿਰ ਵੀ ਇਸ ਨੂੰ ਧੱਕਣ, ਦੀ ਕੋਸ਼ਿਸ਼ ਨਹੀਂ ਕੀਤੀ, ਇੱਕ ਪਾਸੇ ਜਾਂ ਕਿਸੇ ਹੋਰ ਪਾਸੇ। ਮੈਂ ਕਦੇ ਵੀ ਦੋਸ਼ੀ ਨਹੀਂ ਰਿਹਾ, ਜਿਵੇਂ ਕਿ ਮੈਂ ਜਾਣਦਾ ਹਾਂ, ਅਜਿਹਾ ਕਰਨ ਲਈ।

5 ਬਹੁਤ ਵਾਰ ਲੋਕ ਟੇਪਾਂ ਤੋਂ ਸੁਣਦੇ ਹਨ, ਅਤੇ ਉਹ ਕਹਿੰਦੇ ਹਨ, "ਖੈਰ, ਮੈਂ ਇਸ ਨਾਲ ਅਸਹਿਮਤ ਸੀ। ਉਹ ਬਸ ਨਹੀਂ ਜਾਣਦਾ ਕਿ ਉਹ ਕਿ ਸਿਖਾ ਰਿਹਾ ਹੈ, ਉਹ ਵਚਨ ਨੂੰ ਨਹੀਂ ਜਾਣਦਾ।" ਖੈਰ, ਇਹ, ਇਹ ਸਭ ਸੱਚ ਹੋ ਸਕਦਾ ਹੈ। ਸਮਝੇ? ਮੈਂ ਇਹ ਨਹੀਂ ਕਹਾਂਗਾ ਕਿ ਇਹ ਸੱਚ ਨਹੀਂ ਹੈ।

ਪਰ, ਮੇਰੇ ਲਈ, ਮੈਂ—ਮੈਂ ਇਸਦਾ ਅਧਿਐਨ ਕਰਦਾ ਹਾਂ, ਕੋਈ ਵੀ—ਕੋਈ ਵੀ ਸ਼ਬਦ ਨਹੀਂ ਲੈਂਦਾ...ਮੈਂ ਪੜ੍ਹਦਾ ਹਾਂ ਕਿ ਦੂਜੇ ਆਦਮੀ ਕੀ ਕਹਿੰਦੇ ਹਨ, ਅਤੇ ਉਨ੍ਹਾਂ ਦੀ ਕਦਰ ਕਰਦਾ ਹਾਂ। ਹਰ ਚੀਜ਼ ਜੋ ਕੋਈ ਵੀ ਕਹਿੰਦਾ ਹੈ, ਮੈਂ ਇਸਦੀ ਕਦਰ ਕਰਦਾ ਹਾਂ। ਪਰ ਫਿਰ—ਫਿਰ ਮੈਂ ਇਸਨੂੰ ਪਰਮੇਸ਼ੁਰ ਕੋਲ ਲੈ ਜਾਂਦਾ ਹਾਂ, ਅਤੇ ਮੈਂ ਇਸਦੇ ਨਾਲ ਉਦੋਂ ਤੱਕ ਰਹਾਂਗਾ ਜਦੋਂ ਤੱਕ ਮੈਂ ਇਸ ਦੀ ਵਿਆਖਿਆ ਨਹੀਂ ਕਰ ਸਕਦਾ, ਉਤਪਤ ਤੋਂ ਪਰਕਾਸ਼ ਦੀ ਪੋਥੀ ਤੱਕ, ਅਤੇ ਫਿਰ ਇਸ ਸਭ ਨੂੰ ਬਾਈਬਲ ਵਿਚ ਜੋੜ ਕੇ ਵੇਖਦਾ ਹਾਂ। ਅਤੇ ਫਿਰ ਮੈਂ—ਮੈਂ ਜਾਣ ਜਾਂਦਾ ਹਾਂ ਕਿ ਸਹੀ ਚੀਜ ਦੇ ਨੇੜੇ ਤੇੜੇ ਹੈ। ਅਤੇ, ਬੇਸ਼ਕ, ਜਿੱਥੇ ਤੁਸੀਂ ਸਹੀ ਹੋ, ਇਹ ਸਿਰਫ ਇੱਕ ਜਗ੍ਹਾ ਹੈ ਜਿੱਥੇ ਮੈਂ ਕਤਾਰ ਤੋਂ ਬਾਹਰ ਨਿਕਲਿਆ ਹਾਂ। ਅਤੇ ਹੋ ਸਕਦਾ ਹੈ ਕਿ ਜਿੱਥੇ ਤੁਸੀਂ ਗਲਤ ਹੋ, ਜਾਂ ਸਹੀ ਹੋ, ਉੱਥੇ ਹੀ ਮੈਂ ਕਤਾਰ ਤੋਂ ਬਾਹਰ ਹੋ ਗਿਆ, ਅਤੇ ਜਾਂ ਇਸ ਦੇ ਉਲਟ ਤੁਸੀਂ ਕਤਾਰ ਤੋਂ ਬਾਹਰ ਹੋ।

6 ਇਸ ਲਈ, ਅਸੀਂ ਤੁਹਾਡੇ ਸਾਰੇ ਚੰਗੇ ਲੋਕਾਂ ਦੀ ਸ਼ਲਾਘਾ ਕਰਦੇ ਹਾਂ ਜੋ ਅੱਜ ਸਵੇਰੇ, ਇੱਥੇ ਸਰੋਤਿਆਂ ਵਿੱਚ ਹਨ, ਅਤੇ ਤੁਹਾਡੇ ਲਈ ਚੰਗੇ ਲੋਕ ਜੋ ਇਹਨਾਂ ਟੇਪਾਂ ਨੂੰ ਸੁਣਨਗੇ। ਅਤੇ ਅਸੀਂ...ਜੋ ਕੁਝ ਕੀਤਾ ਹੈ, ਇਹ ਸਭ ਪਰਮੇਸ਼ੁਰ ਦੇ ਰਾਜ ਲਈ ਹੈ। ਦੁਨੀਆ ਭਰ ਵਿੱਚ ਮੇਰੇ ਬਹੁਤ ਸਾਰੇ ਚੰਗੇ ਦੋਸਤ ਹਨ, ਜਿਨ੍ਹਾਂ ਦੀ ਮੈਂ ਬਹੁਤ ਕਦਰ ਕਰਦਾ ਹਾਂ, ਅਤੇ ਵਿਸ਼ਵਾਸ ਹੈ ਕਿ ਮੈਂ ਉਨ੍ਹਾਂ ਨਾਲ ਇੱਕ ਸਦੀਵੀ ਸਮਾਂ ਬਿਤਾਵਾਂਗਾ। ਅਤੇ ਇਹ ਮੇਰੇ ਦਿਲ ਵਿੱਚ ਨਹੀਂ ਹੋਵੇਗਾ ਕਿ ਉਨ੍ਹਾਂ ਨੂੰ ਧੋਖਾ ਦੇਣ ਦੀ—ਦੀ ਕੋਸ਼ਿਸ ਕਰਾਂ, ਕਿਸੇ ਵੀ ਤਰੀਕੇ ਨਾਲ, ਪਰ ਉਸ ਹਰ ਚੀਜ਼ ਨੂੰ ਲਿਆਉਣ ਦੀ ਕੋਸ਼ਿਸ਼ ਕਰਾਂ ਜਿਸ ਨਾਲ ਮੈਂ ਉਨ੍ਹਾਂ ਦੀ ਮਦਦ ਕਰ ਸਕਦਾ ਹਾਂ।

7 ਮੈਨੂੰ ਸੁਲੇਮਾਨ ਵਾਂਗ ਮਹਿਸੂਸ ਹੁੰਦਾ ਹੈ ਜੱਦ ਉਸ ਨੇ ਪ੍ਰਾਰਥਨਾ ਕੀਤੀ ਸੀ, ਅਤੇ ਕਿਹਾ ਸੀ, ਉਸ ਨੂੰ ਬੁੱਧ ਮਿਲੇ ਤਾਂ ਜੋ ਉਹ ਪਰਮੇਸ਼ੁਰ ਦੇ ਲੋਕਾਂ ਦੀ ਅਗਵਾਈ ਕਰਨ ਦੇ ਯੋਗ ਹੋ ਸਕੇ। ਇਹ ਮੇਰੀ ਦਿਲੀ ਪ੍ਰਾਰਥਨਾ ਹੈ।

8 ਮੇਰੇ ਨਾਲ ਮੇਰੇ ਸਾਥੀ ਇੱਥੇ ਹਨ, ਆਲੇ-ਦੁਆਲੇ, ਮੈਂ ਭਾਈ ਮਰਸੀਅਰ ਨੂੰ ਵੇਖਦਾ ਹਾਂ, ਅਤੇ—ਅਤੇ ਭਾਈ ਰਾਏ ਬਾਰਡਰਜ਼, ਅਤੇ ਭਾਈ ਨੇਵਿਲ, ਅਤੇ ਬਿਲੀ ਪੌਲ, ਮੇਰਾ ਬੇਟਾ। ਜੀਨ ਇੱਥੇ ਕਿਤੇ ਹੈ, ਅਤੇ ਭਾਈ, ਟੈਡੀ ਅਤੇ ਹੋਰ। ਮੈਂ ਇਨ੍ਹਾਂ ਸਾਰੇ ਲੋਕਾਂ ਦੀ ਸ਼ਲਾਘਾ ਕਰਦਾ ਹਾਂ ਜੋ ਮੇਰੀ ਮਦਦ ਕਰਨ ਲਈ ਆਏ ਹਨ।

9 ਮੈਨੂੰ ਯਾਦ ਹੈ ਕਿ ਇੱਥੇ ਜਿਆਦਾ ਸਮਾਂ ਨਹੀਂ ਹੋਇਆ, ਭਾਈ ਲੀਓ, ਇੱਕ—ਇੱਕ ਦਰਸ਼ਨ ਜੋ ਉਸ ਨੂੰ ਮਿਲਿਆ ਸੀ; ਸੁਪਨਾ, ਉਸਨੇ ਇਸਨੂੰ ਕਿਹਾ, ਇੱਕ ਰਾਤ ਜਦੋਂ ਅਸੀਂ ਪਹਿਲੀ ਵਾਰ ਮਿਲੇ ਸੀ; ਉਸਨੇ ਹਵਾ ਵਿੱਚ, ਇੱਕ ਵੱਡੀ ਪਿਰਾਮਿਡ ਦੀ ਚੋਟੀ ਦੇਖੀ। ਅਤੇ ਮੈਂ ਉੱਥੇ ਪ੍ਰਚਾਰ ਕਰ ਰਿਹਾ ਸੀ, ਕਿਤੇ, ਅਤੇ ਉਹ ਇਹ ਦੇਖਣ ਲਈ ਉੱਪਰ ਚੜ੍ਹਿਆ ਕਿ ਇਹ ਸਭ ਕੀ ਸੀ। ਅਤੇ ਜਦੋਂ ਉਹ ਉੱਥੇ ਇਸ ਚੋਟੀ ਤੇ ਚੜ੍ਹਿਆ, ਤਾਂ ਕਿਉਂ, ਉਸਨੇ ਕਿਹਾ, ਇੱਕ ਚਾਂਦੀ-ਜਿਹੀ ਦਿੱਖਣ ਵਾਲੀ ਰੋਸ਼ਨੀ ਵਿੱਚ, ਜਾਂ ਇੱਕ ਥਾਲੀ ਵਾਂਗ, ਮੈਂ ਖੜਾ ਸੀ, ਲੋਕਾਂ ਨੂੰ ਪ੍ਰਚਾਰ ਕਰ ਰਿਹਾ ਸੀ। ਅਤੇ ਉਸਨੇ ਮੇਰਾ ਧਿਆਨ ਖਿੱਚਿਆ, ਅਤੇ ਮੈਂ ਉਸਦੇ ਆਲੇ ਦੁਆਲੇ ਦੇਖਿਆ। ਅਤੇ ਉਸਨੇ ਕਿਹਾ, "ਤੁਸੀਂ ਉੱਥੇ ਕਿਵੇਂ ਪਹੁੰਚੇ? ਮੈਂ ਉੱਥੇ ਕਿਵੇਂ ਪਹੁੰਚ ਸਕਦਾ ਹਾਂ?"

10 ਮੈਂ ਕਿਹਾ, "ਲੀਓ, ਕੋਈ ਇੱਥੇ ਨਹੀਂ ਆ ਸਕਦਾ। ਪਰਮੇਸ਼ੁਰ ਹੀ ਇੱਕ ਆਦਮੀ ਨੂੰ ਇੱਥੇ ਲਿਆ ਸਕਦਾ ਹੈ। ਹੁਣ, ਤੁਹਾਨੂੰ ਇੱਥੇ ਨਹੀਂ ਆਉਣਾ ਚਾਹੀਦਾ। ਤੁਸੀਂ ਹੇਠਾਂ ਜਾਣਾ ਹੈ ਅਤੇ ਉੱਥੇ ਉਨ੍ਹਾਂ ਲੋਕਾਂ ਨੂੰ ਗਵਾਹੀ ਦੇਣੀ ਹੈ, ਜਦੋਂ ਤੁਸੀਂ ਇਸਨੂੰ ਦੇਖਿਆ ਹੈ, ਕਿ ਇਹ ਸੱਚ ਹੈ, ਇਹ ਸੱਚ ਹੈ।" ਲੀਓ ਵਾਪਸ ਹੇਠਾਂ ਉੱਤਰ ਗਿਆ, ਲੋਕਾਂ ਨੂੰ ਗਵਾਹੀ ਦੇਣ ਲਈ।

11 ਇਸ ਨੂੰ ਕਿੰਨਾ ਸਮਾਂ ਹੋ ਗਿਆ ਹੈ, ਭਾਈ ਲੀਓ? ਕਈ ਸਾਲ, ਹੈ ਨਾ? ਬਹੁਤ ਸਾਲ। ਉਦੋਂ ਤੋਂ, ਜਿੱਥੋਂ ਤੱਕ ਮੈਨੂੰ ਪਤਾ ਹੈ, ਉਹ ਅਜਿਹਾ ਕਰਨ ਵਿੱਚ ਵਫ਼ਾਦਾਰ ਰਿਹਾ ਹੈ, ਲੋਕਾਂ ਨੂੰ ਗਵਾਹੀ ਦਿੰਦੇ ਹੋਏ ਕਿ ਸੇਵਕਾਈ ਪਰਮੇਸ਼ੁਰ ਵੱਲੋਂ ਆਉਂਦੀ ਹੈ। ਹੁਣ, ਅਤੇ ਮੈਂ—ਮੈਂ ਨਹੀਂ ਚਾਹੁੰਦਾ ਕਿ ਇਹ ਮੇਰੇ ਤੋਂ ਆਵੇ। ਜੇ ਇਹ ਮੇਰੇ ਵੱਲੋਂ ਹੈ, ਤਾਂ ਇਹ ਕੋਈ ਚੰਗਾ ਗੱਲ ਨਹੀਂ ਹੈ, ਕਿਉਂਕਿ ਇੱਕ ਆਦਮੀ ਵਿੱਚ ਕੋਈ ਵੀ ਚੰਗੀ ਗੱਲ ਨਹੀਂ ਹੈ। ਸਮਝੇ? ਇਹ ਪਰਮੇਸ਼ੁਰ ਤੋਂ ਹੀ ਆਉਣੀ ਚਾਹੀਦੀ ਹੈ।

12 ਹੁਣ, ਜਦੋਂ ਮੈਂ ਆਲੇ ਦੁਆਲੇ ਵੇਖਦਾ ਹਾਂ…ਕੱਲ੍ਹ ਦੁਪਹਿਰ, ਮੈਂ ਆਪਣੇ ਦੋਸਤ, ਭਾਈ ਵੈਸਟ ਨਾਲ ਹੱਥ ਮਿਲਾਇਆ। ਮੈਂ ਅਜੇ ਤੱਕ ਉਸ ਨੂੰ ਇਮਾਰਤ ਵਿੱਚ ਨਹੀਂ ਦੇਖਿਆ ਹੈ; ਹਾਂ, ਹੁਣ ਮੈਂ ਦੇਖ ਲਿਆ ਹੈ, ਅੱਜ ਸਵੇਰੇ। ਅਤੇ ਤੁਸੀਂ ਜਾਣਦੇ ਹੋ ਕਿ ਉਹ ਲੋਕ ਕਿੰਨੀ ਦੂਰੋਂ ਗੱਡੀ ਚਲਾ ਕੇ ਆਉਂਦੇ ਹਨ, ਅਲਬਾਮਾ ਤੋਂ—ਤੋਂ ਲੈ ਕੇ ਸਾਰੇ ਰਸਤੇ ਵਿੱਚ, ਇੱਕ ਐਤਵਾਰ ਲਈ, ਇੱਥੇ ਪਹੁੰਚਣ ਲਈ, ਅਲਾਬਾਮਾ ਤੋਂ ਲੇ ਕੇ ਇੱਥੋਂ ਤਕ!

13 ਭਾਈ ਵੇਲਚ ਇਵਾਨਸ, ਮੈਂ ਪਿਛਲੇ ਐਤਵਾਰ ਨੂੰ ਉਸ ਨੂੰ ਯਾਦ ਕੀਤਾ। ਕਿਸੇ ਨੇ ਕਿਹਾ ਕਿ ਉਹ ਅੱਜ ਇੱਥੇ ਹੈ। ਉਹ ਲੋਕ ਟਿਫਟਨ, ਜਾਰਜੀਆ ਤੋਂ, ਇੱਥੇ ਆਉਣ ਲਈ ਗੱਡੀ ਕਰਦੇ ਹਨ। ਅਤੇ ਭਾਈ ਇੱਥੇ ਬੈਠਾ ਹੈ, ਉਸਦੇ ਸਾਥੀ। ਇਨੇ ਸਾਰੇ! ਮੈਕਨ, ਜਾਰਜੀਆ ਤੋਂ ਭਾਈ ਪਾਮਰ। ਅਤੇ ਮੈਂ ਦੇਖ ਰਿਹਾ ਹਾਂ, ਮੇਰਾ ਵਿਸ਼ਵਾਸ ਹੈ, ਭੈਣ ਉਂਗਰੇਨ ਅਤੇ ਉਹ ਉੱਥੇ ਪਿੱਛੇ ਹਨ। ਉਹ ਸਾਰੇ ਮੈਮਫ਼ਿਸ, ਟੈਨੇਸੀ ਤੋਂ ਹਨ। ਹੁਣ, ਤੁਸੀਂ ਸੋਚੋ…ਅਤੇ ਹੋਰ ਥਾਵਾਂ ਤੋਂ। ਹੁਣੇ ਹੁਣੇ ਇੱਥੇ ਇੱਕ ਔਰਤ ਨੂੰ ਮਿਲਿਆ, ਦੱਖਣੀ ਕੈਰੋਲੀਨਾ ਤੋਂ।

14 ਹੁਣ, ਤੁਸੀਂ ਸੋਚਦੇ ਹੋ ਕਿ ਉਹ ਲੋਕ ਇੱਥੇ…ਮੈਂ ਸ਼ਿਕਾਗੋ ਤੋਂ, ਅਤੇ ਬਸ ਵੱਖ-ਵੱਖ ਥਾਵਾਂ ਤੋਂ, ਦੇਖ ਰਿਹਾ ਸੀ, ਸਿਰਫ਼ ਸਭਾ ਵਿੱਚ ਹਾਜ਼ਰ ਹੋਣ ਲਈ, ਸੈਂਕੜੇ ਅਤੇ ਸੈਂਕੜੇ ਮੀਲ ਦੀ ਗੱਡੀ ਚਲਾਉਣਾ। ਫਿਰ, ਜਦੋਂ ਉਹ ਇੱਥੇ ਪਹੁੰਚਦੇ ਹਨ, ਤਾਂ ਬੈਠਣ ਲਈ ਕੋਈ ਜਗ੍ਹਾ ਨਹੀਂ ਹੈ। ਕੋਈ ਏਅਰ-ਕੰਡੀਸ਼ਨਡ ਕਮਰਾ ਨਹੀਂ ਹੈ; ਇੱਕ ਪੁਰਾਣੀ ਗਰਮ ਇਮਾਰਤ, ਖੜ੍ਹਨ ਲਈ, ਪਸੀਨਾ ਪੂੰਝਣ ਲਈ। ਆਪਣੇ ਬੱਚਿਆਂ ਦੇ ਮੇਜ਼ ਤੋਂ, ਪੈਸੇ ਲੈ ਕੇ, ਉਸ ਸੰਦੇਸ਼ ਨੂੰ ਸੁਣਨ ਲਈ ਇੱਥੇ ਆਉਂਦੇ ਹਨ। ਮੈਨੂੰ ਦੱਸਣ ਦਾ ਮਤਲਬ ਹੈ ਇੱਥੇ ਨਹੀਂ ਹੈ…ਇਸ ਨਦੀ ਤੋਂ ਪਾਰ, ਕਿਤੇ, ਉੱਥੇ ਇੱਕ ਜਗ੍ਹਾ ਹੈ ਜਿੱਥੇ ਉਹ ਜਾ ਰਹੇ ਹਨ, ਇਹਨਾਂ ਦਿਨਾਂ ਵਿੱਚੋਂ ਕਿਸੇ ਇੱਕ ਵਿੱਚ? ਯਕੀਨਨ, ਉੱਥੇ ਹੈ। ਇਹ ਵਫ਼ਾਦਾਰੀ ਹੈ! ਉਹ ਲੋਕ ਦਸਵੰਧ ਦੇਣ ਵਾਲੇ ਹਨ। ਕੇਵਲ ਉਹ ਆਪ ਹੀ ਨਹੀਂ ਆਉਂਦੇ, ਉਹ ਆਪਣਾ ਦਸਵੰਧ ਅਤੇ ਭੇਟਾ ਵੀ ਲਿਆਉਂਦੇ ਹਨ, ਅਤੇ ਇਸ ਨੂੰ ਪ੍ਰਭੂ ਦੇ ਘਰ ਵਿੱਚ ਲਿਆਉਂਦੇ ਹਨ, ਉਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜੋ ਸਹੀ ਹੈ। ਪਰਮੇਸ਼ੁਰ ਅਜਿਹੇ ਵਫ਼ਾਦਾਰ ਲੋਕਾਂ ਨੂੰ ਭਰਪੂਰ ਅਸੀਸ ਦੇਵੇ! ਪਰਮੇਸ਼ੁਰ ਦੀ ਦਯਾ ਅਤੇ ਕਿਰਪਾ ਉਹਨਾਂ ਦੇ ਨਾਲ ਹੋਵੇ।

15 ਮੈਂ ਆਪਣੇ ਦੋਸਤ, ਚਾਰਲੀ ਕੌਕਸ ਨੂੰ ਦੇਖ ਰਿਹਾ ਹਾਂ, ਜੋ ਦੱਖਣੀ ਕੈਂਟਕੀ ਤੋਂ ਹਨ। ਅਤੇ ਹਰ ਥਾਂ, ਤੁਸੀਂ ਆਲੇ ਦੁਆਲੇ ਦੇਖੋ, ਤੁਸੀਂ ਵੱਖ-ਵੱਖ ਥਾਵਾਂ ਤੋਂ ਲੋਕਾਂ ਨੂੰ ਵੇਖੋਗੇ।

16 ਇਹ ਨੌਜਵਾਨ ਉਥੇ ਬੈਠਾ ਹੈ, ਮੈਂ ਉਸਦਾ ਨਾਮ ਨਹੀਂ ਲੈ ਸਕਦਾ। ਮੈਂ ਉਸਨੂੰ ਸ਼ਿਕਾਗੋ ਵਿੱਚ ਮਿਲਿਆ ਸੀ। ਪਰ ਤੁਸੀਂ ਇੱਥੋਂ ਦੂਰ ਕਿਸੇ ਬਾਈਬਲ ਸਕੂਲ ਤੋਂ ਹੋ, ਕਿਤੇ, ਕੀ ਤੁਸੀਂ ਨਹੀਂ ਹੋ? [ਭਾਈ ਕਹਿੰਦਾ ਹੈ, "ਸਪਰਿੰਗਫੀਲਡ, ਮਿਸੂਰੀ।"—ਸੰਪਾ.] ਸਪਰਿੰਗਫੀਲਡ, ਮਿਸੂਰੀ; ਅਸੈਂਬਲੀ ਆਫ਼ ਗੌਡ ਬਾਈਬਲ ਸਕੂਲ। ਹਾਂ। ਅੱਛਾ, ਠੀਕ ਹੈ। ਤੁਸੀਂ ਵੇਖਿਆ, ਉਹ ਬਸ ਹਰ ਜਗ੍ਹਾ ਤੋਂ ਆਉਂਦੇ ਹਨ, ਇਸ ਛੋਟੇ ਜਿਹੇ ਪੁਰਾਣੇ ਗਿਰਜੇ ਵਿੱਚ।

17 ਜ਼ਰਾ ਸੋਚੋ, ਲਗਭਗ, ਲਗਭਗ ਤੀਹ ਸਾਲ ਪਹਿਲਾਂ ਜਦੋਂ ਮੈਂ ਉਸ ਸਵੇਰ ਨੀਂਹ ਪੱਥਰ ਰੱਖਿਆ ਸੀ, ਮੈਂ ਉੱਥੇ ਸੱਤਵੀਂ ਗਲੀ ਵਿੱਚ ਖੜ੍ਹਾ ਸੀ, ਇਕ ਬਲਾਕ ਦੂਰ। ਮੈਂ ਅਜੇ ਵਿਆਹਿਆ ਵੀ ਨਹੀਂ ਸੀ, ਬਸ ਇੱਕ ਨੌਜਵਾਨ ਸੀ। ਅਤੇ ਮੈਂ ਇੱਥੇ ਹਰ ਥਾਂ ਤੋਂ ਜਮਾਂ ਅਤੇ ਭਰੇ ਹੋਏ ਲੋਕਾਂ ਦਾ ਦਰਸ਼ਨ ਦੇਖਿਆ। ਅਤੇ ਮੈਂ ਬਹੁਤ ਖੁਸ਼ ਸੀ, ਪੁਲਪਿਟ ਦੇ ਪਿੱਛੇ ਖੜ੍ਹਾ ਸੀ। ਅਤੇ ਉਦੋਂ ਹੀ ਉਸਨੇ ਮੈਨੂੰ ਕਿਹਾ, "ਪਰ ਇਹ ਤੇਰਾ ਡੇਰਾ ਨਹੀਂ ਹੈ।" ਅਤੇ ਉਸਨੇ ਮੈਨੂੰ ਅਕਾਸ਼ ਦੇ ਹੇਠਾਂ ਬਿਠਾਇਆ। ਅਤੇ ਤੁਸੀਂ ਬਾਕੀ ਦੀ ਕਹਾਣੀ ਜਾਣਦੇ ਹੋ ਜੋ ਉੱਥੇ ਸਿਰੇ ਦੇ ਪੱਥਰ ਵਿੱਚ ਪਈ ਬਾਈਬਲ ਦੇ ਪੰਨੇ ਉੱਤੇ ਲਿਖੀ ਹੋਈ ਹੈ।

18 ਮੈਂ ਤੁਹਾਡੇ ਲੋਕਾਂ ਲਈ ਬਹੁਤ ਸ਼ੁਕਰਗੁਜ਼ਾਰ ਹਾਂ। ਮੈਂ ਨਹੀਂ ਕਰ ਸਕਦਾ... ਉਹ, ਇਹ ਬਹੁਤ ਘੱਟ ਹੈ, ਬਸ ਕਹਿਣ ਲਈ—ਲਈ, "ਖੈਰ, ਮੈਂ ਤੁਹਾਡੇ ਲਈ ਸ਼ੁਕਰਗੁਜ਼ਾਰ ਹਾਂ।" ਪਰ ਮੈਂ ਤੁਹਾਡੇ ਲਈ ਪ੍ਰਾਰਥਨਾ ਕਰਦਾ ਹਾਂ। ਮੈਨੂੰ ਤੁਹਾਡੇ ਤੇ ਵਿਸ਼ਵਾਸ ਹੈ। ਮੈਂ ਤੁਹਾਡੇ ਪਰਮੇਸ਼ੁਰ ਦੇ ਅਨੁਭਵਾਂ ਵਿੱਚ ਵਿਸ਼ਵਾਸ ਕਰਦਾ ਹਾਂ। ਮੈਨੂੰ ਵਿਸ਼ਵਾਸ ਨਹੀਂ ਹੈ ਕਿ ਕੋਈ ਆਦਮੀ ਜਾਂ ਔਰਤ ਇੱਥੇ ਆਉਣ ਲਈ ਸੈਂਕੜੇ ਅਤੇ ਸੈਂਕੜੇ ਮੀਲ ਦਾ ਸਫ਼ਰ ਤੈਅ ਕਰੇਗਾ, ਇਹ ਦਿਖਾਉਣ ਲਈ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਦੇ ਕੱਪੜੇ ਪਾਏ ਹੋਏ ਹਨ। ਮੈਨੂੰ—ਮੈਨੂੰ ਨਹੀਂ ਲੱਗਦਾ ਕਿ ਉਹ ਅਜਿਹਾ ਕਰਨਗੇ। ਨਹੀਂ। ਉਹ ਇੱਥੇ ਸਿਰਫ਼ ਦੇਖੇ ਜਾਣ ਲਈ ਨਹੀਂ ਆਉਣਗੇ। ਉਹ ਇੱਥੇ ਆ ਰਹੇ ਹਨ ਕਿਉਂਕਿ ਉਹ ਆਪਣੀਆਂ ਰੂਹਾਂ ਦੀ ਮੁਕਤੀ ਲਈ ਡੂੰਘੇ ਅਤੇ ਇਮਾਨਦਾਰੀ ਨਾਲ ਹਨ। ਮੇਰੀ ਪ੍ਰਾਰਥਨਾ ਹੈ: "ਪਰਮੇਸ਼ੁਰ ਮੇਰੀ ਮਦਦ ਕਰ, ਮੈਨੂੰ ਉਸ ਦਾ ਘੱਟੋ ਘੱਟ ਅੱਧਾ ਈਮਾਨਦਾਰ ਹੋਣ ਵਿੱਚ ਮਦਦ ਕਰ, ਉਹਨਾਂ ਦੀ ਉਸ ਸਭ ਨਾਲ ਸੇਵਾ ਕਰਨ ਦੀ ਕੋਸ਼ਿਸ਼ ਕਰਨ ਲਈ ਜੋ ਮੇਰੇ ਦਿਲ ਵਿੱਚ ਹੈ, ਅਤੇ ਪਰਮੇਸ਼ੁਰ ਵੱਲ ਵੇਖ ਰਿਹਾ ਹਾਂ।"

19 ਸੰਦੇਸ਼, ਤੁਸੀਂ ਵੇਖੋ, ਅੱਜ ਸਵੇਰੇ, ਇਹ ਇੱਥੇ ਬਲੈਕਬੋਰਡ ਉੱਤੇ ਵਖਿਆ ਹੋਇਆ ਹੈ। ਇਹ ਸਿਰਫ਼ ਬਣਾਉਣ ਲਈ ਹੈ, ਸਮਝਾਉਣ ਲਈ ਜਿਵੇਂ ਜਿਵੇਂ ਮੈਂ ਅੱਗੇ ਜਾਂਦਾ ਹਾਂ, ਇਹ ਬਣਾਉਣ ਦੀ ਕੋਸ਼ਿਸ਼ ਕਰਨ ਲਈ ਕਿ ਤੁਸੀਂ ਸਮਝ ਸਕੋ ਕਿ ਮੈਂ ਕਿਸ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

20 ਅਤੇ *ਦਾਨੀਏਲ ਦੇ ਸੱਤਰ ਹਫ਼ਤੇ* ਇੱਕ ਬਹੁਤ ਵਧੀਆ ਅਧਿਐਨ ਰਿਹਾ ਹੈ, ਦੋ ਦਿਨ ਅਤੇ ਦੋ ਰਾਤਾਂ, ਲਗਭਗ, ਮੈਂ, ਇੱਥੇ ਹਫ਼ਤੇ ਦੇ ਅੰਤ ਵਿੱਚ, ਮੈਂ ਇਸ ਤੇ ਰਿਹਾ ਹਾਂ, ਇਹ ਜਾਣਨ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਸੱਚ ਲਈ ਕਿਹੜੇ ਸ਼ਬਦ ਕਹੇ ਜਾਣ। ਇਹ ਬਾਕੀ ਬਾਈਬਲ ਨਾਲ ਮੇਲ ਖਾਣਾ ਚਾਹੀਦਾ ਹੈ। ਸਮਝੇ? ਤੁਸੀਂ ਬਸ ਇਸਨੂੰ ਨਹੀਂ ਲੈ ਸਕਦੇ, ਸਿਰਫ ਇੱਕ ਛੋਟੀ ਜਿਹੀ ਲਿਖਤ ਅਤੇ ਇੱਕ—ਇੱਕ ਸਮਝ ਬਣਾਉਣ ਦੀ ਕੋਸ਼ਿਸ, ਅਤੇ ਫਿਰ ਕਹੋ, "ਅੱਛਾ, ਇਹ ਉਹੀ ਹੈ ਜੋ ਇਹ ਕਹਿੰਦਾ ਹੈ," ਅਤੇ ਫਿਰ ਮੁੜੋ ਅਤੇ ਕਹੋ, "ਅੱਛਾ, ਪਰ ਇੱਥੇ ਇਹ—ਇਹ ਕੁਝ ਹੋਰ ਕਹਿੰਦਾ ਹੈ, *ਇਸ* ਦਾ ਖੰਡਨ ਕਰਦਾ ਹੈ।" ਇਹ ਅਜਿਹਾ ਨਹੀਂ ਕਰ ਸਕਦਾ। ਇਸ ਨੂੰ ਹਰ ਵੇਲੇ ਇੱਕੋ ਗੱਲ ਕਹਿਣੀ ਚਾਹੀਦੀ ਹੈ। ਜੇ ਤੁਸੀਂ ਨਹੀਂ ਕਰਦੇ, ਕਿਉਂ, ਉਹ, ਫਿਰ ਤੁਸੀਂ ਹੋ—ਤੁਸੀਂ ਗਲਤ ਹੋ। ਅਤੇ ਇਹ ਉਹ ਤਰੀਕਾ ਹੈ ਜਿਸ ਨਾਲ ਮੈਂ ਇਸਨੂੰ ਸਿਖਾਉਣ ਦੀ ਕੋਸ਼ਿਸ਼ ਕੀਤੀ ਹੈ।

21 ਜਿਸ ਤਰੀਕੇ ਨਾਲ, ਟੇਪਾਂ ਤੇ, ਇਹ ਟੇਪਾਂ ਤੇ ਹੋਣ ਕਰਕੇ, ਮੇਰੀ ਸਭ ਤੋਂ ਜਿਆਦਾ ਨਿੰਦਾ ਟੇਪਾਂ ਉੱਤੇ ਹੈ, ਮੇਰੇ ਭਰਾਵਾਂ ਦੀਆਂ ਜੋ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿੱਚ ਹਨ, ਪਰਮੇਸ਼ੁਰ ਦੀ ਕਿਰਪਾ ਵਿੱਚ ਵਿਸ਼ਵਾਸ ਹੈ, ਕਿ ਮੈਂ ਉਸ ਤਰੀਕੇ ਨੂੰ ਸਿਖਾਉਂਦਾ ਹਾਂ ਜੋ ਮੈਂ ਕਰਦਾ ਹਾਂ, ਕਿ, "ਅਸੀਂ ਜਗਤ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਠਹਿਰਾਏ ਹੋਏ ਸੀ।"

22 ਮੇਰੇ ਪੈਂਟੇਕੋਸਟਲ ਭਰਾਵੋ, ਬੇਸ਼ੱਕ, ਮੈਂ ਜਾਣਦਾ ਹਾਂ ਕਿ ਤੁਹਾਡੇ ਵਿਚਾਰ ਸਿਧਾਂਤਵਾਦੀ ਹਨ, ਦੇਖੋ, ਅਤੇ ਮੈਨੂੰ—ਮੈਨੂੰ ਪਤਾ ਹੈ ਕਿ ਇਹ ਤੁਹਾਡੇ ਵਿਚਾਰਾਂ ਲਈ ਥੋੜ੍ਹਾ ਉਲਟ ਹੈ। ਪਰ ਕੀ ਤੁਸੀਂ, ਇੱਕ ਮਸੀਹੀ ਭਾਈ ਹੋਣ ਕਰਕੇ, ਕੀ ਤੁਸੀਂ ਇਸ ਤੇ ਥੋੜੀ ਗੌਰ ਕਰੋਗੇ ਕਿ ਪਰਮੇਸ਼ੁਰ ਦੇ ਅੱਗੇ ਗੋਡੇ ਟੇਕ ਸਕੋ, ਆਪਣੀ ਬਾਈਬਲ ਦੇ ਨਾਲ, ਅਤੇ ਪਰਮੇਸ਼ੁਰ ਨੂੰ ਕਹੋਗੇ ਕਿ ਉਹ ਤੁਹਾਡੇ ਲਈ ਇਸਦੀ ਵਿਆਖਿਆ ਕਰੇ? ਕੀ ਤੁਸੀਂ ਅਜਿਹਾ ਕਰੋਗੇ? ਕੀ ਤੁਸੀਂ ਸਿਧਾਂਤਵਾਦੀ ਨੁਕਤੇ ਨੂੰ ਲੈ ਕੇ ਇਸਨੂੰ ਉਤਪਤ ਤੋਂ ਪਰਕਾਸ਼ ਦੀ ਪੋਥੀ ਤੱਕ ਜੋੜਨ ਦੀ ਕੋਸ਼ਿਸ਼ ਕਰੋਗੇ?

23 ਅਤੇ, "ਸੱਪ ਦਾ ਬੀਜ," ਉਹ ਕਾਤਲ ਹੈ; ਬਹੁਤ ਸਾਰੇ ਲੋਕ ਇਸ ਤੇ ਵਿਸ਼ਵਾਸ ਨਹੀਂ ਕਰਦੇ। ਪਰ, ਜੇ ਤੁਸੀਂ ਉਤਪਤ ਵਿਚ ਪੜ੍ਹੋਗੇ, ਤਾਂ ਬਾਈਬਲ ਨੇ ਕਿਹਾ ਕਿ ਸੱਪ ਕੋਲ ਇੱਕ ਬੀਜ ਸੀ। "ਅਤੇ ਮੈਂ ਸੱਪ ਦੇ ਬੀਜ ਅਤੇ ਔਰਤ ਦੇ ਬੀਜ ਵਿੱਚ ਵੈਰ ਪਾਵਾਂਗਾ।" ਇਸ ਲਈ, ਸੱਪ ਕੋਲ ਇੱਕ ਬੀਜ ਸੀ। ਅਤੇ ਜੇਕਰ ਸੱਪ ਦਾ ਬੀਜ ਆਤਮਿਕ ਸੀ, ਤਾਂ ਯਿਸੂ ਇੱਕ ਆਦਮੀ ਨਹੀਂ ਸੀ, ਇਸ ਲਈ ਔਰਤ ਦਾ ਬੀਜ ਆਤਮਿਕ ਸੀ। ਉਨ੍ਹਾਂ ਦੋਵਾਂ ਕੋਲ ਬੀਜ ਸਨ,

ਅਤੇ ਵੈਰ ਅਜੇ ਵੀ ਹੈ। ਸੱਪ ਕੋਲ ਇੱਕ ਬੀਜ ਸੀ। ਅਤੇ ਜੇਕਰ ਤੁਸੀਂ ਸਿਰਫ਼ ਆਪਣੀ ਬਾਈਬਲ ਨੂੰ ਲਵੋ, ਅਤੇ ਨਿਮਰ ਹੋਵੋ ਅਤੇ ਪਰਮੇਸ਼ੁਰ ਦੇ ਅੱਗੇ ਸੱਚੇ ਸਤਿਕਾਰ ਸਹਿਤ ਹੋਵੋ, ਮੈਨੂੰ ਵਿਸ਼ਵਾਸ ਹੈ ਕਿ ਪਰਮੇਸ਼ੁਰ ਤੁਹਾਡੇ ਲਈ ਇਸ ਨੂੰ ਪ੍ਰਗਟ ਕਰੇਗਾ।

24 ਅਤੇ ਜੇ ਤੁਸੀਂ ਇਸ ਨੂੰ ਨਹੀਂ ਸਮਝਦੇ, ਤਾਂ ਮੈਂ—ਮੈਂ ਉਪਲਬਧ ਹਾਂ, ਕਿਸੇ ਵੀ ਸਮੇਂ, ਤੁਹਾਡੀ ਮਦਦ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨ ਲਈ, ਪੱਤਰ ਦੁਆਰਾ ਜਾਂ ਦੁਆਰਾ—ਜਾਂ ਨਿੱਜੀ ਇੰਟਰਵਿਊ ਦੁਆਰਾ, ਜਾਂ ਕੁਝ ਵੀ ਜਿਸ ਨਾਲ ਮੈਂ ਤੁਹਾਡੀ ਮਦਦ ਕਰ ਸਕਦਾ ਹਾਂ। ਬੇਸ਼ੱਕ, ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਨਾ ਤਾਂ ਇੱਕ ਆਦਮੀ ਨੂੰ ਬਚਾਉਂਦਾ ਹੈ, ਨਾ ਹੀ ਇਹ ਇੱਕ ਆਦਮੀ ਨੂੰ ਸਜਾ ਹੇਠ ਲਿਆਉਂਦਾ ਹੈ, ਪਰ ਇਹ ਸਿਰਫ ਉਸ ਵਿਸ਼ੇ ਤੇ ਰੌਸ਼ਨੀ ਲਿਆਉਂਦਾ ਹੈ ਜੋ ਅਸੀਂ ਸਾਰੇ ਲੋਕਾਂ ਨੂੰ ਸਮਝਾਉਣ ਲਈ ਬਹੁਤ ਕੋਸ਼ਿਸ਼ ਕਰ ਰਹੇ ਹਨ। ਸਮਝੇ? ਇਹ ਸਿਰਫ ਰੋਸ਼ਨੀ ਲਿਆਉਂਦਾ ਹੈ।

25 ਹੁਣ, ਜੋ ਸਰੋਤੇ ਜੋ ਦਿਖਾਈ ਦੇ ਰਹੇ ਹਨ, ਮੈਂ ਇਹ ਇਸ ਲਈ ਕਿਹਾ ਕਿਉਂਕਿ ਟੇਪਾਂ, ਤੁਸੀਂ ਦੇਖਦੇ ਹੋ, ਅਤੇ ਇਹ ਟੇਪਾਂ ਹਰ ਥਾਂ, ਹਰ ਥਾਂ ਜਾਂਦੀਆਂ ਹਨ।

26 ਹੁਣ ਆਓ ਇੱਕ ਪਲ ਲਈ ਆਪਣੇ ਸਿਰ ਝੁਕਾਈਏ, ਇਸ ਤੋਂ ਪਹਿਲਾਂ ਕਿ ਅਸੀਂ ਇਸ ਵਚਨ ਦੇ ਲੇਖਕ ਦੇ ਕੋਲ ਜਾਈਏ। ਅਤੇ ਅੱਜ ਸਵੇਰੇ ਸਰੋਤਿਆਂ ਵਿੱਚ ਕਿੰਨੇ ਲੋਕ ਲੋੜਵੰਦ ਹਨ, ਬੱਸ ਇਹ ਕਹਿੰਦੇ ਹੋਏ, "ਮੈਂ ਲੋੜਵੰਦ ਹਾਂ। ਹੇ ਪਰਮੇਸ਼ੁਰ, ਮੇਰੇ ਉੱਤੇ ਰਹਿਮ ਕਰ"? ਪ੍ਰਭੂ ਬਰਕਤ ਦਵੇ। ਅਤੇ ਉਹਨਾਂ ਲਈ ਜੋ ਟੇਪ ਨੂੰ ਸੁਣਨਗੇ, ਜਦੋਂ ਤੁਸੀਂ ਇਸਨੂੰ ਸੁਣਦੇ ਹੋ, ਪਰਮੇਸ਼ੁਰ ਤੁਹਾਡੀ ਬੇਨਤੀ ਨੂੰ ਪੂਰਾ ਕਰੇ।

27 ਸਾਡੇ ਸਵਰਗੀ ਪਿਤਾ, ਅਸੀਂ ਸ਼ੁਕਰਗੁਜ਼ਾਰ ਲੋਕ ਹਾਂ, ਫਿਰ ਵੀ ਅਯੋਗ ਲੋਕ ਹਾਂ। ਪਰ ਅਸੀਂ ਅੱਜ ਸਵੇਰੇ ਤੇਰੇ ਦਯਾ ਦੇ ਸਿੰਘਾਸਣ ਦੇ ਨੇੜੇ ਆ ਰਹੇ ਹਾਂ, ਕਿਉਂਕਿ ਸਾਨੂੰ ਆਉਣ ਲਈ ਕਿਹਾ ਗਿਆ ਹੈ। ਯਿਸੂ ਨੇ ਕਿਹਾ, "ਤੁਸੀਂ ਮੇਰੇ ਨਾਮ ਵਿੱਚ ਪਿਤਾ ਤੋਂ ਕੁਝ ਵੀ ਮੰਗੋ, ਮੈਂ ਇਸ ਨੂੰ ਪੂਰਾ ਕਰਾਂਗਾ।" ਹੁਣ, ਅਸੀਂ ਜਾਣਦੇ ਹਾਂ ਕਿ ਇਹ ਸੱਚ ਹੈ।

28 ਅਤੇ ਇੱਥੇ ਸਰੋਤਿਆਂ ਵਿੱਚ, ਅਤੇ ਬਾਹਰ ਉਸ ਧਰਤੀ ਉੱਤੇ ਜਿੱਥੇ ਟੇਪਾਂ ਜਾਣਗੀਆਂ, ਸ਼ਾਇਦ ਹਜ਼ਾਰਾਂ ਦੇ ਹਜ਼ਾਰਾਂ ਗੁਣਾਂ ਦੁਬਾਰਾ ਜੰਮੇ ਹੋਏ ਲੋਕ ਇਸ ਨੂੰ ਸੁਣਨਗੇ। ਅਤੇ ਅਸੀਂ ਜਾਣਦੇ ਹਾਂ, ਪਿਤਾ ਜੀ, ਜਦੋਂ ਅਸੀਂ ਦੁਬਾਰਾ ਜਨਮ ਲੈਂਦੇ ਹਾਂ, ਤਾਂ ਸਾਡੀ ਆਤਮਾ ਉੱਪਰੋਂ ਪੈਦਾ ਹੁੰਦੀ ਹੈ। ਇਹ ਪਰਮੇਸ਼ੁਰ ਦਾ ਆਤਮ ਹੈ, ਪਵਿੱਤਰ ਆਤਮਾ ਹੈ, ਜੋ ਸਾਡੇ ਉੱਤੇ ਹੈ। ਅਤੇ ਅਸੀਂ ਮਹਿਸੂਸ ਕਰਦੇ

ਹਾਂ ਕਿ ਪਵਿੱਤਰ ਆਤਮਾ ਸਰਬ-ਸ਼ਕਤੀਮਾਨ ਹੈ ਅਤੇ ਸਾਡੇ ਲਈ ਕੁਝ ਵੀ ਕਰ ਸਕਦੀ ਹੈ ਜੋ ਅਸੀਂ ਕਰਨਾ ਚਾਹੁੰਦੇ ਹਾਂ। ਫਿਰ, ਸਵਰਗੀ ਪਿਤਾ, ਅਸੀਂ ਤੁਹਾਨੂੰ ਉਸ ਆਤਮਾ ਲਈ ਸਾਡੀ ਨਿਹਚਾ ਬਹਾਲ ਕਰਨ ਲਈ ਆਖਦੇ ਹਾਂ, ਤਾਂ ਜੋ ਇਹ ਅੱਜ ਸਵੇਰੇ ਸਾਡੇ ਲਈ, ਅਤੇ ਪਰਮੇਸ਼ੁਰ ਦੇ ਰਾਜ ਦੀ ਮਹਿਮਾ ਲਈ ਪ੍ਰਾਪਤ ਕਰ ਸਕੇ, ਇਹ ਸਾਰੀਆਂ ਬੇਨਤੀਆਂ ਅਤੇ ਇੱਛਾਵਾਂ, ਤਾਂ ਜੋ ਅਸੀਂ ਆਪਣੀਆਂ ਬਿਮਾਰੀਆਂ ਅਤੇ ਸਾਡੇ ਦੁੱਖਾਂ ਤੋਂ ਚੰਗੇ ਹੋ ਸਕੀਏ, ਤਾਂ ਜੋ ਅਸੀਂ ਆਪਣੇ ਪਰਮੇਸ਼ੁਰ ਦੀ ਸੇਵਾ ਉਸ ਸਭ ਕੁਝ ਨਾਲ ਕਰ ਸਕੀਏ ਜੋ ਸਾਡੇ ਵਿੱਚ ਹੈ।

29 ਅੱਜ ਸਾਡੇ ਸਮਝ ਦੇ ਕੰਨ ਖੋਲ੍ਹੋ, ਅਤੇ ਜੱਦ ਮੈਂ ਇਸ ਮਹਾਨ ਸਵਾਲ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਅਤੇ ਇਸ ਨੂੰ ਲੋਕਾਂ ਦੇ ਮਨਾਂ ਵਿੱਚ ਰੱਖਣ ਜਾ ਰਿਹਾ ਹਾਂ। ਹੁਣ, ਮੈਂ ਇਸਨੂੰ ਇੱਥੇ ਲਿਖਿਆ ਹੈ, ਪ੍ਰਭੂ, ਕਾਗਜ਼ ਤੇ, ਅਤੇ ਇਸ ਬਲੈਕਬੋਰਡ ਤੇ ਵੀ ਵਾਹਿਆ ਹੈ, ਇਹ ਚਾਰਟ, ਪਰ ਇਸ ਦੀ ਵਿਆਖਿਆ ਕਰਨ ਲਈ ਪੂਰੀ ਤਰ੍ਹਾਂ ਨਾਕਾਫੀ ਹੈ। ਹੁਣ ਅਸੀਂ ਤੁਹਾਨੂੰ ਬੁਲਾਉਂਦੇ ਹਾਂ, ਮਹਾਨ ਗੁਰੂ ਜਿਸਨੇ ਵਚਨ ਲਿਖਿਆ, ਜਿਸਨੇ ਇਸਨੂੰ ਪ੍ਰੇਰਿਤ ਕੀਤਾ, ਜਿਸਨੇ ਇਸਨੂੰ ਦਾਨੀਏਲ ਨਬੀ ਨੂੰ ਦਿੱਤਾ। ਅਤੇ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਅੱਜ ਸਵੇਰੇ ਪ੍ਰੇਰਨਾ ਭੇਜੋਗੇ, ਇਹਨਾਂ ਅੰਤਮ ਦਿਨਾਂ ਵਿੱਚ, ਜਿਵੇਂ ਉਸਨੇ ਕਿਹਾ ਸੀ ਕਿ ਕਿਤਾਬ ਇਸ ਸਮੇਂ ਤੱਕ ਬੰਦ ਰਹੇਗੀ, ਕਿ ਤੁਸੀਂ ਸਾਡੀ ਸਮਝ ਨੂੰ ਖੋਲ੍ਹੋਗੇ। ਅਤੇ ਸਾਡੇ ਦਿਲ ਵਿੱਚ ਇੱਕ ਨਰਮ ਬਿਸਤਰੇ ਵਾਲਾ ਵਿਸ਼ਵਾਸ ਹੋਵੇ ਜੋ ਵਚਨ ਨੂੰ ਫੜਨ ਅਤੇ ਜੀਵਨ ਦੇਣ ਦੇਵੇਗਾ, ਅਤੇ ਸਾਡੇ ਜੀਵਨ ਵਿੱਚ ਧਾਰਮਿਕਤਾ ਦੇ ਰੁੱਖਾਂ ਨੂੰ ਅੱਗੇ ਲਿਆਓ, ਜੋ ਇਸ ਦਾ ਕਰਨ ਦਾ ਇਰਾਦਾ ਸੀ। ਪਰਮੇਸ਼ੁਰ ਵਿੱਚ ਸਾਡਾ ਵਿਸ਼ਵਾਸ, ਅੱਜ ਸਵੇਰੇ ਇਹ ਸਾਡੇ ਲਈ ਇਸ ਨੂੰ ਸੁਰੱਖਿਅਤ ਕਰੇ। ਕਿਉਂਕਿ ਅਸੀਂ ਹੁਣ ਨਿਮਰਤਾ ਨਾਲ ਉਡੀਕ ਕਰਦੇ ਹਾਂ, ਅਤੇ ਆਪਣੇ ਆਪ ਨੂੰ ਯਿਸੂ ਮਸੀਹ ਦੇ ਨਾਮ ਤੇ, ਤੁਹਾਡੇ ਲਈ ਸਮਰਪਿਤ ਕਰਦੇ ਹਾਂ। ਆਮੀਨ।

30 ਹੁਣ, ਅਸੀਂ ਇਸ ਸਵੇਰ ਲਈ, ਦੁਬਾਰਾ ਸ਼ਾਨਦਾਰ ਮੌਕੇ ਲਈ ਧੰਨਵਾਦੀ ਹਾਂ ਪਰਮੇਸ਼ੁਰ ਦੇ ਅਨੰਤ ਵਚਨ ਦੇ ਇਹਨਾਂ ਪੰਨਿਆਂ ਨੂੰ ਖੋਲ੍ਹਣ ਲਈ।

31 ਹੁਣ, ਜਿਸ ਕਾਰਨ ਮੈਂ ਇਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ, ਉਹ ਇਸ ਕਰਕੇ ਹੈ ਕਿਉਂਕਿ ਅਸੀਂ ਪਰਕਾਸ਼ ਦੀ ਪੋਥੀ ਵਿੱਚੋਂ ਲੰਘ ਰਹੇ ਹਾਂ, ਅਤੇ ਅਸੀਂ ਹਾਲ ਹੀ ਵਿੱਚ ਸੱਤ ਕਲੀਸਿਯਾ ਦੇ ਯੁੱਗਾਂ ਵਿੱਚੋਂ ਆਏ ਹਾਂ। ਅਤੇ, ਫਿਰ, ਪਰਕਾਸ਼ ਦੀ ਪੋਥੀ ਦੇ ਤੀਜੇ ਅਧਿਆਏ ਦੇ ਅੰਤ ਵਿੱਚ, ਕਲੀਸਿਯਾ ਨੂੰ ਧਰਤੀ ਤੋਂ, ਮਹਿਮਾ ਵਿੱਚ ਲਿਜਾਇਆ ਜਾਂਦਾ ਹੈ। ਅਤੇ ਮੈਂ ਆਪਣੇ ਪੂਰੇ ਦਿਲ

ਨਾਲ ਕੋਸ਼ਿਸ਼ ਕਰ ਰਿਹਾ ਹਾਂ, ਲੋਕਾਂ ਤੱਕ ਇਹ ਪਹੁੰਚਾਉਣ ਲਈ, ਕਿ ਉਹ ਕੁਝ ਹੋਣ ਦੀ ਉਮੀਦ ਕਰ ਰਹੇ ਹਨ, ਕਿ ਉਹ ਪਰਕਾਸ਼ ਦੀ ਪੋਥੀ ਵਿੱਚ ਲਿਖਿਆ ਹੋਇਆ ਦੇਖਦੇ ਹਨ, ਜਦੋਂ ਇਹ ਕਲੀਸਿਯਾ ਦੇ ਯੁੱਗ ਵਿੱਚ ਲਾਗੂ ਨਹੀਂ ਕੀਤਾ ਗਿਆ ਸੀ। ਅਤੇ ਅਸੀਂ ਤੁਹਾਡੇ ਸੋਚਣ ਨਾਲੋਂ ਵੀ ਅੰਤ ਦੇ ਨੇੜੇ ਹਾਂ।

32 ਕੁਝ ਰਾਤਾਂ ਪਹਿਲਾਂ, ਬਿਲੀ, ਮੇਰੀ...ਜਾਂ, ਸਗੋਂ, ਮੇਰੀ ਨੂੰਹ ਨੇ, ਮੈਨੂੰ, ਦੇਰ ਰਾਤ ਨੂੰ ਬੁਲਾਇਆ, ਅਤੇ ਕਿਹਾ ਕਿ ਐਂਡੀ ਹਰਮਨ ਨਾਮ ਦਾ ਇੱਕ ਆਦਮੀ ਸੀ, ਜੋ ਕਿ ਮੇਰਾ ਚਚੇਰਾ ਭਰਾ ਹੈ, ਹਸਪਤਾਲ ਵਿੱਚ ਪਿਆ ਹੋਇਆ ਸੀ, ਮਰ ਰਿਹਾ ਸੀ। ਮੈਂ ਉਸਨੂੰ ਦੇਖਣ ਲਈ ਬਾਹਰ ਗਿਆ। ਉਨ੍ਹਾਂ ਨੇ ਉਸਨੂੰ ਨੀਂਦ ਦੀ ਦਵਾਈ ਦਿੱਤੀ ਸੀ, ਮੈਂ...ਇੰਨਾ ਜ਼ਿਆਦਾ, ਕਿ ਉਹ ਸੌਂ ਰਿਹਾ ਸੀ, ਅਤੇ ਮੈਂ ਉਸ ਨਾਲ ਗੱਲ ਨਹੀਂ ਕਰ ਸਕਦਾ ਸੀ। ਅਗਲੀ ਸਵੇਰ...ਮੈਂ ਪਰਮੇਸ਼ੁਰ ਨੂੰ ਕਿਹਾ ਕਿ ਉਸ ਨੂੰ ਉਦੋਂ ਤੱਕ ਜਿਊਂਦਾ ਰੱਖੇ ਜਦੋਂ ਤੱਕ ਮੈਂ ਕਰ ਸਕਾਂ। ਐਂਡੀ ਇੱਕ ਚੰਗਾ ਆਦਮੀ ਹੈ, ਪਰ ਉਹ ਇੱਕ ਮਸੀਹ ਨਹੀਂ ਸੀ। ਉਹ ਚਾਚਾ ਨਹੀਂ ਹੈ; ਉਹ ਇੱਕ ਚਚੇਰਾ ਭਰਾ ਹੈ, ਮੇਰੀ ਇੱਕ ਚਚੇਰੀ ਭੈਣ ਨਾਲ ਵਿਆਹ ਕੀਤਾ ਸੀ।

ਅਤੇ ਫਿਰ ਜਦੋਂ ਚਾਚੀ ਅਡੇ ਨੇ ਮੈਨੂੰ ਦੱਸਿਆ, ਉਥੇ ਖੜੀ, ਉਸਨੇ ਕਿਹਾ, "ਬਿਲੀ, ਉਸਦੀ ਜ਼ਿੰਦਗੀ ਦੇ ਇਹ ਸਾਰੇ ਅੱਸੀ ਸਾਲ, ਉਸ ਨੇ ਪਰਮੇਸ਼ੁਰ ਦੀ ਸੇਵਾ ਨਹੀਂ ਕੀਤੀ। ਪਰ," ਕਿਹਾ, "ਕੁਝ ਹਫ਼ਤੇ ਪਹਿਲਾਂ ਉਹ ਘਰ ਵਿੱਚ ਬੈਠਾ ਹੋਇਆ ਸੀ..." ਉਹ, ਅੱਸੀ ਸਾਲਾਂ ਦਾ, ਬੇਸ਼ੱਕ, ਉਹ ਹੱਥੀਂ ਬਹੁਤੀ ਕਿਰਤ ਨਹੀਂ ਕਰਦਾ। ਪਰ ਕਿਹਾ...

ਉਸਨੇ ਉਸਨੂੰ ਬੁਲਾਇਆ ਅਤੇ ਕਿਹਾ, "ਐਡੀ, ਕੀ ਤੈਨੂੰ ਪਤਾ ਹੈ? ਮਸੀਹ ਮੇਰੇ ਤੋਂ ਪਹਿਲਾਂ ਇੱਥੇ ਆਇਆ ਸੀ, ਬਸ ਕੁਝ ਮਿੰਟ ਪਹਿਲਾਂ।"

ਉਸਨੇ ਉਸ ਵੱਲ ਦੇਖਿਆ, ਕਿਹਾ, "ਐਂਡੀ, ਹਨ—ਹਨ...ਕੀ ਗੱਲ ਹੈ?" ਉਸ ਨੇ ਕਿਹਾ...

ਉਸ ਨੇ ਕਿਹਾ, "ਨਹੀਂ। ਉਹ ਇੱਥੇ ਬਿਲਕੁਲ ਮੇਰੇ ਸਾਹਮਣੇ ਖੜ੍ਹਾ ਸੀ, ਅਤੇ ਉਸਨੇ ਕੁਝ ਕਿਹਾ।"

ਕਿਹਾ, "ਉਸ ਨੇ ਕੀ ਕਿਹਾ?"

"ਇਹ ਤੇਰੀ ਸੋਚਣ ਤੋਂ ਵੀ ਪਹਿਲਾਂ ਹੈ।"

33 ਉਸ ਤੋਂ ਕੁਝ ਹਫ਼ਤਿਆਂ ਵਿੱਚ, ਦੋ ਜਾਂ ਤਿੰਨ ਹਫ਼ਤਿਆਂ ਵਿੱਚ, ਉਸਨੂੰ ਦੌਰਾ ਪੈ ਗਿਆ ਅਤੇ ਹਸਪਤਾਲ ਵਿੱਚ ਅਧਰੰਗ ਦੀ ਹਾਲਤ ਵਿੱਚ ਪਿਆ ਹੋਇਆ, ਮਰ ਰਿਹਾ ਸੀ। ਮੈਂ ਕਿਹਾ, "ਚਾਚੀ ਐਡੀ, ਮੈਨੂੰ ਜਾਂ ਕਿਸੇ ਨੂੰ ਨਾ ਬੁਲਾਉਣ ਲਈ

ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ, ਇਸ ਘੜੀ ਵਿੱਚ ਉਸ ਦੇ ਦਿਲ ਨੂੰ ਇਸ ਹਾਲਤ ਵਿਚ ਲਿਆਉਣ ਲਈ ਜਿਸ ਵਿੱਚ ਉਹ ਹੁਣ ਪਹੁੰਚਿਆ ਹੈ।"

34 ਮੈਂ ਪ੍ਰਭੂ ਨੂੰ ਪੁੱਛਿਆ, ਅਗਲੀ ਸਵੇਰ, ਜਦੋਂ ਮੈਂ...ਉਹ ਗੱਲ ਨਹੀਂ ਕਰ ਸਕਦਾ ਸੀ, ਇਸ ਲਈ ਮੈਂ ਉਸਨੂੰ ਪੁੱਛਿਆ। ਮੈਂ ਕਿਹਾ, "ਕੀ ਤੁਸੀਂ ਮੈਨੂੰ ਸੁਣ ਸਕਦੇ ਹੋ, ਐਂਡੀ?" ਅਤੇ ਉਹ—ਉਹ ਆਪਣਾ ਸਿਰ ਥੋੜਾ ਜਿਹਾ ਹਿਲਾ ਸਕਦਾ ਸੀ ਅਤੇ ਆਪਣੇ ਜਬਾੜੇ। ਮੈਂ ਉਸਦੇ ਲਈ ਪ੍ਰਾਰਥਨਾ ਕੀਤੀ, ਉਸ ਤੋਂ ਪਰਮੇਸ਼ੁਰ ਅੱਗੇ ਉਸਡੇ ਪਾਪਾਂ ਦਾ ਇਕਰਾਰ ਕਰਾਉਣ ਲਈ। ਮੈਂ ਉਸ ਨੂੰ ਬਪਤਿਸਮਾ ਦੇਣਾ ਚਾਹੁੰਦਾ ਸੀ, ਅਤੇ ਚਾਚੀ ਐਡੀ ਬਪਤਿਸਮਾ ਲੈਣਾ ਚਾਹੁੰਦੀ ਸੀ।

35 ਅਤੇ ਮੈਂ ਹਾਲ ਵਿੱਚ ਗਿਆ, ਇੱਕ ਜਵਾਨ ਔਰਤ ਨੂੰ ਮਿਲਣ ਲਈ ਜੋ ਇੱਥੇ ਗੁਆਂਢ ਵਿੱਚ ਰਹਿੰਦੀ ਹੈ, ਜਿਸ ਨੂੰ ਉਹ ਮਾਨਸਿਕ ਹਸਪਤਾਲ ਭੇਜਣ ਜਾ ਰਹੇ ਸਨ, ਅਤੇ ਪ੍ਰਭੂ ਨੇ ਉਸ ਲਈ ਬਹੁਤ ਵਧੀਆ ਕੰਮ ਕੀਤਾ, ਘਰ ਆਈ।

ਫਿਰ, ਰਾਹ ਵਿੱਚ, ਮੈਨੂੰ ਇੱਕ ਕਾਲੀ ਭੈਣ ਮਿਲੀ, ਅਤੇ ਉਸਨੇ ਕਿਹਾ, "ਕੀ ਤੁਸੀਂ ਭਾਈ ਬ੍ਰਨਹਾਮ ਤਾਂ ਨਹੀਂ?"

ਮੈਂ ਕਿਹਾ, "ਮੈਂ ਹਾਂ।"

ਉਸ ਨੇ ਕਿਹਾ, "ਕੀ ਮੈਂ ਤੁਹਾਨੂੰ ਯਾਦ ਹਾਂ? ਮੈਂ ਸ਼੍ਰੀਮਤੀ ਡਰਾਈ ਹਾਂ।"

36 ਅਤੇ ਮੈਂ ਕਿਹਾ, "ਹਾਂ, ਮੈਨੂੰ ਯਕੀਨ ਹੈ ਕਿ ਮੈਨੂੰ ਯਾਦ ਹੈ। ਪੀਟ ਡਰਾਈ ਅਤੇ ਉਹ।" ਮੈਂ ਕਿਹਾ, "ਹਾਂ, ਮੈਨੂੰ—ਮੈਨੂੰ ਤੁਹਾਡਾ ਚੇਤਾ ਹੈ।" ਉਸਨੇ ਕਮਰੇ ਵਿੱਚ ਦੇਖਿਆ, ਅਤੇ ਜਦੋਂ ਅਸੀਂ ਕੀਤਾ...ਮੈਂ ਹੈਰਾਨ ਸੀ ਕਿ ਉਸਨੇ ਅਜਿਹਾ ਕਿਉਂ ਕਿਹਾ। ਅਤੇ, ਉੱਥੇ, ਚਾਚਾ ਐਂਡੀ ਬਿਸਤਰੇ ਤੋਂ ਉਠ ਪਿਆ ਸੀ, ਅਤੇ ਉੱਥੇ ਬੈਠਾ ਹੋਇਆ, ਆਪਣੇ ਹੱਥਾਂ ਅਤੇ ਬਾਹਾਂ ਨੂੰ ਹਿਲਾ ਰਿਹਾ ਸੀ ਜਿਵੇਂ ਹਰ ਕੋਈ ਹਿਲਾਉਂਦਾ ਹੈ, ਉਸ ਚੀਜ਼ ਨੂੰ ਹੇਠਾਂ ਲਿਆਉਣ ਦੀ ਕੋਸ਼ਿਸ ਕਰ ਰਿਹਾ ਸੀ, ਬਿਸਤਰੇ ਵਾਲੀ ਚੀਜ਼ ਨੂੰ ਹੇਠਾਂ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਜੋ ਉਹ ਉੱਥੋਂ ਨਿਕਲ ਸਕੇ ਅਤੇ ਦੂਰ ਜਾ ਸਕੇ। ਹੁਣ ਉਹ ਪ੍ਰਭੂ ਯਿਸੂ ਦੇ ਨਾਮ ਵਿੱਚ ਬਪਤਿਸਮਾ ਲੈਣ ਲਈ ਆ ਰਹੇ ਹਨ, ਉਹ ਅਤੇ ਉਸਦੀ ਪਤਨੀ।

37 ਸੋ, ਪਰ ਮੈਂ ਇਹ ਕਿਸ ਲਈ ਕਿਹਾ ਸੀ, ਇਹ ਸਾਡੇ ਸੋਚਣ ਤੋਂ ਵੀ ਪਹਿਲਾਂ ਹੈ। ਅਤੇ ਮੈਨੂੰ ਵਿਸ਼ਵਾਸ ਹੈ ਕਿ *ਦਾਨੀਏਲ ਦੇ ਇਹ ਸੱਤਰ ਹਫ਼ਤੇ* ਇਸ ਨੂੰ ਸਾਡੀ ਸਮਝ ਵਿੱਚ ਲਿਆਉਣਗੇ।

38 ਹੁਣ, ਸਾਡੇ ਜ਼ਿਆਦਾਤਰ ਪੈਂਟੇਕੋਸਟਲ ਭਰਾ, ਜੋ ਮੈਂ ਪਹਿਲਾਂ ਟੇਪ ਤੇ ਕਿਹਾ ਸੀ, ਕਿ ਉਹ ਇਸ ਨਾਲ ਅਸਹਿਮਤ ਹਨ। ਉਹ ਵਾਪਰਨ ਲਈ ਇੱਕ ਮਹਾਨ, ਸ਼ਕਤੀਸ਼ਾਲੀ ਚੀਜ਼ ਦੀ ਤਲਾਸ਼ ਕਰ ਰਹੇ ਹਨ। ਅਤੇ, ਮੇਰੇ ਭਰਾਵੋ, ਜੇ ਤੁਸੀਂ

ਸੱਚਮੁੱਚ ਧਿਆਨ ਨਾਲ ਸੁਣੋਗੇ, ਅਤੇ ਨਹੀਂ...ਅਤੇ ਸੁਣੋ, ਤੁਹਾਨੂੰ ਪਤਾ ਲੱਗੇਗਾ ਕਿ ਉਹ ਮਹਾਨ, ਅਤੇ ਕੁਝ ਸ਼ਕਤੀਸ਼ਾਲੀ ਚੀਜ ਹੋ ਵੀ ਚੁੱਕੀ ਹੈ। ਯਿਸੂ ਵਾਪਸ ਜਾਣ ਲਈ ਤਿਆਰ ਹੈ।

39 ਕਲੀਸਿਯਾ ਪਰਕਾਸ਼ ਦੀ ਪੋਥੀ ਦੇ ਤੀਜੇ ਅਧਿਆਏ ਤੇ ਚਲੀ ਜਾਂਦੀ ਹੈ। ਉਥੇ ਕਿਸੇ ਵੀ ਚੀਜ ਬਾਰੇ ਕੁਝ ਵੀ ਨਹੀਂ ਕਿਹਾ ਗਿਆ, ਪਰ ਸਿਰਫ ਆਖਰੀ ਗੱਲ ਇਹ ਸੀ ਕਿ ਜੁਗ ਦਾ ਆਖਰੀ ਦੂਤ ਸੀ। ਫਿਰ, ਅਸੀਂ 19ਵੇਂ ਅਧਿਆਏ ਵਿੱਚ, ਲਾੜੀ ਦੇ ਨਾਲ ਦੁਬਾਰਾ ਆਉਣ ਤੱਕ, ਯਹੂਦੀਆਂ ਨਾਲ ਨਜਿੱਠਦੇ ਹਾਂ। 6ਵੇਂ ਤੋਂ 19ਵੇਂ ਅਧਿਆਇ ਤੱਕ ਸਾਰੇ ਯਹੂਦੀ ਹਨ।

ਇਹ ਉਹ ਥਾਂ ਹੈ ਜਿੱਥੇ ਮੈਂ ਇਹਨਾਂ ਮੋਹਰਾਂ ਦੌਰਾਨ ਆਪਣੇ ਚੰਗੇ ਭਾਈ ਨੂੰ ਮਿਲਣਾ ਚਾਹੁੰਦਾ ਹਾਂ, ਭਾਈ ਵੁੱਡ ਨੂੰ, ਜੋ ਕਿ ਰਸਮੀ ਤੌਰ ਤੇ ਯਹੋਵਾਹ ਵਿੱਟਨੈਸ ਵਾਲਾ ਸੀ, ਉਹ ਅਤੇ ਉਸਦਾ ਸਾਰਾ ਪਰਿਵਾਰ, ਅੱਜ ਸਵੇਰੇ ਇੱਥੇ ਹਨ, ਕਿ ਉਹ "ਇੱਕ ਲੱਖ ਅਤੇ ਚੁਤਾਲੀ ਹਜ਼ਾਰ" ਨਹੀਂ ਸਨ, ਗੈਰ-ਯਹੂਦੀ ਲੋਕਾਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਉਹ ਯਹੂਦੀ ਹਨ। ਸਮਝੇ? ਅਤੇ ਅੱਜ ਧਰਤੀ ਉੱਤੇ ਮਸੀਹ ਦਾ ਰਹੱਸਮਈ ਸਰੀਰ ਨਹੀਂ ਹੈ।

ਲਾੜੀ ਉਹ ਰਹੱਸਮਈ ਸਰੀਰ ਹੈ। ਪਵਿੱਤਰ ਆਤਮਾ ਦੁਆਰਾ ਅਸੀਂ ਉਸ ਰਹੱਸਮਈ ਸਰੀਰ ਵਿੱਚ ਬਪਤਿਸਮਾ ਲਿਆ ਹੈ।

40 ਹੁਣ, ਅਸੀਂ ਜਾਣਦੇ ਹਾਂ ਕਿ ਇੱਥੇ ਦਾਨੀਏਲ ਦੀ ਕਿਤਾਬ ਵਿੱਚ, ਜਿੱਥੇ ਅਸੀਂ ਪੜ੍ਹ ਰਹੇ ਸੀ, ਅਸੀਂ ਦੁਬਾਰਾ ਪੜ੍ਹਾਂਗੇ ਕਿਉਂਕਿ ਇਹ ਉਸਦਾ ਵਚਨ ਹੈ। ਦਾਨੀਏਲ ਦੇ 9ਵੇਂ ਅਧਿਆਇ ਵਿੱਚ, 24ਵੀਂ ਆਇਤ।

*ਸੱਤਰ ਸਾਤੇ ਤੇਰੇ ਲੋਕਾਂ ਅਤੇ ਤੇਰੇ ਪਵਿੱਤ੍ਰ ਸ਼ਹਿਰ ਲਈ ਠਹਿਰਾਏ ਗਏ ਹਨ, ਭਈ ਉਸ ਸਮੇਂ ਵਿੱਚ ਉਹ ਉਸ ਅਪਰਾਧ ਨੂੰ ਮੁਕਾਏ,... ਅਤੇ ਪਾਪਾਂ ਦਾ ਅੰਤ ਕਰੇ, ਅਤੇ ਬੁਰਿਆਈ ਦਾ ਪਰਾਸਚਿਤ ਕਰੇ, ਅਤੇ ਸਦਾ ਦਾ ਧਰਮ ਲਿਆਵੇ, ਅਤੇ ਦਰਿਸ਼ਟ ਅਰ ਅਗੰਮ ਵਾਕ ਉੱਤੇ ਮੋਹਰ ਲਾਵੇ, ਅਤੇ ਅੱਤ ਪਵਿੱਤ੍ਰ ਨੂੰ ਮਸਹ ਕਰੇ।*

25ਵੀਂ ਆਇਤ, "ਅਤੇ ਇਸ ਲਈ ਜਾਣ ਲੈ ਅਤੇ ਸਮਝ ਲੈ, ਕਿ ਜਿਸ ਵੇਲੇ..." ਹੁਣ, ਇਹ ਉਹ ਹੈ ਜਿਸ ਬਾਰੇ ਅਸੀਂ ਬੋਲ ਰਹੇ ਹਾਂ, ਅਤੇ ਅਸੀਂ ਪਿਛਲੇ ਐਤਵਾਰ ਰਾਤ ਨੂੰ ਇਸ ਤੇ ਸਮਾਪਤੀ ਕੀਤੀ ਸੀ, "ਅੱਤ ਪਵਿੱਤ੍ਰ ਨੂੰ ਮਸਹ ਕਰਨਾ।" ਇਹ ਉਹ ਥਾਂ ਹੈ ਜਿੱਥੇ ਅਸੀਂ ਅੱਜ ਸਵੇਰੇ ਸ਼ੁਰੂ ਕਰਾਂਗੇ, 25ਵੀਂ ਆਇਤ ਤੋਂ। "ਅਤੇ ਇਸ ਲਈ..."

*ਸੋ ਤੂੰ ਜਾਣ ਅਤੇ ਸਮਝ ਲੈ, ਕਿ ਜਿਸ ਵੇਲੇ ਤੋਂ ਯਰੂਸ਼ਲਮ ਦੇ ਦੂਜੀ ਵਾਰ ਉਸਾਰਨ ਦੀ ਆਗਿਆ ਨਿੱਕਲੇਗੀ ਅਤੇ ਯਰੂਸ਼ਲਮ ਨੂੰ ਮੁੜ੍ਹ*

> ਉਸਾਰਨ ਲਈ (ਇਹ "ਤੇਰਾ ਪਵਿੱਤਰ ਸ਼ਹਿਰ" ਹੈ, ਵੇਖੋ) ਤਕ... *ਮਸੀਹ ਰਾਜ ਪੁੱਤ੍ਰ ਤੀਕਰ ਸੱਤ ਸਾਤੇ ਹੋਣਗੇ ਅਤੇ ਬਾਹਠ ਸਾਤੇ: ਉਹ ਗਲੀ ਦੁਬਾਰਾ ਬਣਾਈ ਜਾਵੇਗੀ, ਅਤੇ ਕੰਧਾਂ,* ਪਰ ਔਖਿਆਈ ਦੇ *ਦਿਨਾਂ* ਵਿੱਚ।

> *ਅਤੇ ਬਾਹਠਾਂ ਸਾਤਿਆਂ ਦੇ ਪਿੱਛੋਂ ਮਸੀਹ ਵੱਢਿਆ ਜਾਏਗਾ ਅਤੇ ਉਹ ਦੇ ਕੋਲ ਕੁਝ ਨਹੀਂ ਹੋਵੇਗਾ: ਜਿਹੜਾ ਪਾਤਸ਼ਾਹ ਆਵੇਗਾ ਉਹ ਦੇ ਲੋਕ ਸ਼ਹਿਰ ਅਰ ਪਵਿੱਤ੍ਰ ਥਾਂ ਨੂੰ ਉਜਾੜਨਗੇ; ਅਤੇ ਵੱਡੇ ਹੜ੍ਹ ਦੇ ਜ਼ੋਰ ਨਾਲ ਉਹ ਦਾ ਛੇਕੜ ਹੋਵੇਗਾ ਅਤੇ ਅੰਤ ਤੀਕਰ ਲੜਾਈ ਰਹੇਗੀ ਅਤੇ ਠਹਿਰਾਈਆ ਹੋਈਆਂ ਉਜਾੜਾਂ ਹੋਣਗੀਆਂ।*

"*ਅਤੇ...*" ਹੁਣ, ਯਾਦ ਰੱਖੋ, ਇਹ ਯੁੱਧ ਦਾ ਅੰਤ ਹੈ। ਸਾਡੇ ਕੋਲ ਇਹ ਇੱਥੇ ਬੋਰਡ ਉੱਤੇ ਹੈ। "ਅਤੇ," ਹੁਣ ਅਸੀਂ ਕੁਝ ਹੋਰ ਸ਼ੁਰੂ ਕਰ ਰਹੇ ਹਾਂ।

> *ਅਤੇ ਉਹ ਬਹੁਤਿਆਂ ਦੇ ਨਾਲ ਇੱਕ ਸਾਤੇ ਲਈ ਪੱਕਾ ਨੇਮ ਬੰਨ੍ਹੇਗਾ: ਅਤੇ ਸਾਤੇ ਦੇ ਵਿਚਕਾਰ ਉਹ ਬਲੀਆਂ ਅਰ ਭੇਟਾਂ ਨੂੰ ਮੁਕਾ ਦੇਵੇਗਾ, ਅਤੇ ਘਿਣਾਉਣੀਆਂ ਵਸਤਾਂ ਦੇ ਫੈਲਣ ਕਰਕੇ ਉਸ ਇਸ ਨੂੰ ਉਜਾੜੇਗਾ, ਇੱਥੋਂ ਤਕ ਕਿ ਨਾਸ਼ ਕਰ ਦੇਵੇਗਾ, (ਇਹੀ, ਸਭ ਹੈ), ਅਰ ਠਹਿਰਾਏ ਹੋਏ ਅੰਤ ਤੀਕਰ ਕ੍ਰੋਧ ਉੱਜੜੇ ਹੋਇਆਂ ਉੱਤੇ ਪਾਇਆ ਜਾਏਗਾ।*

41 ਔਹ, ਕਿਹੋ ਜਿਹਾ ਸਬਕ ਹੈ! ਮੈਂ ਇੱਕ ਦਿਨ ਆਪਣੀ ਪਤਨੀ ਨੂੰ ਕਿਹਾ, "ਮੈਂ ਹੈਰਾਨ ਹਾਂ ਕਿ ਕੀ ਲੋਕ ਸੱਚਮੁੱਚ ਇਹ ਸਮਝ ਰਹੇ ਹਨ।" ਹੁਣ, ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਸਮਝੋ। ਨਾ...ਜੇ ਤੁਸੀਂ, ਅਸੀਂ ਸਾਰਾ ਦਿਨ ਇੱਥੇ ਹੀ ਰਹਿਣਾ ਹੈ, ਬਸ ਰੁਕੋ। ਹੁਣ, ਅਸੀਂ—ਅਸੀਂ—ਅਸੀਂ ਇਸਨੂੰ ਸਮਝਣਾ ਚਾਹੁੰਦੇ ਹਾਂ। ਸਮਝੇ? ਅਸੀਂ—ਅਸੀਂ ਜਾਣਨਾ ਚਾਹੁੰਦੇ ਹਾਂ ਕਿ ਇਹ ਸੱਚ ਹੈ। ਅਤੇ, ਤੁਸੀਂ, ਜੇ ਤੁਸੀਂ ਸਿਰਫ ਇਸ ਨੂੰ ਦੇਖ ਸਕੋ! ਅਤੇ ਮੈਂ ਪੁੱਛਾਂਗਾ, ਸ਼ਾਇਦ...

42 ਅਤੇ ਫਿਰ, ਬਾਅਦ ਵਿੱਚ, ਮੈਂ ਚਾਰਟ ਨੂੰ ਇੱਥੇ ਲਟਕਣ ਲਈ ਛੱਡ ਦਿਆਂਗਾ, ਅਤੇ ਤੁਸੀਂ—ਤੁਸੀਂ ਬਾਅਦ ਵਿੱਚ ਇਸਨੂੰ, ਵਾਹ ਸਕਦੇ ਹੋ। ਅੱਜ ਦੁਪਹਿਰ ਨੂੰ ਇੱਥੇ ਆਓ, ਜਦੋਂ ਵੀ ਤੁਸੀਂ ਚਾਹੋ, ਅਤੇ ਚਾਰਟ ਬਣਾਉ ਅਤੇ ਵਗੈਰਾ ਵਗੈਰਾ। ਇਹ ਤੁਹਾਨੂੰ ਸਮਝਣ ਵਿੱਚ ਮਦਦ ਕਰੇਗਾ। ਇਹੀ ਕਾਰਨ ਹੈ ਕਿ ਮੈਂ ਇਸਨੂੰ ਉੱਥੇ ਰੱਖਿਆ ਹੈ, ਤਾਂ ਜੋ ਤੁਸੀਂ ਇਸਨੂੰ ਸਮਝ ਸਕੋ।

43 ਹੁਣ, ਆਓ ਥੋੜਾ ਜਿਹਾ ਮੁਆਇਨਾ ਕਰੀਏ ਤਾਂ ਜੋ ਅਸੀਂ ਇੱਕ ਅਧਾਰ ਪ੍ਰਾਪਤ ਕਰ ਸਕੀਏ। ਹੁਣ ਉੱਥੇ ਸੀ...ਦਾਨੀਏਲ ਨੂੰ ਆਪਣੇ ਲੋਕਾਂ ਦੀ ਚਿੰਤਾ ਸੀ, ਕਿਉਂਕਿ ਉਸਨੇ ਯਿਰਮਿਯਾਹ ਨਬੀ ਨੂੰ ਪੜ੍ਹਿਆ ਸੀ, ਅਤੇ ਸਮਝਿਆ

ਕਿ ਯਿਰਮਿਯਾਹ ਨੇ ਕਿਹਾ ਸੀ ਕਿ ਉਹ ਸੱਤਰ ਸਾਲਾਂ ਤੱਕ ਗ਼ੁਲਾਮੀ ਵਿੱਚ ਰਹਿਣਗੇ। ਅਤੇ ਫਿਰ, ਉਸਨੇ ਦੇਖਿਆ ਕਿ ਉਹ ਪਹਿਲਾਂ ਹੀ ਅਠਾਹਠ ਸਾਲਾਂ ਤੋਂ ਗ਼ੁਲਾਮੀ ਵਿੱਚ ਸਨ, ਇਸ ਲਈ ਉਸਨੂੰ ਪਤਾ ਸੀ ਕਿ ਸਮਾਂ ਨੇੜੇ ਸੀ। ਇਸ ਲਈ ਉਸਨੇ ਆਪਣੇ ਸਾਰੇ ਕੰਮ ਨੂੰ ਪਾਸੇ ਕਰ ਦਿੱਤਾ, ਹੇਠਾਂ ਸੁੱਟ ਦਿੱਤਾ, ਜਿਵੇਂ ਇਹ ਸਨ, ਆਪਣੇ ਸਾਰੇ ਰੋਜ਼ਮੱਰਾ ਦੇ ਕੰਮਾਂ ਨੂੰ। ਆਪਣਾ ਮੂੰਹ ਪਰਮੇਸ਼ੁਰ ਵੱਲ ਕੀਤਾ, ਤੱਪੜ ਅਤੇ ਸੁਆਹ ਪਾ ਲਈ, ਅਤੇ ਵਰਤ ਰੱਖਣ ਅਤੇ ਪ੍ਰਾਰਥਨਾ ਕਰਨ ਲਈ ਚਲਾ ਗਿਆ, ਤਾਂ ਜੋ ਉਹ ਸਮਝ ਸਕੇ ਕਿ ਉਹ ਸਮਾਂ ਕਦੋਂ ਹੋਵੇਗਾ। ਫਿਰ ਅਸੀਂ ਵੇਖਦੇ ਹਾਂ, ਜਿਵੇਂ ਮੈਂ ਪਹਿਲਾਂ ਦੱਸਿਆ ਹੈ…

(ਕੀ ਤੁਸੀਂ ਇਸ ਨੂੰ ਮੋੜੋਗੇ, *ਉਸ* ਪਾਸੇ ਵੱਲ, ਥੋੜ੍ਹਾ ਜਿਹਾ?) ਪੱਖਾ, ਇਹ ਥੋੜਾ ਜਿਹਾ ਬਹੁਤ ਵੱਡਾ ਹੈ। ਇਹ ਮੇਰਾ ਗੱਲਾ ਬਿਠਾ ਦਿੰਦਾ ਹੈ। ਫਿਰ… (ਤੁਹਾਡਾ ਧੰਨਵਾਦ, ਭਾਈ।)

44 ਹੁਣ, ਸਾਨੂੰ ਪਤਾ ਚਲਦਾ ਹੈ ਕਿ, ਦਾਨੀਏਲ, ਉਹ ਆਪਣੇ ਲੋਕਾਂ ਲਈ ਇਹ ਜਾਣਕਾਰੀ ਚਾਹੁੰਦਾ ਸੀ। ਅਤੇ ਮੈਂ ਸੋਚਦਾ ਹਾਂ, ਜੇ ਦਾਨੀਏਲ, ਉਸ ਤੋਂ ਪਹਿਲਾਂ ਦੇ ਨਬੀਆਂ ਨੂੰ ਪੜ੍ਹ ਰਿਹਾ ਸੀ, ਅਤੇ ਇਸ ਤਰ੍ਹਾਂ ਦੀ ਸਮਝ ਰੱਖਦਾ ਸੀ, ਕਿ ਉਹ ਅੰਤ ਦੇ ਨੇੜੇ ਸੀ, ਅਤੇ ਪਰਮੇਸ਼ੁਰ ਨੂੰ ਭਾਲਦਾ ਸੀ, ਇਹ ਪਤਾ ਲਗਾਉਣ ਲਈ ਕਿ ਅੰਤ ਕਿੰਨਾ ਨੇੜੇ ਸੀ, ਫਿਰ ਮੈਂ ਸੋਚਦਾ ਹਾਂ ਕਿ ਅਸੀਂ ਜਾਇਜ਼ ਹਾਂ, ਇਹ ਦੇਖ ਕੇ ਕਿ ਅਸੀਂ ਹੁਣ ਸੜਕ ਦੇ ਅੰਤ ਤੇ ਹਾਂ, ਤੱਪੜ ਅਤੇ ਸੁਆਹ ਨਾ ਪਾਓ, ਪਰ ਸੰਸਾਰ ਦੀਆਂ ਚੀਜ਼ਾਂ ਅਤੇ ਸਾਡੀਆਂ ਇਸ ਜੀਵਨ ਦੀਆਂ ਚਿੰਤਾਵਾਂ ਨੂੰ ਪਰਾਂ ਸੁੱਟ ਦਿਓ, ਅਤੇ ਪਰਮੇਸ਼ੁਰ ਨੂੰ ਭਾਲੋ, ਇਹ ਪਤਾ ਕਰਨ ਲਈ ਕਿ ਅਸੀਂ ਸਾਲ ਦੇ ਕਿਹੜੇ ਦਿਨ ਵਿੱਚ ਹਾਂ, ਕਿਉਂਕਿ ਅਸੀਂ ਦੇਖਦੇ ਹਾਂ ਕਿ ਅਸੀਂ ਅੰਤ ਵਿੱਚ ਹਾਂ, ਅਤੇ ਇਸ ਲਈ ਕਲੀਸਿਯਾ ਵਰਤ ਰੱਖੇਗੀ ਅਤੇ ਪ੍ਰਾਰਥਨਾ ਕਰੇਗੀ ਅਤੇ ਤਿਆਰ ਹੋਵੇਗੀ। ਇਸ ਲਈ ਮੈਂ ਇਸਦਾ ਜਿਮਾ ਆਪਣੇ ਆਪ ਤੇ ਲਿਆ ਹੈ…ਇਹ ਨਹੀਂ ਜਾਣਦਾ ਕਿ ਇਹ ਕਿਵੇਂ ਸਮਝਾਇਆ ਜਾਵੇ, ਕਿਉਂਕਿ ਮੈਂ ਹਰ ਵਾਰ ਇਸਦੇ ਉੱਪਰੋਂ ਲੰਘ ਗਿਆ ਹਾਂ, ਅਤੇ ਕਿਹਾ, “ਦਾਨੀਏਲ ਦੇ ਉਹ ਸੱਤਰ ਹਫ਼ਤੇ,” ਕਿਉਂਕਿ ਮੈਂ ਇਸਨੂੰ ਸਮਝ ਨਹੀਂ ਸਕਿਆ। ਅਤੇ ਇਸ ਲਈ ਮੈਂ ਇਸਨੂੰ ਸਮਝਾਉਣ ਦੀ ਕੋਸ਼ਿਸ਼ ਕਰਨ ਲਈ, ਹੁਣ ਇਸਨੂੰ ਆਪਣੇ ਉੱਤੇ ਲੈ ਲਿਆ ਹੈ। ਅਤੇ ਮੈਂ ਵਿਸ਼ਵਾਸ ਕਰਦਾ ਹਾਂ, ਪ੍ਰਭੂ ਦੀ ਮਦਦ ਨਾਲ, ਮੈਂ ਇਹ ਉਸਦੀ ਕਿਰਪਾ ਨਾਲ ਕਰ ਸਕਦਾ ਹਾਂ, ਇਸ ਨੂੰ ਉੱਥੇ ਲਿਆਉਣ ਲਈ, ਜਿੱਥੇ ਤੁਹਾਨੂੰ ਇਹ ਦਿਖਾਵਾਂ ਕਿ ਅਸੀਂ ਪ੍ਰਭੂ ਦੇ ਆਉਣ ਦੇ ਕਿੰਨੇ ਨੇੜੇ ਹਾਂ।

45 ਹੁਣ, ਦਾਨੀਏਲ ਕੋਲ ਸਿਰਫ਼ ਦੋ ਸਾਲ ਸਨ। ਫਿਰ ਸਾਨੂੰ ਪਤਾ ਲੱਗਦਾ ਹੈ, ਕਿ, ਜਦੋਂ ਉਹ ਪ੍ਰਾਰਥਨਾ ਕਰ ਰਿਹਾ ਸੀ, ਤਾਂ ਦੂਤ, ਜਿਬਰਾਏਲ, ਉਸ

ਕੋਲ ਆਇਆ; ਅਤੇ ਨਾ ਸਿਰਫ਼ ਉਸਨੂੰ ਸਮਝਾਇਆ ਕਿ ਉਸਦੇ ਲੋਕ ਕਦੋਂ ਗ਼ੁਲਾਮੀ ਵਿੱਚੋਂ ਬਾਹਰ ਜਾਣਗੇ, ਪਰ, ਇਹ ਵੀ, ਉਹ ਸਭ ਜੋ ਉਸਦੇ ਲੋਕਾਂ ਲਈ ਨਿਰਧਾਰਤ ਕੀਤਾ ਗਿਆ ਸੀ, ਉਹ ਸਭ ਜੋ ਅਜੇ ਉਸਦੇ ਲੋਕਾਂ ਲਈ ਬਾਕੀ ਸੀ। ਉਸ ਨੇ ਕਿਹਾ, "ਯਹੂਦੀਆਂ ਲਈ ਅਜੇ ਸੱਤਰ ਹਫ਼ਤੇ ਬਾਕੀ ਹਨ।"

46 ਫਿਰ, ਅਸੀਂ ਪਾਉਂਦੇ ਹਾਂ, ਕਿ ਉਸਦੇ ਛੇ ਪ੍ਰਕਾਰ ਦੇ ਮਕਸਦ ਸਨ। ਅਤੇ ਉਨ੍ਹਾਂ ਵਿੱਚੋਂ ਇੱਕ, ਅਪਰਾਧ ਨੂੰ ਖਤਮ ਕਰਨਾ ਸੀ; ਅਤੇ—ਅਤੇ ਪਾਪ ਦਾ ਅੰਤ ਕਰਨਾ ਸੀ; ਅਤੇ ਪਾਪਾਂ ਦਾ ਅੰਤ ਕਰਨਾ, ਅਤੇ ਬੁਰਿਆਈ ਦਾ ਪਰਾਸਚਿਤ ਕਰਨਾ, ਅਤੇ ਸਦਾ ਦਾ ਧਰਮ ਲਿਆਉਣਾ; ਦਰਸ਼ਨ ਅਤੇ ਭਵਿੱਖਬਾਣੀ ਨੂੰ ਮੋਹਰਬੰਦ ਕਰਨਾ; ਅਤੇ ਅੱਤ ਪਵਿੱਤਰ ਨੂੰ ਮਸਹ ਕਰਨਾ।

47 ਅਤੇ ਅਸੀਂ ਪਿਛਲੇ ਐਤਵਾਰ ਸਵੇਰੇ ਲਿਆ ਸੀ, ਦਾਨੀਏਲ ਨੂੰ ਉਸਦੀ ਹਾਲਤ ਵਿੱਚ, ਪ੍ਰਾਰਥਨਾ ਕਰਦੇ ਹੋਏ। ਪਿਛਲੇ ਐਤਵਾਰ ਸ਼ਾਮ ਨੂੰ, ਲਿਖਤਾਂ ਦੇ ਰਿਹਾ ਸੀ, ਤਾਂ ਜੋ ਲੋਕ ਜੱਦ ਘਰ ਪਹੁੰਚਣ ਤਾਂ ਇਸ ਨੂੰ ਪੜ੍ਹ ਸਕਣ। ਕੀ ਤੁਸੀਂ ਇਸਨੂੰ ਪੜ੍ਹਿਆ? ਕੀ ਤੁਹਾਨੂੰ ਇਹ ਪਸੰਦ ਆਇਆ? ਸ਼ਾਨਦਾਰ!

48 ਹੁਣ, ਛੇ ਗੁਣਾ ਉਦੇਸ਼। ਅਤੇ ਸਾਨੂੰ ਪਤਾ ਚਲਦਾ ਹੈ ਕਿ, ਇਸ ਛੇਵੇਂ ਉਦੇਸ਼ ਤੇ, "ਅੱਤ ਪਵਿੱਤਰ ਨੂੰ ਮਸਹ ਕਰੇ," ਸਾਨੂੰ ਪਤਾ ਲੱਗਦਾ ਹੈ ਕਿ "ਅੱਤ ਪਵਿੱਤਰ" ਹਮੇਸ਼ਾ ਕਲੀਸਿਯਾ, ਡੇਰੇ ਨੂੰ ਦਰਸ਼ਾਉਂਦਾ ਹੈ। ਅਤੇ ਜੋ ਆਖਰੀ ਕੰਮ ਕੀਤਾ ਜਾਣਾ ਸੀ, ਉਹ ਸੀ ਅੱਤ ਪਵਿੱਤਰ ਨੂੰ ਮਸਹ ਕਰਨਾ, ਇਹ ਉਹ ਹਜ਼ਾਰ ਸਾਲ ਦਾ ਡੇਰਾ ਹੈ ਜਿਸ ਵਿੱਚ ਉਹ ਹਜ਼ਾਰ ਸਾਲ ਦੇ ਦੌਰਾਨ ਰਹੇਗਾ, ਜਿਸ ਵਿੱਚ ਅਸੀਂ ਰਹਾਂਗੇ।

49 ਹੁਣ, ਅੱਜ, ਹੁਣ ਅਸੀਂ "ਸੱਤਰ ਹਫ਼ਤੇ ਕੀ ਹਨ?" ਵੱਲ ਆ ਰਹੇ ਹਾਂ, ਅਤੇ ਇਹ ਇੱਕ ਬਹੁਤ ਮਹੱਤਵਪੂਰਨ ਹਿੱਸਾ ਹੈ, ਸੱਤਰ ਹਫ਼ਤੇ।

50 ਹੁਣ, ਅਸੀਂ ਜਾਣਦੇ ਹਾਂ ਕਿ ਲਿਖਤਾਂ ਝੂਠ ਨਹੀਂ ਬੋਲ ਸਕਦੀਆਂ। ਉਨ੍ਹਾਂ ਨੂੰ ਸੱਚ ਹੋਣਾ ਚਾਹੀਦਾ ਹੈ। ਅਤੇ ਜੇ ਇਹ ਜਿਬਰਾਏਲ ਦੂਤ ਨੇ ਆ ਕੇ ਦਾਨੀਏਲ ਨੂੰ ਦੱਸਿਆ ਕਿ ਯਹੂਦੀਆਂ ਲਈ ਸਿਰਫ਼ ਸੱਤਰ ਹਫ਼ਤੇ ਬਚੇ ਹਨ...ਹੁਣ, ਅਸੀਂ ਇਸਨੂੰ ਛੇ ਦਿਨਾਂ ਲਈ ਲਾਗੂ ਕਰਾਂਗੇ...ਜਾਂ ਸੱਤ ਦਿਨ ਦਾ ਹਫ਼ਤਾ। ਪਰ, ਭਵਿੱਖਬਾਣੀ ਵਿੱਚ ਇਹ ਹਮੇਸ਼ਾਂ ਦ੍ਰਿਸ਼ਟਾਂਤ ਵਿੱਚ ਦਿੱਤਾ ਜਾਂਦਾ ਹੈ।

51 ਅਤੇ ਇਸ ਲਈ, ਕੋਈ ਸ਼ੱਕ ਨਹੀਂ ਕਿ ਜੁਗ ਦੇ ਦੌਰਾਨ, ਸੈਂਕੜੇ ਦੇ ਸੈਂਕੜੇ ਗੁਣਾ ਲੋਕ ਹੋਏ ਹਨ, ਵਿਦਵਾਨ, ਯੋਗ ਆਦਮੀ, ਇਹ ਦੱਸਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਇਹ ਸੱਤਰ ਹਫ਼ਤੇ ਕੀ ਸਨ। ਅਤੇ ਮੈਂ ਇਸ ਤੇ ਉਨ੍ਹਾਂ ਦੀਆਂ ਬਹੁਤ ਸਾਰੀਆਂ ਟਿੱਪਣੀਆਂ ਪੜ੍ਹੀਆਂ ਹਨ। ਅਤੇ ਮੈਂ ਐਡਵੈਂਟਿਸਟ ਕਲੀਸਿਯਾ ਦੇ ਸ਼੍ਰੀ ਮਾਨ ਸਮਿਥ ਦਾ, ਉਸਦੇ ਵਿਚਾਰਾਂ ਲਈ ਬਹੁਤ ਸ਼ੁਕਰਗੁਜ਼ਾਰ ਹਾਂ। ਮੈਂ

ਡਾ. ਲਾਰਕਿਨ ਦਾ, ਉਸਦੇ ਵਿਚਾਰਾਂ ਲਈ ਬਹੁਤ ਸ਼ੁਕਰਗੁਜ਼ਾਰ ਹਾਂ। ਮੈਂ ਇਨ੍ਹਾਂ ਸਾਰੇ ਮਹਾਨ ਵਿਦਵਾਨਾਂ ਦਾ, ਇਸ ਬਾਰੇ ਉਨ੍ਹਾਂ ਦੇ ਵਿਚਾਰਾਂ ਲਈ ਸ਼ੁਕਰਗੁਜ਼ਾਰ ਹਾਂ। ਅਤੇ ਉਹਨਾਂ ਨੂੰ ਪੜ੍ਹ ਕੇ, ਇਹ ਮੈਨੂੰ ਬਹੁਤ ਜ਼ਿਆਦਾ ਰੌਸ਼ਨ ਕਰਦਾ ਹੈ, ਕਿ ਮੈਂ ਉਹ ਥਾਵਾਂ ਵੇਖ ਸਕਦਾ ਹਾਂ ਜੋ ਸਹੀ ਲੱਗਦੀਆਂ ਹਨ। ਪਰ ਵਿਚਾਰ ਸਮਝਣ ਲਈ ਜੋ ਮੈਂ—ਮੈਂ ਸੋਚਿਆ ਸੀ ਕਿ ਮੈਂ ਸਮਝਾਉਣਾ ਚਾਹੁੰਦਾ ਸੀ, ਮੈਂ ਐਨਸਾਈਕਲੋਪੀਡੀਆ ਵਿੱਚ ਖੋਜ ਕੀਤੀ, "ਸਮੇਂ" ਦੀ, ਇਹ ਪਤਾ ਕਰਨ ਲਈ "ਸਮੇਂ" ਦਾ ਕੀ ਮਤਲਬ ਹੈ।

52 ਅਤੇ ਸਾਨੂੰ ਇੱਥੇ ਪਤਾ ਲੱਗਾ, ਸਾਡੇ ਕੋਲ "ਸਮਾਂ, ਅਤੇ ਸਮੇਂ ਦੀ ਵੰਡ ਹੈ।" *ਸਮਾਂ* ਕੀ ਹੈ? ਇੱਕ *ਹਫ਼ਤਾ* ਕੀ ਹੈ? ਹੁਣ, ਇਹ ਤਿੰਨ ਹਜ਼ਾਰ, ਚਾਰ ਸੌ ਤੀਹ ਸਾਲ ਪਹਿਲਾਂ ਦੀ ਗੱਲ ਹੈ, ਜਦੋਂ ਤੋਂ ਇਹ ਸੀ, ਜਦੋਂ ਤੋਂ ਪਰਮੇਸ਼ੁਰ ਨੇ ਯਹੂਦੀਆਂ ਨਾਲ ਵਰਤਣਾ ਸ਼ੁਰੂ ਕੀਤਾ; ਕਈ, ਕਈ ਸਾਲ ਪਹਿਲਾਂ। ਦਾਨੀਏਲ ਬੀ.ਸੀ. ਵਿੱਚ ਸੀ, ਅਤੇ ਉਹ ਸਮਾਂ ਬੀ.ਸੀ. 538 ਸੀ, ਮਸੀਹ ਤੋਂ 538 ਸਾਲ ਪਹਿਲਾਂ, ਜਦੋਂ ਉਸਨੇ ਇਹ ਗੱਲ ਕੀਤੀ "ਸਮਾਂ, ਸਮਾਂ ਅਤੇ ਸਮੇਂ ਦੀ ਵੰਡ।" ਅਤੇ, ਸੱਤਰ ਹਫ਼ਤੇ, ਵੇਖਿਆ ਕਿ ਸੱਤਰ ਹਫ਼ਤੇ ਉਸਨੂੰ ਕਿੱਥੇ ਲੈ ਜਾਣਗੇ। ਕਿਉਂ, ਉਹ ਅਜੇ ਵੀ ਬਾਬਲ ਵਿੱਚ ਸੀ, ਸੱਤਰ ਹਫ਼ਤਿਆਂ ਵਿੱਚ, ਅਤੇ ਫਿਰ ਵੀ ਪਰਮੇਸ਼ੁਰ ਨੇ ਉਸਨੂੰ ਦੱਸਿਆ ਕਿ ਇਹ ਉਹ ਸਾਰਾ ਸਮਾਂ ਸੀ ਜੋ ਲੋਕਾਂ ਉੱਤੇ ਨਿਰਧਾਰਤ ਕੀਤਾ ਗਿਆ ਸੀ।

53 ਹੁਣ, ਇੱਥੇ ਮੇਰੀ ਕਲੀਸਿਯਾ ਜਾਣਦੀ ਹੈ ਕਿ ਸਾਰੇ ਸਾਲਾਂ ਦੌਰਾਨ ਮੈਂ ਤੁਹਾਨੂੰ ਹਮੇਸ਼ਾ ਦੱਸਿਆ ਹੈ, "ਜੇ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਹਫ਼ਤੇ ਦਾ ਕਿਹੜਾ ਦਿਨ ਹੈ, ਤਾਂ ਕੈਲੰਡਰ ਦੇਖੋ। ਪਰ ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਅਸੀਂ ਕਿਸ ਸਮੇਂ ਵਿਚ ਰਹਿ ਰਹੇ ਹਾਂ, ਤਾਂ ਉਨ੍ਹਾਂ ਯਹੂਦੀਆਂ ਨੂੰ ਦੇਖੋ।" ਇਹ ਇੱਕੋ ਇੱਕ ਘੜੀ ਹੈ। ਪਰਮੇਸ਼ੁਰ ਨੇ ਪਰਾਈਆਂ ਕੌਮਾਂ ਲਈ ਕੋਈ ਨਿਸ਼ਚਿਤ ਸਮਾਂ ਨਹੀਂ—ਨਹੀਂ ਠਹਿਰਾਇਆ ਹੈ; ਸਮੇਂ ਦੀ ਕੋਈ ਖਾਸ ਥਾਂ ਨਹੀਂ ਸੀ। ਅਤੇ ਇਹ ਉਹ ਥਾਂ ਹੈ ਜਿੱਥੇ ਮੈਂ ਸੋਚਦਾ ਹਾਂ ਕਿ ਬਹੁਤ ਸਾਰੇ ਮਹਾਨ ਲੇਖਕਾਂ ਨੇ ਇਸ ਵਿੱਚ ਗੜਬੜ ਕਰ ਦਿੱਤੀ ਹੈ, ਅਤੇ ਇਸਨੂੰ ਯਹੂਦੀ ਅਤੇ ਗੈਰ-ਯਹੂਦੀ ਲੋਕਾਂ ਤੇ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਕਿਉਂਕਿ ਉਸਨੇ ਕਿਹਾ, "ਤੇਰੇ ਲੋਕ।" ਪਰ ਉਹ ਦਾਨੀਏਲ ਨਾਲ ਗੱਲ ਕਰ ਰਿਹਾ ਸੀ, ਕਲੀਸਿਯਾ ਨਾਲ ਨਹੀਂ; ਦਾਨੀਏਲ ਦੇ ਲੋਕ, ਯਹੂਦੀ। ਜੇ ਉਹ ਕਲੀਸਿਯਾ ਨਾਲ ਗੱਲ ਕਰ ਰਿਹਾ ਸੀ, ਤਾਂ ਤੁਸੀਂ ਉਸ ਨੂੰ ਕਿਤੇ ਵੀ ਲਾਗੂ ਨਹੀਂ ਸਕਦੇ; ਤੁਸੀਂ—ਤੁਸੀਂ ਬਹੁਤ ਪਿਛਾਂਹ ਚਲੇ ਜਾਂਦੇ ਹੋ, ਮਸੀਹ ਦੇ ਆਉਣ ਤੋਂ ਵੀ ਪਹਿਲਾਂ। ਇਹ ਕਿਸੇ ਵੀ ਕਿਸਮ ਦੇ ਭਵਿੱਖਬਾਣੀ ਦੇ ਹਫ਼ਤਿਆਂ ਵਿੱਚ ਨਹੀਂ ਢੁੱਕੇਗਾ ਜਿਸ ਵਿੱਚ ਤੁਸੀਂ ਇਸਨੂੰ ਲਗਾਉਣਾ ਚਾਹੁੰਦੇ ਸੀ। ਇਹ ਪਹਿਲਾਂ ਹੀ ਹੋ ਚੁੱਕਾ ਹੈ। ਪਰ

ਉਹ ਯਹੂਦੀਆਂ ਨਾਲ ਗੱਲ ਕਰ ਰਿਹਾ ਸੀ, ਇਸ ਲਈ ਯਹੂਦੀ ਪਰਮੇਸ਼ੁਰ ਦੀ ਘੜੀ ਹਨ।

54 ਤੁਹਾਨੂੰ ਇੱਥੇ ਯਾਦ ਹੈ, ਬਹੁਤ ਸਮਾਂ ਪਹਿਲਾਂ, ਜਦੋਂ ਕੈਲੀਫੋਰਨੀਆ ਤੋਂ, ਭਾਈ ਆਰਗਨਬ੍ਰਾਈਟ, ਅੰਤਰਰਾਸ਼ਟਰੀ ਫੁੱਲ ਗੋਸਪਲ ਬਿਜ਼ਨਸ ਮੇਨਜ਼ ਐਸੋਸੀਏਸ਼ਨ ਦਾ ਉਪ-ਪ੍ਰਧਾਨ, ਮੇਰੇ ਘਰ ਆਇਆ ਅਤੇ ਇੱਕ—ਇੱਕ ਟੇਪ ਲਿਆਇਆ; ਅਤੇ ਇੱਕ ਟੇਪ ਨਹੀਂ, ਪਰ ਇੱਕ—ਇੱਕ ਫਿਲਮ, ਜੋ ਕਿ ਉਹ...*ਅੱਧੀ ਰਾਤ ਨੂੰ ਤਿੰਨ ਮਿੰਟ ਬਾਕੀ ਹਨ*। ਇਹ ਇੱਕ ਵਿਗਿਆਨਕ ਖੋਜ ਲਈ ਬਣਾਈ ਗਈ ਸੀ। ਜਦੋਂ ਮੈਂ ਉਨ੍ਹਾਂ ਯਹੂਦੀਆਂ ਨੂੰ ਯਰੂਸ਼ਲਮ ਵਿੱਚ ਵਾਪਸ ਮੁੜਦੇ ਵੇਖਿਆ, ਮੈਂ ਇੱਥੇ ਡੇਰੇ ਵਿੱਚ ਆਇਆ, ਅਤੇ ਮੈਂ ਕਿਹਾ, "ਮੈਨੂੰ ਲੱਗਦਾ ਹੈ ਕਿ ਮੇਰਾ ਮੁੜ-ਪਰਿਵਰਤਨ ਹੋਇਆ ਹੈ।" ਤੁਹਾਡੇ ਵਿੱਚੋਂ ਕਈਆਂ ਨੂੰ ਇਹ ਯਾਦ ਹੈ। ਮੈਂ ਕਿਹਾ, "ਉਨ੍ਹਾਂ ਯਹੂਦੀਆਂ ਨੂੰ ਵਾਪਸ ਮੁੜਦੇ ਦੇਖ ਕੇ!"

ਯਿਸੂ ਨੇ ਕਿਹਾ, ਮੱਤੀ ਦੇ 24ਵੇਂ ਅਧਿਆਏ ਵਿੱਚ, "ਜਦੋਂ ਤੁਸੀਂ ਅੰਜੀਰ ਦੇ ਦਰਖਤ ਨੂੰ ਆਪਣੀਆਂ ਕਰੂੰਬਲਾਂ ਕੱਢਦੇ ਹੋਏ ਦੇਖਦੇ ਹੋ।" ਤੁਸੀਂ ਜਾਣਦੇ ਹੋ ਕਿ ਕੀ ਵੇਖਣਾ ਹੈ, ਵੇਖੋ, ਯਹੂਦੀ ਵਾਪਸ ਆ ਰਹੇ ਹਨ!

55 ਹੁਣ, ਮੇਰੇ ਕੋਲ ਇੱਥੇ ਕੁਝ ਟਿੱਪਣੀਆਂ ਲਿਖੀਆਂ ਹੋਈਆਂ ਹਨ। ਮੈਂ ਉਹਨਾਂ ਵਿੱਚ ਜਾਣਾ ਚਾਹਾਂਗਾ। ਹੁਣ, ਹੁਣ, ਮੈਂ—ਮੈਂ ਆਪਣਾ ਸਮਾਂ ਲਵਾਂਗਾ, ਤਾਂ ਜੋ ਤੁਸੀਂ ਵੀ ਉਨ੍ਹਾਂ ਨੂੰ ਲਿਖ ਸਕੋ। ਹੁਣ, ਇਹ ਸਭ ਵਾਪਰਦਾ ਹੈ, ਇਹ... ਹੁਣ ਅਸੀਂ...ਉਸ ਸਮੇਂ ਦੌਰਾਨ ਜਿਸ ਵਿੱਚ ਅਸੀਂ ਹੁਣ ਹਾਂ, ਇਹ ਸਭ ਕੁਝ ਵਾਪਰਦਾ...ਇਹ ਯਹੂਦੀਆਂ ਲਈ ਹੈ; ਕਲੀਸਿਯਾ ਨਾਲ ਕੋਈ ਲੈਣਾ-ਦੇਣਾ ਨਹੀਂ, ਬਿਲਕੁਲ ਵੀ ਨਹੀਂ। ਪ੍ਰਕਾਸ਼ ਦੀ ਪੋਥੀ ਤੀਸਰੇ ਅਧਿਆਇ ਤੋਂ ਲੈ ਕੇ 19ਵੇਂ ਤੱਕ, ਕਿਸੇ ਵੀ ਚੀਜ਼ ਦਾ ਕਲੀਸਿਯਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਤੁਸੀਂ ਇਸਨੂੰ ਸਹੀ ਢੰਗ ਨਾਲ ਨਹੀਂ ਢੁੱਕਾ ਸਕਦੇ। ਇਹ ਤਾਂ ਉੱਥੇ ਹੈ ਹੀ ਨਹੀਂ।

56 ਹੁਣ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਨੂੰ ਇਹ ਕਿਵੇਂ ਮਿਲਿਆ। ਹੁਣ, ਬੋਰਡ ਤੇ, ਤੁਹਾਡੇ ਵਿੱਚੋਂ ਬਹੁਤ ਸਾਰੇ ਇਹ ਦੇਖਣਗੇ ਕਿ ਮੈਂ, ਸਮੇਂ ਨੂੰ ਵਿੱਥਾਂ ਵਿੱਚ ਵਾਹਿਆ ਹੋਇਆ ਹੈ, ਇਹ ਕਿਵੇਂ ਵਿੱਥ ਵਿੱਚ ਆਉਂਦਾ ਹੈ, ਤਾਂ ਜੋ ਇਸ ਨੂੰ ਬਣਾਇਆ ਜਾ ਸਕੇ ਕਿ ਹਰ ਕੋਈ ਸਮਝ ਸਕੇ। ਤੁਸੀਂ ਕਰ ਸਕਦੇ ਹੋ...ਤੁਸੀਂ ਇਸਨੂੰ ਪਿੱਛੇ ਤੋਂ ਨਹੀਂ ਦੇਖ ਸਕਦੇ, ਮੇਰਾ ਮੰਨਣਾ ਹੈ, ਇਹ ਲਿਖਾਈ ਬਹੁਤ ਛੋਟੀ ਹੈ। ਅਤੇ ਇਹ ਬੈਕੀ ਦੀ ਲਿਖਾਈ ਹੈ। ਮੈਂ ਸੋਚਿਆ...ਅਤੇ, ਉਹ ਤਸਵੀਰ, ਮੇਰੇ ਕੋਲ ਉਸ ਤੋਂ ਵੀ ਮਾੜੀ ਸੀ। ਪਰ, ਬੈਕੀ ਨੇ ਇਸ ਨੂੰ ਬਣਾਇਆ, ਨਬੂਕਦਨੱਸਰ ਦੇ ਸੁਪਨੇ ਦੀ ਤਸਵੀਰ। ਅਤੇ ਬੈਕੀ, ਮੈਨੂੰ ਲਗਦਾ ਹੈ ਕਿ ਇਹ ਇੱਕ ਆਦਮੀ

ਨਾਲੋਂ ਜਿਆਦਾ, ਇਹ ਇੱਕ ਲੜਕੀ ਵਾਂਗ ਦਿੱਖ ਰਿਹਾ ਹੈ। ਪਰ, ਫਿਰ ਵੀ, ਇਹ—ਇਹ ਉਹ ਜਾਣਕਾਰੀ ਪ੍ਰਦਾਨ ਕਰੇਗਾ, ਜੋ ਅਸੀਂ ਚਾਹੁੰਦੇ ਹਾਂ।

57 ਹੁਣ, ਜੇ ਅਸੀਂ ਬਾਈਬਲ ਵਿਚ ਪੜ੍ਹਦੇ ਹਾਂ ਕਿ ਲੋਕਾਂ ਲਈ ਸੱਤਰ ਹਫ਼ਤੇ ਨਿਰਧਾਰਤ ਕੀਤੇ ਗਏ ਹਨ, ਹੁਣ, ਇਸ...ਦਾ ਕਲੀਸਿਯਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਸੱਤਰ ਹਫ਼ਤਿਆਂ ਦਾ ਕਲੀਸਿਯਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਜੇ ਤੁਸੀਂ ਇੱਥੇ, ਚਾਰਟ ਤੇ ਧਿਆਨ ਦਿੰਦੇ ਹੋ, ਮੇਰੇ ਕੋਲ ਉਨ੍ਹਾਂ ਸੱਤਰ ਹਫ਼ਤਿਆਂ ਦੇ ਵਿਚਕਾਰ ਕਲੀਸਿਯਾ ਦਾ ਜੁਗ ਹੈ।

58 ਅਸੀਂ ਇਸਨੂੰ ਇੱਥੇ ਰੱਖਿਆ ਹੈ। ਜਾਰਜੀਆ ਵਿੱਚ ਕੁਝ ਭਰਾਵਾਂ ਨੇ ਇਸਨੂੰ ਸਾਡੇ ਲਈ ਵਾਹਿਆ ਸੀ, ਜਦੋਂ ਅਸੀਂ ਕਲੀਸਿਯਾ ਦੇ ਯੁੱਗਾਂ ਵਿੱਚੋਂ ਲੰਘੇ ਸਾਂ। ਅਤੇ ਸਾਨੂੰ ਯਕੀਨ ਹੈ ਕਿ ਅਸੀਂ ਸਮਝ ਸਕਦੇ ਹਾਂ ਕਿ ਇਸਦਾ ਕੀ ਅਰਥ ਹੈ। ਇੱਥੇ ਕਲੀਸਿਯਾ ਵਿੱਚ ਇਹ ਚਿੱਟਾ ਹੈ, ਜਿਸਦਾ ਮਤਲਬ ਇਹ ਹੈ ਕਿ ਇਹ ਸਭ ਰਸੂਲਾਂ ਨਾਲ ਸਬੰਧਤ ਸੀ। ਅਤੇ ਫਿਰ ਕਲੀਸਿਯਾ ਦੇ ਦੂਜੇ ਯੁੱਗ ਵਿੱਚ, ਉਹਨਾਂ ਕੋਲ ਨਿਕੁਲਾਈਆਂ ਦਾ ਸਿਧਾਂਤ ਸੀ, ਜਾਂ, ਉਹਨਾਂ ਕੋਲ ਨਿਕੁਲਾਈਆਂ ਦੇ ਕੰਮ ਸਨ; ਇਹ ਇੱਕ ਸਿਧਾਂਤ ਨਹੀਂ ਬਣਿਆ ਸੀ। ਤੀਜੇ ਕਲੀਸਿਯਾ ਜੁੱਗ ਵਿੱਚ, ਇਹ ਇੱਕ ਸਿਧਾਂਤ ਬਣ ਗਿਆ। ਅਤੇ ਕਲੀਸਿਯਾ ਦੇ ਚੌਥੇ ਯੁੱਗ ਵਿੱਚ, ਇਹ ਸੰਗਠਿਤ ਕੀਤਾ ਗਿਆ ਸੀ, ਅਤੇ ਇਹ ਰੋਮਨ ਪੋਪ ਦਾ ਰਾਜ ਸੀ। ਅਤੇ ਚੌਥੇ ਕਲੀਸਿਯਾ ਯੁੱਗ ਵਿੱਚ, ਜੋ ਅੰਧਕਾਰ ਦਾ ਯੁੱਗ ਸੀ।

ਤੁਸੀਂ ਵੇਖੋਗੇ, ਉਥੇ ਸਾਰਾ ਅੰਧਕਾਰ ਨਿਕਉਲਾਈਵਾਦ, ਜਾਂ ਰੋਮਨਵਾਦ ਨੂੰ ਦਰਸਾਉਂਦਾ ਹੈ। ਚਿੱਟਾ ਹਿੱਸਾ ਪਵਿੱਤਰ ਆਤਮਾ, ਕਲੀਸਿਯਾ ਨੂੰ ਦਰਸਾਉਂਦਾ ਹੈ। ਅਤੇ, ਜਿਵੇਂ ਕਿ ਇਹ ਸੰਤ ਪੌਲੁਸ ਦੇ ਸਮੇਂ ਵਿੱਚ ਸ਼ੁਰੂ ਹੋਇਆ ਸੀ, ਰਸੂਲਾਂ ਦੀ ਸਾਰੀ ਕਲੀਸਿਯਾ ਪਵਿੱਤਰ ਆਤਮਾ ਨਾਲ ਭਰੀ ਹੋਈ ਸੀ। ਫਿਰ ਕੁਲੀਨ ਲੋਕ ਆਉਣੇ ਸ਼ੁਰੂ ਹੋ ਜਾਂਦੇ ਹਨ। ਫਿਰ ਆਖਰਕਾਰ ਉਹ ਇਕੱਠੇ ਹੋ ਗਏ ਅਤੇ ਇਸ ਵਿੱਚੋਂ ਇੱਕ ਪੂਰਨ ਨਵੀਂ ਕਲੀਸਿਯਾ ਬਣਾ ਲਈ। ਅਤੇ ਬਸ ਛੋਟੀ ਕਲੀਸਿਯਾ ਨੂੰ ਸਾੜਿਆ ਗਿਆ, ਅਤੇ ਪੱਥਰਾਓ ਕੀਤਾ ਗਿਆ, ਅਤੇ ਸ਼ੇਰਾਂ ਨੂੰ ਖੁਆਇਆ ਗਿਆ, ਅਤੇ ਸਭ ਕੁਝ।

59 ਸੁਧਾਰ ਵਿੱਚ ਲੂਥਰ ਆਇਆ, ਥੋੜਾ ਜਿਹਾ ਚਾਨਣ, ਤੁਸੀਂ ਵੇਖੋ। ਵੈਜ਼ਲੀ ਦੇ ਦਿਨਾਂ ਵਿੱਚ, ਅਜੇ ਥੋੜਾ ਚਾਨਣ ਸੀ। ਪਰ ਇੱਥੇ ਆਖਰੀ ਕਲੀਸਿਯਾ ਯੁੱਗ ਵਿੱਚ, ਨਿਕਉਲਾਈਆਂ ਦੇ ਕਲੀਸਿਯਾ ਕਾਲ ਵਿੱਚ, ਇਹ ਉਹ ਯੁੱਗ ਹੈ ਜੋ ਅਸੀਂ...ਨਿਕੁਲਾਈ ਨਹੀਂ, ਪਰ ਲਾਓਦੀਕੀਆ, ਇਹ ਉਹ ਯੁੱਗ ਹੈ ਜਿਸ

ਵਿੱਚ ਅਸੀਂ ਰਹਿੰਦੇ ਹਾਂ। ਤੁਸੀਂ ਧਿਆਨ ਦਿਓ, ਉੱਥੇ ਬਹੁਤ ਜ਼ਿਆਦਾ ਚਾਨਣ ਨਹੀਂ ਹੈ।

60 ਕਿਸੇ ਨੇ, ਜਦੋਂ ਉਨ੍ਹਾਂ ਨੇ ਇਸ ਦੀ ਤਸਵੀਰ ਨੂੰ ਵੇਖਿਆ, ਕਿਹਾ, "ਸ਼ਰਮ ਕਰੋ, ਭਾਈ ਬ੍ਰੰਨਹਾਮ! ਇਹ ਤਾਂ ਚਾਨਣ ਦੇ ਮਹਾਨ ਦਿਨ ਹਨ!"

ਮੈਂ ਕਿਹਾ, "ਮੈਂ ਕਲਪਨਾ ਕਰਾਂਗਾ, ਜਦੋਂ ਇਹ ਛਣ ਜਾਵੇਗਾ, ਇਹ ਨਿਆਂ ਵੀ ਨਹੀਂ ਕਰਦਾ, ਜਦੋਂ ਤੁਸੀਂ ਅਸਲ ਵਿੱਚ ਸ਼ੁੱਧ ਦਿਲ ਪ੍ਰਾਪਤ ਕਰਦੇ ਹੋ, ਆਤਮਾ ਤੋਂ ਦੁਬਾਰਾ ਜਨਮ ਲੈਂਦੇ ਹੋ।" ਯਾਦ ਰੱਖੋ, ਇਹ ਇੱਕੋ ਇੱਕ ਕਲੀਸਿਯਾ ਯੁੱਗ ਸੀ ਜਿਸ ਵਿੱਚ ਮਸੀਹ ਨੂੰ ਉਸ ਦੀ ਆਪਣੀ ਕਲੀਸਿਯਾ ਵਿੱਚੋਂ ਬਾਹਰ ਰੱਖਿਆ ਗਿਆ ਸੀ, ਉਹਨਾਂ ਸਾਰਿਆਂ ਵਿੱਚੋਂ। ਸਾਡੇ ਕੋਲ ਬਹੁਤ ਵੱਡੇ ਦਾਅਵੇ ਹਨ, ਪਰ, "ਕੀ ਸਾਡੇ ਕੋਲ ਕੋਈ ਕਬਜ਼ਾ ਹੈ?" ਜਿਸ ਬਾਰੇ ਅਸੀਂ ਗੱਲ ਕਰ ਰਹੇ ਹਾਂ। ਕੀ ਮਸੀਹ ਸੱਚਮੁੱਚ ਕਲੀਸਿਯਾ ਵਿੱਚ ਹੈ? ਇਹ ਬਹੁਤ ਘੱਟ ਗਿਣਤੀ ਵਿੱਚ ਹੋਵੇਗਾ।

61 ਹੁਣ, ਆਓ ਹੁਣ ਦਾਨੀਏਲ ਦੇ ਸੱਤਰ ਹਫ਼ਤਿਆਂ ਦੀ ਰੂਪਰੇਖਾ ਬਣਾਈਏ। ਹੁਣ ਮੈਂ ਇੱਥੇ ਦੁਬਾਰਾ ਦੁਹਰਾ ਸਕਦਾ ਹਾਂ; ਇੰਜੀਲ ਦੇ ਸੇਵਕੋ, ਜੇਕਰ ਤੁਸੀਂ ਇਸ ਨਾਲ ਅਸਹਿਮਤ ਹੋ, ਤਾਂ ਇਹ ਬਿਲਕੁਲ ਸਹੀ ਹੈ। ਉਹ ਤਿੰਨ ਸਮਿਆਂ ਵਿੱਚ ਵੰਡੇ ਹੋਏ ਹਨ, ਜਿਵੇਂ ਅਸੀਂ ਦਾਨੀਏਲ 9 ਵਿੱਚ ਵੇਖਦੇ ਹਾਂ। ਤਿੰਨ ਸਮੇਂ। ਪਹਿਲਾਂ, ਸੱਤ ਹਫ਼ਤਿਆਂ ਦਾ ਸਮਾਂ; ਫਿਰ ਸੱਠ ਅਤੇ ਦੋ, ਜੋ ਬਾਹਠ ਹੈ; ਅਤੇ ਫਿਰ ਇੱਕ ਹਫ਼ਤੇ ਦਾ ਸਮਾਂ। ਉਹ ਤਿੰਨ ਵੱਖ-ਵੱਖ ਸਮਿਆਂ ਵਿੱਚ ਵੰਡੇ ਹੋਏ ਹਨ।

62 ਹੁਣ, ਮੈਂ ਇਸਨੂੰ ਇੱਥੇ ਬੋਰਡ ਤੇ ਵੰਡਿਆ ਹੋਇਆ ਹੈ। ਪਹਿਲਾ ਸਮਾਂ; ਦੂਜਾ ਸਮਾਂ; ਅਤੇ ਮੇਰੀ ਸਮਝ ਅਨੁਸਾਰ, ਇੰਜੀਲ ਦੁਆਰਾ, ਪਵਿੱਤਰ ਆਤਮਾ ਦੁਆਰਾ, ਕਿ, ਅੰਤ ਦੇ ਸਮੇਂ, ਪਰਮੇਸ਼ੁਰ ਯਹੂਦੀਆਂ ਕੋਲ ਦੁਬਾਰਾ ਵਾਪਸ ਆਉਂਦਾ ਹੈ।

63 ਹੁਣ, ਅਸੀਂ ਜਾਣਦੇ ਹਾਂ, ਸਾਰੀਆਂ ਇੰਜੀਲਾਂ ਦੁਆਰਾ, ਜੋ ਪੌਲੁਸ ਨੇ ਸਿਖਾਇਆ ਸੀ, ਅਤੇ ਹੋਰਾਂ ਨੇ ਵੀ, ਕਿ ਪਰਮੇਸ਼ੁਰ ਦੁਬਾਰਾ ਯਹੂਦੀਆਂ ਕੋਲ ਵਾਪਸ ਆਵੇਗਾ। ਖੈਰ, ਫਿਰ, ਜੇ ਉਹ ਦੁਬਾਰਾ ਯਹੂਦੀਆਂ ਕੋਲ ਵਾਪਸ ਆਉਣ ਵਾਲਾ ਹੈ, ਤਾਂ ਅਸੀਂ ਇਸਨੂੰ ਦਾਨੀਏਲ ਦੇ ਸਮੇਂ ਵਿਚ ਕਿਵੇਂ ਲਾਗੂ ਕਰ ਸਕਦੇ ਹਾਂ? ਸਾਨੂੰ ਇਸ ਨੂੰ ਆਖਰੀ ਯੁੱਗ ਵਿੱਚ ਲਾਗੂ ਕਰਨਾ ਪਏਗਾ। ਅਤੇ ਇਹ ਗੈਰ-ਯਹੂਦੀ ਕਲੀਸਿਯਾ ਦੇ ਚਲੇ ਜਾਣ ਤੋਂ ਬਾਅਦ ਹੈ, ਕਿਉਂਕਿ ਉਹ ਇਜ਼ਰਾਈਲ ਨਾਲ ਇੱਕ ਰਾਸ਼ਟਰ ਦੇ ਰੂਪ ਵਿੱਚ ਵਰਤਦਾ ਹੈ, ਪਰ ਸਾਡੇ ਨਾਲ ਵਿਅਕਤੀਗਤ ਦੇ ਤੌਰ ਤੇ।

64 ਹੁਣ, ਮੇਰੇ ਕੋਲ ਇੱਥੇ ਕੁਝ ਲਿਖਤਾਂ ਹਨ ਜੋ ਮੈਂ ਤੁਹਾਡੇ ਲਈ ਪੜ੍ਹਨਾ ਚਾਹਾਂਗਾ ਜਿਵੇਂ ਅਸੀਂ ਅੱਗੇ ਜਾਂਦੇ ਹਾਂ। ਹੁਣ:

> ...*ਜਿਸ ਵੇਲੇ ਤੋਂ ਯਰੂਸ਼ਲਮ ਦੇ ਦੂਜੀ ਵਾਰ ਉਸਾਰਨ ਦੀ ਆਗਿਆ ਨਿੱਕਲੇਗੀ...*

ਜੋ, ਮਾਰਚ ਦਾ 14ਵਾਂ ਦਿਨ ਸੀ। ਜੇਕਰ ਤੁਹਾਡੇ ਵਿੱਚੋਂ ਕੋਈ ਲਿਖਣਾ ਚਾਹੁੰਦਾ ਹੈ, ਤਾਂ ਤੁਸੀਂ ਵੇਖੋਗੇ ਕਿ ਇਬਰਾਨੀ ਵਿੱਚ ਇਸਨੂੰ *N-i-s-a-n*, *ਨਾਈਸਨ* ਕਿਹਾ ਜਾਂਦਾ, ਜਿਸਦਾ ਮਤਲਬ ਹੈ "ਮਾਰਚ।" ਆਗਿਆ ਮਾਰਚ ਦੇ 14ਵੇਂ ਦਿਨ ਦਿੱਤੀ ਗਈ ਸੀ, 445 ਈਸਾ ਪੂਰਵ, ਉਸਾਰੀ ਦੀ ਆਗਿਆ ਨਿਕਲੀ, ਮੰਦਰ ਨੂੰ ਦੁਬਾਰਾ ਉਸਾਰਨ ਲਈ। ਤੁਸੀਂ ਇਸ ਨੂੰ ਸਮਝਦੇ ਹੋ, ਕਿਉਂਕਿ ਤੁਸੀਂ ਲਿਖਤਾਂ ਨੂੰ ਪੜ੍ਹਿਆ ਹੈ। ਜਦੋਂ ਤੱਕ ਇਹ ਪੂਰਾ ਨਹੀਂ ਹੋ ਗਿਆ, ਇਸ ਨੂੰ ਮੰਦਰ ਅਤੇ ਸ਼ਹਿਰ ਨੂੰ ਪੂਰਾ ਕਰਨ ਲਈ, ਇਸ ਨੂੰ ਦੁਬਾਰਾ ਬਣਾਉਣ ਲਈ ਉਨਤਾਲੀ ਸਾਲ ਲੱਗ ਗਏ। ਅਤੇ ਜਿਵੇਂ ਬਾਈਬਲ ਨੇ ਇੱਥੇ ਕਿਹਾ ਹੈ, ਦਾਨੀਏਲ ਬੋਲ ਰਿਹਾ ਹੈ, ਸਗੋਂ ਦੂਤ ਦਾਨੀਏਲ ਨੂੰ ਦੱਸ ਰਿਹਾ ਹੈ, ਕਿ:

> ...ਕੰਧਾਂ, ਅਤੇ ਇਹ ਮੁਸ਼ਕਲ *ਸਮਿਆਂ ਵਿੱਚ* ਬਣਾਈਆਂ ਜਾਣਗੀਆਂ।

ਅਤੇ ਸਾਡੇ ਵਿੱਚੋਂ ਕਈਆਂ ਨੂੰ ਯਾਦ ਹੈ, ਜਦੋਂ ਇਹ ਬਣਾਇਆ ਗਿਆ ਸੀ, ਉਨ੍ਹਾਂ ਦੇ ਇੱਕ ਹੱਥ ਵਿੱਚ ਇੱਕ ਉਸਾਰੀ ਲਈ ਪੱਥਰ ਹੁੰਦੇ ਸਨ ਅਤੇ ਦੂਜੇ ਵਿੱਚ ਤਲਵਾਰ ਹੁੰਦੀ ਸੀ, ਦੁਸ਼ਮਣ ਦੀ ਨਿਗਰਾਨੀ ਰੱਖਣ ਲਈ। "ਅਤੇ ਇਹ ਮੁਸ਼ਕਲ ਸਮਿਆਂ ਵਿੱਚ ਬਣਾਇਆ ਜਾਵੇਗਾ।"

65 ਇਸ ਲਈ, ਇਹ ਉਹ ਥਾਂ ਹੈ ਜਿੱਥੇ ਮੈਨੂੰ ਇਹ ਮਿਲਿਆ, ਆਪਣੇ ਦਿਨਾਂ ਨੂੰ ਸਮਝ ਰਿਹਾ ਹਾਂ। ਹੁਣ, ਸਾਡੇ ਕੋਲ ਦੋ, ਤਿੰਨ ਵੱਖ-ਵੱਖ ਕੈਲੰਡਰ ਹਨ। ਅਸੀਂ ਪੁਰਾਣੇ ਖਗੋਲ ਵਿਗਿਆਨ ਕੈਲੰਡਰ ਤੇ ਵਾਪਸ ਜਾਂਦੇ ਹਾਂ, ਅਤੇ ਸਾਨੂੰ ਪਤਾ ਚਲਦਾ ਹੈ ਕਿ ਜੂਲੀਅਨ ਕੈਲੰਡਰ ਵਿੱਚ ਇੱਕ ਸਾਲ ਵਿੱਚ ਤਿੰਨ ਸੌ, ਪੈਂਹਠ ਅਤੇ ਇੱਕ ਦਿਨ ਦਾ ਚੌਥਾ ਹਿੱਸਾ ਹੁੰਦਾ ਹੈ। ਉਹ ਇਸ ਨੂੰ ਸਾਰਦੀਸ ਅਤੇ ਵੱਖੋ-ਵੱਖਰੇ ਤਾਰਿਆਂ ਦੇ ਗੁਜ਼ਰਨ ਨਾਲ, ਅਤੇ ਇਸ ਤਰ੍ਹਾਂ ਦੀਆਂ ਚੀਜਾਂ ਨਾਲ ਮਾਪਦੇ ਹਨ। ਉਨ੍ਹਾਂ ਨੇ ਇਸ ਦਾ ਸਮਾਂ ਤੈਅ ਕੀਤਾ। ਹੁਣ ਅਸੀਂ ਵੇਖਦੇ ਹਾਂ, ਰੋਮਨ ਕੈਲੰਡਰ ਵਿੱਚ, ਜਿਸ ਵਿੱਚ ਅਸੀਂ ਹੁਣ ਰਹਿੰਦੇ ਹਾਂ, ਇੱਕ ਸਾਲ ਵਿੱਚ ਤਿੰਨ ਸੌ ਪੈਂਹਠ ਦਿਨ ਹਨ, ਕੈਲੰਡਰ ਅਨੁਸਾਰ। ਪਰ ਈਸਾਈ, ਜਾਂ ਭਵਿੱਖਬਾਣੀ ਕੈਲੰਡਰ ਵਿੱਚ, ਅਸੀਂ ਦੇਖਦੇ ਹਾਂ ਕਿ ਇੱਕ ਸਾਲ ਵਿੱਚ ਸਿਰਫ਼ ਤਿੰਨ ਸੌ ਸੱਠ ਦਿਨ ਹੁੰਦੇ ਹਨ। ਹੁਣ, ਤੁਹਾਨੂੰ ਹੈਰਾਨੀ ਹੋ ਸਕਦੀ ਹੈ ਕਿ ਇਹ ਉਲਝਣ ਕਿਵੇਂ ਪੈਦਾ ਹੋਈ।

66 ਹੁਣ, ਇਹ ਮੈਂ ਆਪਣੇ ਤੌਰ ਤੇ ਕਹਿ ਸਕਦਾ ਹਾਂ। ਮੇਰਾ ਮੰਨਣਾ ਹੈ ਕਿ ਐਂਟੀਲੁਵਿਅਨ ਵਿਨਾਸ਼ ਤੋਂ ਪਹਿਲਾਂ, ਅੱਯੂਬ ਦੇ ਦਿਨਾਂ ਵਿੱਚ, ਅਤੇ ਆਦਿ, ਕਿ ਉਹ ਤਾਰਿਆਂ ਦੁਆਰਾ ਸਮੇਂ ਦਾ ਹਿਸਾਬ ਰੱਖਦੇ ਸਨ। ਅਤੇ ਅਸੀਂ ਸਮਝਦੇ ਹਾਂ, ਜਾਂ ਉਸ ਸਮੇਂ ਤੋਂ ਪਹਿਲਾਂ, ਕਿ ਸੰਸਾਰ ਧਰਮੀ ਸੀ। ਅਤੇ ਫਿਰ ਮਨੁੱਖ ਦੇ ਪਾਪ ਵਿੱਚ, ਸੰਸਾਰ ਡਿੱਗ ਗਿਆ, ਅਤੇ ਇਹ ਇੱਕ ਪਾਸੇ ਨੂੰ ਝੁਕਿਆ ਅਤੇ ਹੜ੍ਹ ਆਇਆ, ਇਸ ਲਈ ਸਾਡੇ ਕੋਲ ਬਰਫ਼ ਦੇ ਵੱਡੇ ਗਲੇਸ਼ੀਅਰ ਹਨ, ਅਤੇ ਇਸ ਤਰ੍ਹਾਂ, ਅਤੇ ਧਰਤੀ ਦਾ ਸਾਰਾ ਉੱਪਰਲਾ ਅਤੇ ਹੇਠਲਾ ਹਿੱਸਾ ਬਰਫ਼ ਨਾਲ ਭਰਿਆ ਹੋਇਆ ਹੈ। ਸਾਨੂੰ ਇਹ ਪਤਾ ਹੈ। ਅਤੇ ਧਰਤੀ ਸਿੱਧੀ ਨਹੀਂ ਹੁੰਦੀ। ਇਹ ਇਕ ਪਾਸੇ ਝੁਕੀ ਹੋਈ ਹੈ। ਇਸਨੇ ਇਸ ਨੂੰ ਹਿਲਾ ਦਿੱਤਾ ਜਿੱਥੋਂ ਚੰਦ ਅਤੇ ਤਾਰੇ, ਜਿੱਥੋਂ ਉਹ ਦੇਖ ਰਹੇ ਸਨ, ਅਤੇ ਫਿਰ ਗਲਤ ਥਾਂ ਤੇ ਰੱਖ ਦਿੱਤਾ। ਜਾਂ—ਜਾਂ, ਤੁਸੀਂ ਹੁਣ ਇਸ ਦੁਆਰਾ ਸਮੇਂ ਦਾ ਹਿਸਾਬ ਨਹੀਂ ਰੱਖ ਸਕਦੇ, ਕਿਉਂਕਿ ਇਹ ਇੱਕ ਪਾਸੇ ਨੂੰ ਝੁਕੀ ਹੋਈ ਹੈ, ਪਿਛਾਂਹ ਨੂੰ ਝੁਕੀ ਹੋਈ ਹੈ। ਇਸ ਲਈ, ਇਹ ਉਹਨਾਂ ਸਿਤਾਰਿਆਂ ਨੂੰ ਉਸੇ ਸਮੇਂ ਤੇ ਨਹੀਂ ਦਿਖਾਵੇਗੀ, ਕਿਉਂਕਿ ਇਹ—ਇਹ ਉਹਨਾਂ ਤਾਰਿਆਂ ਦੀ ਪਹੁੰਚ ਤੋਂ ਬਾਹਰ ਹੈ। ਤੁਸੀਂ ਸੱਮਝ ਰਹੇ ਹੋ? ਮੈਨੂੰ ਵਿਸ਼ਵਾਸ ਹੈ ਕਿ ਇਹ ਇਹੀ ਹੈ।

67 ਇਹ ਉਸ ਹਾਲਟ ਵਿੱਚ ਪਈ ਹੋਈ ਹੈ। ਅਤੇ ਇਹ ਸਿਰਫ ਇਹ ਦਰਸਾਉਂਦਾ ਹੈ ਕਿ ਇਹ ਸਿਰਫ ਸਮੇਂ ਦੀ ਮਿਆਦ ਹੈ। ਕੀ ਤੁਸੀਂ ਨਹੀਂ ਦੇਖ ਸਕਦੇ? ਚੀਜ਼ਾਂ ਪਰਮੇਸ਼ੁਰ ਦੀ ਪਹੁੰਚ ਤੋਂ ਬਾਹਰ ਨਹੀਂ ਹਨ। ਉਹ ਇਸਨੂੰ ਥੋੜੇ ਸਮੇਂ ਲਈ ਇਸ ਤਰ੍ਹਾਂ ਚੱਲਣ ਦੇ ਰਿਹਾ ਹੈ। ਅਤੇ ਮੈਂ ਸੱਚਮੁੱਚ ਵਿਸ਼ਵਾਸ ਕਰਦਾ ਹਾਂ ਕਿ ਉਹ ਚੀਜ਼ ਕੀਤੀ ਗਈ ਸੀ।

ਅਤੇ ਇਸ ਆਖਰੀ ਦਿਨ ਜਦੋਂ ਪਰਮੇਸ਼ੁਰ ਕਲੀਸਿਯਾ ਨੂੰ ਇਹ ਭੇਤ ਪ੍ਰਗਟ ਕਰਨ ਜਾ ਰਿਹਾ ਹੈ। ਉਸਨੇ ਪਹਿਲਾਂ ਅਜਿਹਾ ਨਹੀਂ ਕੀਤਾ ਹੈ। ਅਤੇ ਜਿਸ ਕਾਰਨ ਉਸਨੇ ਅਜਿਹਾ ਨਹੀਂ ਕੀਤਾ, ਉਹ ਹੈ ਕਲੀਸਿਯਾ ਨੂੰ ਹਰ ਸਮੇਂ ਸਤਰਕ ਰੱਖਣ ਲਈ ਅਤੇ ਪ੍ਰਾਰਥਨਾ ਕਰਦੇ ਰੱਖਣ ਲਈ, ਇਹ ਨਾ ਜਾਣਦੇ ਹੋਏ ਕਿ ਇਹ ਕਦੋਂ ਆ ਰਿਹਾ ਸੀ। ਪਰ ਤੁਹਾਨੂੰ ਯਾਦ ਹੈ, ਦਾਨੀਏਲ 12 ਵਿੱਚ, ਉਸਨੇ ਕਿਹਾ, "ਬੁੱਧਵਾਨ ਇਸ ਅੰਤਮ ਦਿਨ ਵਿੱਚ ਸਮਝਣਗੇ, ਇਸ ਅੰਤਮ ਦਿਨ ਵਿੱਚ।" ਸਮਝੇ? ਇਹ ਉਸ ਨੂੰ ਦਿੱਤਾ ਗਿਆ ਹੈ।

68 ਬੁੱਧ ਦੀ ਆਤਮਾ ਕਲੀਸਿਯਾ ਵਿੱਚ ਆਉਂਦੀ ਹੈ, ਕਲੀਸਿਯਾ ਨੂੰ ਇਸ ਗੱਲ ਤੋਂ ਜਾਣੂ ਕਰਵਾਉਣ ਲਈ, ਪਵਿੱਤਰ ਆਤਮਾ ਦੇ ਪ੍ਰਕਾਸ਼ਣ ਦੁਆਰਾ, ਕਲੀਸਿਯਾ ਨੂੰ ਅੰਦਰ ਲਿਆਉਂਦੀ ਹੈ ਅਤੇ ਇਹ ਦੱਸਦੀ ਹੈ ਕਿ ਅਸੀਂ ਕਿਸ ਦਿਨ ਵਿੱਚ ਰਹਿ ਰਹੇ ਹਾਂ। ਬਿਲਕੁਲ ਉਸੇ ਤਰ੍ਹਾਂ ਜਿਵੇਂ ਜਿਬਰਾਏਲ ਦਾਨੀਏਲ

ਨੂੰ—ਨੂੰ ਦੱਸ ਰਿਹਾ ਸੀ, ਅੰਤਮ ਦਿਨਾਂ ਵਿੱਚ ਪਵਿੱਤਰ ਆਤਮਾ ਕਲੀਸਿਯਾ ਕੋਲ ਆਉਂਦਾ ਹੈ, ਇਹਨਾਂ ਮਹਾਨ, ਡੂੰਘੀਆਂ, ਗੁਪਤ ਚੀਜ਼ਾਂ ਨੂੰ ਪ੍ਰਗਟ ਕਰਨ ਲਈ। ਕੀ ਹੁਣ ਤੁਸੀਂ ਸਮਝ ਗਏ ਹੋ?

69 ਹੁਣ, ਇਹ ਉਸ ਖਗੋਲੀ ਸਾਲ ਜਾਂ ਜੂਲੀਅਨ ਸਾਲ, ਦੇ ਕੈਲੰਡਰ ਨੂੰ, ਬਾਹਰ ਕਰ ਦਿੰਦਾ ਹੈ, ਵੇਖਿਆ, ਮੇਸਨਿਕ ਸਾਲ, ਕਿਉਂਕਿ ਧਰਤੀ ਝੁਕੀ ਹੋਈ ਹੈ। ਅਸੀਂ ਸਾਰੇ ਜਾਣਦੇ ਹਾਂ, ਸਕੂਲ ਦੀ ਪੜ੍ਹਾਈ ਤੋਂ। ਅਤੇ ਇਹ ਪਹੁੰਚ ਤੋਂ ਬਾਹਰ ਹੈ, ਇਸ ਲਈ ਉਹ, ਉਹ ਤਾਰੇ, ਇੱਕੋ ਸਮੇਂ ਧਰਤੀ ਦੀ ਕਤਾਰ ਵਿੱਚ ਨਹੀਂ ਲੰਘਣਗੇ। ਇਸ ਲਈ, ਰੋਮਨ ਕੈਲੰਡਰ ਵੀ, ਗਲਤ ਹੈ, ਕਿਉਂਕਿ ਤੁਸੀਂ ਦਿਨਾਂ ਨੂੰ ਇਕੱਠੇ ਨਹੀਂ ਰੱਖ ਸਕਦੇ। ਇੱਥੇ ਬਹੁਤ ਸਾਰੀਆਂ ਚੀਜ਼ਾਂ ਹਨ ਜੋ ਮੈਂ ਇੱਥੇ ਕਹਿ ਸਕਦਾ ਹਾਂ। ਜੋ ਸਾਨੂੰ ਪਤਾ ਲਗਦਾ ਹੈ, ਕੁਦਰਤ ਤੋਂ ਵੀ, ਜੋ ਸਾਨੂੰ ਸਿਖਾਉਂਦੀ ਹੈ ਕਿ ਸਾਲ ਵਿੱਚ ਕੇਵਲ ਤੀਹ ਦਿਨ ਹਨ।

70 ਹੁਣ, ਆਉ ਪਰਕਾਸ਼ ਦੀ ਪੋਥੀ ਨੂੰ ਲਈਏ ਜਿੱਥੇ ਸਾਨੂੰ ਦੋ ਨਬੀਆਂ ਦੇ ਦਿਨਾਂ ਵਿੱਚ ਜਾਣਾ ਪਏਗਾ। ਬਾਈਬਲ ਨੇ ਕਿਹਾ, "ਉਨ੍ਹਾਂ ਨੇ ਇੱਕ ਹਜ਼ਾਰ ਦੋ ਸੌ ਸੱਠ ਦਿਨਾਂ ਲਈ ਭਵਿੱਖਬਾਣੀ ਕੀਤੀ।" ਹੁਣ, ਤੁਸੀਂ ਖਗੋਲ-ਵਿਗਿਆਨ ਦੇ ਕੈਲੰਡਰ ਨੂੰ ਲਓ, ਇਹ ਯਕੀਨੀ ਤੌਰ ਤੇ ਇਸ ਦੇ ਡੇਢ ਸਾਲ ਬਣਾਉਣ ਤੋਂ ਬਹੁਤ ਫਾਸਲੇ ਨਾਲ ਖੁੰਝ ਜਾਵੇਗਾ। ਅਤੇ ਤੁਸੀਂ ਰੋਮਨ ਕੈਲੰਡਰ ਨੂੰ ਲਓ ਜੋ ਅੱਜ ਸਾਡੇ ਕੋਲ ਹੈ, ਇਹ ਇਸ ਤੋਂ ਬਹੁਤ ਲੰਬੇ ਫਾਸਲੇ ਨਾਲ ਖੁੰਝ ਜਾਵੇਗਾ। ਪਰ ਤੁਸੀਂ ਭਵਿੱਖਬਾਣੀ ਦੇ ਕੈਲੰਡਰ ਨੂੰ ਲਓ, ਅਤੇ ਇੱਥੇ ਬਿਲਕੁਲ ਇੱਕ ਹਜ਼ਾਰ ਦੋ ਸੌ ਸੱਠ ਦਿਨ ਹਨ, ਮਹੀਨੇ ਵਿੱਚ ਤੀਹ ਦਿਨਾਂ ਹਨ। ਸਮਝੇ?

71 ਸਾਡੇ ਕੋਲ ਕੁਝ ਮਹੀਨਿਆਂ ਵਿੱਚ ਤੀਹ ਦਿਨ ਹੁੰਦੇ ਹਨ, ਅਗਲੇ ਵਿੱਚ ਇੱਕਤੀ ਦਿਨ ਹੁੰਦੇ ਹਨ, ਕਿਸੇ ਵਿੱਚ ਅਠਾਈ। ਦੇਖੋ, ਅਸੀਂ ਸਭ ਗੜਬੜ ਕਰ ਦਿੱਤੀ ਹੈ। ਪਰ ਪਰਮੇਸ਼ੁਰ ਕੋਲ ਇਹ ਉੱਬੜ-ਖਾਬੜ, ਉੱਪਰ-ਅਤੇ-ਹੇਠਾਂ, ਅੱਗੇ-ਅਤੇ-ਪਿੱਛੇ ਨਹੀਂ ਹੈ। ਉਹ ਇਸ ਨੂੰ ਬਿਲਕੁਲ ਇੱਕੋ ਤਰੀਕੇ ਨਾਲ ਰੱਖਦਾ ਹੈ। ਹਾਂ, ਸ਼੍ਰੀਮਾਨ। ਬਿਲਕੁਲ ਉਸੇ ਤਰ੍ਹਾਂ, ਇੱਕ ਮਹੀਨੇ ਵਿੱਚ ਤੀਹ ਦਿਨ; ਇੱਕਤੀ, ਫਿਰ ਤੀਹ, ਜਾਂ ਕੁਝ ਹੋਰ ਨਹੀਂ। ਸਮਝੇ? ਪਰ ਇਹ ਸਭ ਕੁਝ ਪਰਮੇਸ਼ੁਰ ਦੀ ਮਹਾਨ ਆਰਥਿਕਤਾ ਵਿੱਚ ਕੀਤਾ ਗਿਆ ਸੀ, ਤਾਂ ਜੋ ਕਲੀਸਿਯਾ ਨੂੰ ਸਤਰਕ ਅਤੇ ਪ੍ਰਾਰਥਨਾ ਵਿੱਚ ਰੱਖਿਆ ਜਾਵੇ, ਤਿਆਰ ਰਹੇ, ਆਪਣੇ ਕੱਪੜੇ ਲੇਲੇ ਦੇ ਲਹੂ ਨਾਲ ਧੋ ਕੇ। ਪਰ, ਔਹ, ਇਨ੍ਹਾਂ ਆਖਰੀ ਦਿਨਾਂ ਵਿੱਚ, ਉਸਨੇ ਵਾਅਦਾ ਕੀਤਾ ਸੀ! ਊਂ-ਹੂੰ। ਹੁਣ ਅਸੀਂ ਦੇਖਦੇ ਹਾਂ ਕਿ ਅਸੀਂ ਕਿੱਥੇ ਰਹਿ ਰਹੇ ਹਾਂ। ਹੁਣ, ਯਾਦ ਰੱਖੋ, ਮਕਸਦ, ਇਕੋ ਮਕਸਦ, ਇਹ ਕਰਨਾ ਹੈ।

72 ਹੁਣ, ਜੇ ਇੱਥੇ ਸੱਤ ਸੀ…ਦੇਖੋ, ਬਿਲਕੁਲ ਉਨਤਾਲੀ ਦਿਨ ਹਨ…ਸਗੋਂ, ਉਣੰਜਾ ਸਾਲ, ਮੰਦਰ ਦੀ ਉਸਾਰੀ ਦੇ ਸਮੇਂ। ਸੱਤ, ਸੱਤ ਭਵਿੱਖਬਾਣੀ ਦੇ ਹਫ਼ਤੇ ਹਨ, ਸੱਤ ਹਫ਼ਤੇ, ਕਿਉਂਕਿ ਮੰਦਿਰ ਨੂੰ ਦੁਬਾਰਾ ਬਣਾਉਣ ਲਈ, ਸੱਤ ਹਫ਼ਤੇ ਠਹਿਰਾਏ ਗਏ ਸਨ। ਅਤੇ ਇਹ ਬਿਲਕੁਲ ਉਣੰਜਾ ਸਾਲਾਂ ਵਿੱਚ ਬਣਾਇਆ ਗਿਆ ਸੀ। ਹੁਣ ਸਾਡੇ ਕੋਲ ਹਫ਼ਤਿਆਂ ਦੇ ਸਮੇਂ ਦਾ ਅਰਥ ਹੈ, ਕਿਉਂਕਿ ਜੇ ਬਾਈਬਲ ਕਹਿੰਦੀ ਹੈ, ਦੂਤ ਨੇ ਕਿਹਾ, ਮੰਦਰ ਦੇ ਨਿਰਮਾਣ ਵਿਚ ਸੱਤ ਹਫ਼ਤੇ ਲੱਗ ਗਏ। ਅਤੇ ਇਸ ਨੂੰ ਮੰਦਰ ਨੂੰ ਬਣਾਉਣ ਲਈ ਬਿਲਕੁਲ ਉਣੰਜਾ ਸਾਲ ਲੱਗੇ ਸਨ, 14 ਮਾਰਚ ਤੋਂ—ਤੋਂ 5—538 ਈਸਾ ਪੂਰਵ ਤੱਕ। ਜਦੋਂ ਤੱਕ ਮੰਦਰ ਨੂੰ ਦੁਬਾਰਾ ਬਹਾਲ ਨਹੀਂ ਕੀਤਾ ਗਿਆ, ਅਤੇ ਗਲੀਆਂ ਨੂੰ ਬਹਾਲ ਕੀਤਾ ਗਿਆ, ਬਿਲਕੁਲ ਉਨਤਾਲੀ ਸਾਲ। ਤਾਂ, ਸਾਨੂੰ ਕੀ ਮਿਲਦਾ ਹੈ? ਸਾਨੂੰ ਕੀ ਮਿਲਦਾ ਹੈ? ਕਿਉਂਕਿ, ਜੇਕਰ ਸੱਤ ਹਫ਼ਤਿਆਂ ਦਾ ਅਰਥ ਹੈ ਉਣੰਜਾ ਸਾਲ, ਤਾਂ ਇੱਕ ਹਫ਼ਤਾ ਸੱਤ ਸਾਲਾਂ ਦੇ ਬਰਾਬਰ ਹੈ। ਅਤੇ ਸੱਤ ਗੁਣਾ ਸੱਤ ਉਣੰਜਾ ਹੈ। ਬਿਲਕੁਲ ਹੈ। ਉਥੇ ਤੁਸੀਂ ਹੋ।

73 ਇਸ ਲਈ ਹੁਣ ਇਸ ਬਾਰੇ ਕੋਈ ਹੋਰ ਅੰਦਾਜਾ ਨਹੀਂ ਹੈ। ਅਸੀਂ ਹੁਣ ਜਾਣਦੇ ਹਾਂ ਕਿ ਹਰ ਹਫ਼ਤੇ ਦਾ ਮਤਲਬ ਸੱਤ ਸਾਲ ਸੀ। ਕੀ ਤੁਹਾਨੂੰ ਇਹ ਸਮਝ ਆ ਗਿਆ ਹੈ? ਆਓ ਇਸਨੂੰ ਇਕੱਠੇ ਕਹੀਏ: "ਇੱਕ ਹਫ਼ਤਾ ਸੱਤ ਸਾਲਾਂ ਦੇ ਬਰਾਬਰ ਹੈ।" ਹੁਣ ਅਸੀਂ ਜਾਣਦੇ ਹਾਂ ਕਿ ਸਾਨੂੰ ਇਹ ਸਮਝ ਆ ਗਿਆ ਹੈ। ਇੱਕ ਹਫ਼ਤਾ ਸੱਤ ਸਾਲਾਂ ਦੇ ਬਰਾਬਰ ਹੈ।

74 *ਇੱਥੇ* ਅਸੀਂ ਹਾਂ, ਬਿਲਕੁਲ ਇੱਥੇ, ਪਹਿਲੇ ਹਫ਼ਤੇ ਵਿੱਚ। ਮੰਦਰ ਦੀ ਮੁੜ ਉਸਾਰੀ ਨੂੰ ਉਣੰਜਾ ਸਾਲ। ਹੁਣ, ਇੱਥੇ ਇਹ ਉੱਪਰਲੀ ਲਾਈਨ ਯਹੂਦੀ ਕੌਮ ਨੂੰ ਦਰਸਾਉਂਦੀ ਹੈ ਜਿਵੇਂ ਕਿ ਇਹ ਪਾਰ ਜਾਂਦੀ ਹੈ। ਇਹ ਸਿਰਫ ਸਮਾਂ ਹੈ। ਅਤੇ ਜਦੋਂ ਇਹ ਇੱਥੇ ਹੇਠਾਂ ਆਉਂਦੀ ਹੈ, ਇਹ ਯਹੂਦੀ ਕੌਮ ਵਿੱਚੋਂ ਨਿਕਲ ਕੇ, ਪਰਾਈਆਂ ਕੌਮਾਂ ਦੇ ਸਮੇਂ ਵਿੱਚ ਚਲੀ ਜਾਂਦੀ ਹੈ। ਫ਼ੇਰ ਦੁਬਾਰਾ ਉੱਪਰ ਜਾਂਦੀ ਹੈ ਅਤੇ ਇਸਰਾਏਲ ਨੂੰ ਜਾ ਮਿਲਦੀ ਹੈ, ਅਤੇ ਅੱਗੇ ਵੱਧਦੀ ਰਹਿੰਦੀ ਹੈ।

75 ਹੁਣ, ਪਰਾਈਆਂ ਕੌਮਾਂ ਲਈ ਕੋਈ ਨਿਸ਼ਚਿਤ ਸਮਾਂ ਨਿਯੁਕਤ ਨਹੀਂ ਕੀਤਾ ਗਿਆ ਸੀ। ਬਸ ਕਿਹਾ ਗਿਆ, "ਪਰਾਈਆਂ ਕੌਮਾਂ ਦਾ ਸਮਾਂ।" ਅਤੇ ਸਾਨੂੰ ਪਤਾ ਚਲਦਾ ਹੈ, ਇੱਥੋਂ ਤੱਕ ਕਿ ਯਿਸੂ ਨੇ ਵੀ ਉਨ੍ਹਾਂ ਲਈ ਕੋਈ ਸਮੇਂ ਦੀ ਹੱਦ ਨਹੀਂ ਠਹਿਰਾਈ। ਕਿਉਂਕਿ ਅਸੀਂ ਇੱਥੇ ਵੇਖਦੇ ਹਾਂ, ਲੂਕਾ 21:24 ਵਿੱਚ, ਉਸਨੇ ਕਿਹਾ, "ਯਰੂਸ਼ਲਮ ਪਰਾਈਆਂ ਕੌਮਾਂ ਤੋਂ ਲਤਾੜਿਆ ਜਾਵੇਗਾ ਜਦ ਤੀਕੁਰ ਪਰਾਈਆਂ ਕੌਮਾਂ ਦੇ…" ਮੈਨੂੰ ਇਸ ਦਾ ਹਵਾਲਾ ਦੇਣ ਦਿਓ। ਮੈਂ ਇਸਦਾ ਸਿਰਫ ਯਾਦਦਾਸ਼ਤ ਦੁਆਰਾ ਹਵਾਲਾ ਦੇ ਰਿਹਾ ਹਾਂ। ਮੈਨੂੰ ਇਸਨੂੰ ਪੜ੍ਹਨ ਦਿਓ,

ਕਿਉਂਕਿ ਇਹ ਟੇਪ ਤੇ ਹੋਵੇਗਾ, ਅਤੇ ਅਸੀਂ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਇਹ ਸਹੀ ਹੋਵੇ। ਠੀਕ ਹੈ, ਜੇ ਤੁਸੀਂ ਮੇਰੇ ਨਾਲ ਇਸ ਵੱਲ ਜਾਣਾ ਚਾਹੁੰਦੇ ਹੋ, ਸੰਤ ਲੂਕਾ 21:24 ਤੇ। ਮੈਂ ਇਸ ਦਾ ਸਪਸ਼ਟ ਅਧਿਐਨ ਕੀਤਾ ਹੈ, ਜਿੰਨਾ ਵੀ ਵਧੀਆ ਮੈਂ ਕਰ ਸਕਦਾ ਸੀ।

*ਓਹ ਤਲਵਾਰ ਦੀ ਧਾਰ ਨਾਲ ਮਾਰੇ ਜਾਣਗੇ ਅਤੇ ਬੰਧੂਏ ਹੋ ਕੇ…*

ਉਹ ਕਿਨ੍ਹਾਂ ਦੀ ਗੱਲ ਕਰ ਰਿਹਾ ਹੈ? ਯਹੂਦੀਆਂ ਦੀ। ਇਹ ਮੰਦਰ ਦੀ ਤਬਾਹੀ ਸੀ, 70 ਇਸਵੀ।

*…ਅਤੇ ਉਹ ਬੰਧੂਏ ਹੋ ਕੇ ਸਭ ਕੌਮਾਂ ਵਿੱਚ ਪੁਚਾਏ ਜਾਣਗੇ:…*

ਹੁਣ ਯਾਦ ਰੱਖੋ, ਨਾ ਸਿਰਫ਼ ਬਾਬਲ ਵਿੱਚ, ਨਾ ਸਿਰਫ਼ ਰੋਮ ਵਿੱਚ, ਪਰ "ਸਾਰੀਆਂ ਕੌਮਾਂ" ਵਿੱਚ। ਅੱਜ ਯਹੂਦੀ ਉੱਥੇ ਹੀ ਹਨ, "ਸਾਰੀਆਂ ਕੌਮਾਂ ਵਿੱਚ।"

*…ਅਰ ਯਰੂਸ਼ਲਮ ਪਰਾਈਆਂ ਕੌਮਾਂ ਤੋਂ ਲਤਾੜਿਆ ਜਾਵੇਗਾ ਜਦ ਤੀਕੁਰ ਪਰਾਈਆਂ ਕੌਮਾਂ ਦੇ ਸਮੇ ਪੂਰੇ ਨਾ ਹੋਣ।*

76 ਫਿਰ, ਇੱਕ ਠਹਿਰਾਇਆ ਹੋਇਆ ਸਮਾਂ ਹੈ, ਪਰ ਕੋਈ ਨਹੀਂ ਜਾਣਦਾ ਕਿ ਇਹ ਕਦੋਂ ਹੋਵੇਗਾ। ਸਮਝੇ? ਇਹ ਇੱਕ ਭੇਤ ਹੈ, ਵੇਖੋ, ਪਰਾਈਆਂ ਕੌਮਾਂ ਦਾ ਸਮਾਂ। ਪਰ, ਯਹੂਦੀ…ਫਿਰ, ਅਸੀਂ ਇਸ ਨਾਲ ਸਮਾਂ ਨਹੀਂ ਦੱਸ ਸਕਦੇ ਕਿ ਕਲੀਸਿਯਾ ਕਿਸ ਹਾਲਤ ਵਿੱਚ ਹੈ, ਭਾਵੇਂ ਇਹ ਪਿੱਛੇ ਹਟ ਗਈ ਹੈ ਜਾਂ ਕੀ ਇਹ ਅੱਗੇ ਵੱਧ ਰਹੀ ਹੈ, ਜਾਂ ਇਹ ਕੀ ਕਰ ਰਹੀ ਹੈ। ਤੁਸੀਂ ਇਸ ਦੁਆਰਾ ਨਹੀਂ ਦੱਸ ਸਕਦੇ। ਪਰ, ਯਹੂਦੀਆਂ ਨੂੰ ਦੇਖੋ, ਉੱਥੇ ਹੀ ਸਮੇਂ ਦਾ ਕੈਲੰਡਰ ਹੈ। ਕੀ ਤੁਸੀਂ ਇਸਨੂੰ ਦੇਖਦੇ ਹੋ? ਪਰਮੇਸ਼ੁਰ ਨੇ ਉਨ੍ਹਾਂ ਨੂੰ ਠੀਕ ਇੱਕ ਦਿਨ, ਘੜੀ ਅਤੇ ਸਮਾਂ ਦਿੱਤਾ, ਪਰ ਉਸਨੇ ਕਦੇ ਵੀ ਪਰਾਈਆਂ ਕੌਮਾਂ ਨੂੰ ਨਹੀਂ ਦਿੱਤਾ। ਉਸਨੇ ਯਹੂਦੀਆਂ ਨੂੰ ਦਿੱਤਾ, ਇਸ ਲਈ ਆਓ ਯਹੂਦੀਆਂ ਨੂੰ ਵੇਖੀਏ, ਫਿਰ ਅਸੀਂ ਦੇਖਾਂਗੇ ਕਿ ਅਸੀਂ ਕਿੱਥੇ ਹਾਂ।

77 ਹੁਣ, ਹੁਣ, ਸੱਤ ਹਫ਼ਤੇ ਉਣੰਜਾ ਸਾਲ ਹਨ। ਸਾਨੂੰ ਹੁਣ ਇਹ ਸਪੱਸ਼ਟ ਹੋ ਗਿਆ ਹੈ, ਕਿ ਇੱਕ ਹਫ਼ਤਾ—ਇੱਕ ਹਫ਼ਤਾ ਸੱਤ ਸਾਲ ਹਨ; ਇੱਕ ਹਫ਼ਤਾ, ਸੱਤ ਸਾਲ।

78 ਹੁਣ ਸਾਨੂੰ ਦੱਸਿਆ ਗਿਆ ਹੈ, "ਆਗਿਆ ਨਿਕਲਣ ਤੋਂ…" ਹੁਣ, ਇਹ ਉਹ ਥਾਂ ਹੈ ਜਿੱਥੇ ਪਰੇਸ਼ਾਨੀ ਆਉਂਦੀ ਹੈ। ਹੁਣ ਸਾਨੂੰ ਦੱਸਿਆ ਗਿਆ ਹੈ:

*…ਸ਼ਹਿਰ ਨੂੰ ਦੁਬਾਰਾ ਉਸਾਰਨ ਦੀ ਆਗਿਆ ਨਿਕਲਣ ਤੋਂ ਲੈ ਕੇ ਮਸੀਹਾ ਤੱਕ* (ਅਤੇ ਮਸੀਹਾ ਮਸੀਹ ਸੀ, ਬੇਸ਼ਕ) *ਸੱਤ ਸਾਤੇ*

*ਹੋਣਗੇ ਅਤੇ ਅਤੇ ਤੀਹ ਅਤੇ ਦੋ ਸਾਤੇ;* (ਉਣਹੱਤਰ ਹਫ਼ਤੇ ਬਣਦੇ ਹਨ)...

ਸਮਝੇ? ਠੀਕ ਹੈ। ਅਤੇ ਸੱਤ ਗੁਣਾ ਉਣਹੱਤਰ ਚਾਰ ਸੌ ਅਠਾਈ ਸਾਲ ਬਣਦੇ ਹਨ। ਹੁਣ, ਤੁਸੀਂ ਇਸਨੂੰ ਸਮਝ ਰਹੇ ਹੋ? ਜੇਕਰ ਤੁਸੀਂ ਚਾਹੁੰਦੇ ਹੋ ਕਿ ਮੈਂ ਇਸਨੂੰ ਦੁਹਰਾਵਾਂ, ਤਾਂ ਮੈਨੂੰ ਇਹ ਕਰਨ ਵਿੱਚ ਖੁਸ਼ੀ ਹੋਵੇਗੀ।

79 ਹੁਣ ਸਾਨੂੰ ਦੱਸਿਆ ਗਿਆ ਹੈ, "ਸ਼ਹਿਰ ਨੂੰ ਦੁਬਾਰਾ ਉਸਾਰਨ ਦੀ ਆਗਿਆ ਨਿਕਲਣ ਤੋਂ ਲੈ ਕੇ, ਮਸੀਹਾ ਤੱਕ, ਸੱਤ ਹੋਣਗੇ," (ਸੱਤ, ਇਹ ਪਹਿਲਾ ਹੈ—ਪਹਿਲਾ, ਇੱਥੇ) "ਸੱਤ ਹਫ਼ਤੇ, ਅਤੇ ਸੱਠ ਅਤੇ ਦੋ," ਬਣਦੇ ਹਨ, ਬਾਹਠ ਅਤੇ ਸੱਤ, ਉਣਹੱਤਰ ਹਫ਼ਤੇ। ਸੱਤ ਗੁਣਾ ਉਣਹੱਤਰ ਚਾਰ ਸੌ ਅਠਾਈ ਸਾਲ ਬਣ ਜਾਣਗੇ। ਇਸ ਲਈ, ਮਸੀਹਾ ਤੱਕ...ਹੁਣ ਅਸੀਂ *ਇੱਥੇ* ਇਸ ਹਿੱਸੇ ਵੱਲ ਆ ਰਹੇ ਹਾਂ। ਮਸੀਹਾ ਤੱਕ, ਇਹ ਚਾਰ ਸੌ ਤ੍ਰਿਆਸੀ ਸਾਲ ਹੋਣੇ ਚਾਹੀਦੇ ਹਨ, ਚਾਰ ਸੌ ਤ੍ਰਿਆਸੀ ਸਾਲ।

80 ਹੁਣ, ਹੁਣ, ਯਿਸੂ, ਮਸੀਹਾ, ਇੱਕ ਚਿੱਟੇ ਖੱਚਰ ਦੀ ਪਿੱਠ ਸਵਾਰ ਹੋ ਕੇ, ਫਤਿਹ, ਯਰੂਸ਼ਲਮ ਦੇ ਸ਼ਹਿਰ ਵਿੱਚ ਗਿਆ, ਪਾਮ ਸੰਡੇ ਦੇ ਦਿਨ, 2 ਅਪ੍ਰੈਲ, 30 ਇਸਵੀ ਨੂੰ। ਯਿਸੂ ਨੇ ਪਾਮ ਸੰਡੇ ਦੇ ਦਿਨ ਯਰੂਸ਼ਲਮ ਵਿੱਚ ਸਵਾਰੀ ਕੀਤੀ, 30 ਇਸਵੀ। ਅਤੇ ਹੁਣ, ਹੁਣ, 445 ਈਸਾ ਪੂਰਵ ਤੋਂ 30 ਇਸਵੀ ਤਕ, ਬਿਲਕੁਲ ਚਾਰ ਸੌ ਪੰਝੱਤਰ ਸਾਲ ਬਣਦੇ ਹਨ।

81 ਪਰ, ਜਿਵੇਂ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ, ਕਿ ਉਣਹੱਤਰ ਹਫ਼ਤੇ ਚਾਰ ਸੌ ਤ੍ਰਿਆਸੀ ਸਾਲ ਬਣਦੇ ਹਨ। ਹੁਣ, ਉੱਥੇ ਹੀ ਪਰੇਸ਼ਾਨੀ ਆਉਂਦੀ ਹੈ, ਉੱਥੇ ਹੀ। ਸਮਝੇ? ਸਾਡੇ ਕੋਲ, ਬਾਈਬਲ ਦੀ ਨਿਸ਼ਾਨਦੇਹੀ ਦੇ ਅਨੁਸਾਰ, ਸਮਾਂ ਹੈ, ਸਿਰਫ ਚਾਰ ਸੌ ਪੰਝੱਤਰ ਸਾਲ। ਅਤੇ, ਅਸਲ ਵਿੱਚ, ਇਹ ਚਾਰ ਸੌ ਤ੍ਰਿਆਸੀ ਸਾਲ ਹਨ, ਅੱਠ ਸਾਲਾਂ ਦਾ ਅੰਤਰ ਹੈ।

82 ਹੁਣ, ਪਰਮੇਸ਼ੁਰ ਇਹ ਗਲਤੀ ਨਹੀਂ ਕਰ ਸਕਦਾ। ਜੇ ਉਸਨੇ ਕਿਹਾ ਕਿ ਇਹ ਇੰਨੇ ਦਿਨ ਹੋਣਗੇ, ਤਾਂ ਇਹ ਇੰਨੇ ਹੀ ਦਿਨ ਹਨ। ਜੇ ਉਹ ਕਹਿੰਦਾ ਹੈ ਕਿ ਇਹ ਇੰਨੇ ਹਨ, ਤਾਂ ਇਹ ਇੰਨੇ ਹੀ ਹਨ। ਤਾਂ ਅਸੀਂ ਕੀ ਕਰਨ ਜਾ ਰਹੇ ਹਾਂ? ਹੁਣ, ਬੀ.ਸੀ. 475 ਈਸਾ ਪੂਰਵ ਤੋਂ 30 ਇਸਵੀ ਤਕ, ਜੂਲੀਅਨ ਜਾਂ ਖਗੋਲ ਸਾਲ ਹਨ, ਜਿਨਾਂ ਦੇ ਵਿੱਚੋਂ ਹਰੇਕ ਵਿੱਚ—ਵਿੱਚ ਤਿੰਨ ਸੌ ਪੈਂਹਠ ਦਿਨ ਅਤੇ ਇੱਕ ਦਿਨ ਦਾ ਚੌਥਾਂ ਹਿੱਸਾ ਹੁੰਦਾ ਹੈ। ਪਰ ਜਦੋਂ ਅਸੀਂ ਉਨ੍ਹਾਂ ਦਿਨਾਂ ਨੂੰ ਆਪਣੇ ਭਵਿੱਖਬਾਣੀ ਕੈਲੰਡਰ ਵਿੱਚੋਂ ਘਟਾਉਂਦੇ ਹਾਂ...

83 ਹੁਣ ਮੈਨੂੰ ਇੱਥੇ ਇੱਕ ਮਿੰਟ ਰੁਕਣ ਦਿਓ। ਕਿ ਤੁਸੀਂ ਸ਼ੱਕ ਦੇ ਇੱਕ ਵੀ ਪਰਛਾਵੇਂ ਤੋਂ ਵੀ ਬਿਨਾਂ ਜਾਣ ਸਕੋ, ਮੈਂ ਸਿਰਫ਼ ਉਸ ਥਾਂ ਨੂੰ ਨਹੀਂ ਲਵਾਂਗਾ।

ਮੈਂ ਇਸਨੂੰ ਪੂਰੇ ਵਚਨ ਵਿੱਚੋਂ ਲੈ ਸਕਦਾ ਹਾਂ ਅਤੇ ਤੁਹਾਡੇ ਲਈ ਸਾਬਤ ਕਰ ਸਕਦਾ ਹਾਂ ਕਿ ਸੱਤ ਦਿਨ ਉਹ ਸੱਤ ਹਨ, ਇੱਕ ਹਫ਼ਤਾ ਸੱਤ ਸਾਲ ਹੈ—ਹੈ, ਬਾਈਬਲ ਵਿਚ। ਮੈਂ ਇਸਨੂੰ ਹੁਣੇ ਇੱਥੇ ਕੀਤਾ ਹੈ, ਪਰਕਾਸ਼ ਦੀ ਪੋਥੀ ਵਿੱਚ 13 ਅਧਿਆਇ, ਜਾਂ 11ਵਾਂ ਅਧਿਆਇ ਅਤੇ ਤੀਸਰੀ ਆਇਤ। ਉਹ ਨਬੀ ਇੱਕ ਹਜ਼ਾਰ ਦੋ ਸੌ ਸੱਠ ਦਿਨਾਂ ਲਈ ਭਵਿੱਖਬਾਣੀ ਕਰਨਗੇ, ਜੋ ਯਹੂਦੀਆਂ ਦੇ ਆਖ਼ਰੀ ਹਫ਼ਤੇ ਦੇ ਵਿਚਕਾਰ ਹੈ, ਫਿਰ ਉਹ ਕੱਟੇ ਜਾਂਦੇ ਹਨ ਅਤੇ ਆਰਮਾਗੇਡਨ ਸ਼ੁਰੂ ਹੁੰਦਾ ਹੈ। ਫਿਰ ਜੇ ਉਹ ਅਜਿਹਾ ਸੀ, ਤਾਂ ਇਹ ਹੁਣ ਵੀ ਅਜਿਹਾ ਹੈ, ਇੱਕ ਮਹੀਨੇ ਵਿੱਚ ਤੀਹ ਦਿਨ। ਸਮਝੇ? ਫਿਰ, ਇਹ—ਇਹ ਕੋਈ ਇੱਕਤੀ ਦਿਨ ਅਤੇ ਅੱਠਾਈ ਦਿਨ ਨਹੀਂ ਹਨ, ਅਤੇ ਵਗੈਰਾ ਵਗੈਰਾ। ਇਸ ਦੇ ਇੱਕ ਮਹੀਨੇ ਵਿੱਚ ਬਿਲਕੁਲ ਤੀਹ ਦਿਨ ਹੁੰਦੇ ਹਨ, ਹਰ ਵਾਰ।

84 ਸਾਡਾ ਭਵਿੱਖਬਾਣੀ ਕੈਲੰਡਰ ਸਾਨੂੰ ਤਿੰਨ ਸੌ ਸੱਠ ਦਿਨਾਂ ਤੱਕ ਲਿਆਉਂਦਾ ਹੈ, ਜਿਵੇਂ ਅਸੀਂ ਹੁਣ ਲਿਖਤਾਂ ਵਿੱਚ ਵਰਤਦੇ ਹਾਂ। ਸਾਡੇ ਕੋਲ ਬਿਲਕੁੱਲ ਚਾਰ ਸੌ ਤ੍ਰਿਆਸੀ ਸਾਲ ਹਨ। ਉੱਥੇ ਇਹ ਹੈ, ਚਾਰ ਸੌ ਤ੍ਰਿਆਸੀ ਸਾਲ। ਇੱਥੇ ਸਾਡੇ ਕੋਲ ਭਵਿੱਖਬਾਣੀ ਦਾ ਪੱਕਾ ਸਬੂਤ ਹੈ, ਬਿਲਕੁਲ ਸੱਚ। ਕਿਉਂਕਿ, ਮੰਦਰ ਦੀ ਉਸਾਰੀ ਦੀ ਆਗਿਆ ਨਿਕਲਣ ਦੇ ਸਮੇਂ ਤੋਂ ਲੈ ਕੇ, ਤਬਾਹ ਹੋਣ ਤੱਕ, ਜਦੋਂ ਉਨ੍ਹਾਂ ਨੇ ਮਸੀਹ ਨੂੰ ਰੱਦ ਦਿੱਤਾ ਅਤੇ ਉਸ ਨੂੰ 33 ਇਸਵੀ ਵਿੱਚ ਮਾਰ ਦਿੱਤਾ, ਜਦੋਂ ਮਸੀਹ ਨੂੰ ਮਾਰਿਆ ਗਿਆ ਸੀ, ਬਿਲਕੁਲ ਚਾਰ ਸੌ ਤ੍ਰਿਆਸੀ ਸਾਲ ਹਨ।

ਹੁਣ, ਯਰੂਸ਼ਲਮ ਦੇ ਦੁਬਾਰਾ ਉਸਾਰਨ ਦੀ ਆਗਿਆ ਨਿਕਲਣ ਤੋਂ ਲੈ ਕੇ, ਸੱਤ ਹਫ਼ਤੇ ਨਿਰਧਾਰਤ ਕੀਤੇ ਗਏ ਸਨ, ਜਿਸਦਾ ਅਰਥ ਹੈ ਉਣੰਜਾ ਸਾਲ। ਅਤੇ ਉਣੰਜਾ ਸਾਲ ਇਸ ਨਾਲ ਬਿਲਕੁਲ ਸਹੀ ਬੈਠਦੇ ਹਨ। ਖੈਰ, ਮੰਦਰ ਦੇ ਪੁਨਰ ਨਿਰਮਾਣ ਤੋਂ ਲੈ ਕੇ ਮਸੀਹਾ ਤੱਕ, ਚਾਰ ਸੌ ਅਠੱਤੀ ਸਾਲ ਸਨ। ਸੋ, ਚਾਰ ਸੌ ਤੀ-…ਚਾਰ ਸੌ ਚੌਂਤੀ ਸਾਲ। ਅਤੇ ਚਾਰ ਸੌ ਚੌਂਤੀ (ਸਮਾਂ), ਉਣੰਜਾ, ਠੀਕ ਚਾਰ ਸੌ ਤ੍ਰਿਆਸੀ ਸਾਲ ਬਣਦੇ ਹਨ। ਇਹ ਇਸ ਦੇ ਨਾਲ ਨਕੋ ਨੱਕ ਮੇਲ ਖਾਂਦਾ ਹੈ, ਬਿਲਕੁਲ ਦਿਨ ਤਕ, ਦਿਨ ਤੋਂ ਦਿਨ ਤੱਕ। ਆਮੀਨ! ਉਥੇ ਤੁਸੀਂ ਹੋ।

85 "ਰਾਜਕੁਮਾਰ ਮਸੀਹਾ ਆਵੇਗਾ।" ਸਮਝੇ? ਸੱਤ ਗੁਣਾ ਉਣਹੱਤਰ ਬਣਦੇ ਹਨ ਚਾਰ ਸੌ ਤੇਹ-…ਅਤੇ—ਅਤੇ ਚੁਰਾਸੀ ਸਾਲ। ਬਿਲਕੁਲ, ਇਸ ਨਾਲ ਨਕੋ ਨੱਕ ਮੇਲ ਖਾਂਦਾ ਹੈ। ਇਸ ਲਈ, ਫਿਰ, ਅਸੀਂ ਪੂਰੀ ਤਰ੍ਹਾਂ ਜਾਣਦੇ ਹਾਂ, ਅਸੀਂ ਬਿਲਕੁਲ ਜਾਣਦੇ ਹਾਂ, ਕਿ ਉਹ ਵਚਨ ਸਹੀ ਹੈ। ਇਹ ਇੱਥੇ ਹੈ। ਪਰ, ਤੁਸੀਂ ਦੇਖਦੇ ਹੋ, ਇਹ ਸਭ…

86 ਜਦੋਂ ਪਰਮੇਸ਼ੁਰ ਕੋਲ ਐਂਟੀਲੁਵਿਅਨ ਸੰਸਾਰ ਸੀ ਅਤੇ ਇਸਨੂੰ ਪਾਣੀ ਦੁਆਰਾ ਨਸ਼ਟ ਕਰ ਦਿੱਤਾ, ਅਤੇ ਖਗੋਲ ਵਿਗਿਆਨ ਦੀ ਤਾਰੀਖ ਬਦਲ ਦਿੱਤੀ; ਅਤੇ ਫਿਰ ਰੋਮੀਆਂ ਨੂੰ ਆਉਣ ਦਿੱਤਾ ਅਤੇ ਉਹਨਾਂ ਦਾ ਕੈਲੰਡਰ ਬਣਾਉਣ ਦਿੱਤਾ, ਜਿਸ ਨਾਲ ਇਹ ਮੇਲ ਨਹੀਂ ਖਾਂਦਾ, ਅਤੇ ਹੋਰ ਬਹੁਤ ਕੁਝ। ਅਤੇ ਮੇਰਾ ਅੰਦਾਜ਼ਾ ਹੈ, ਕਿ, ਐਨਸਾਈਕਲੋਪੀਡੀਆ ਵਿੱਚ ਵੀ ਜਿੱਥੇ ਮੈਂ ਪੜ੍ਹ ਰਿਹਾ ਸੀ…

87 ਜਿਸ, ਤਰੀਕੇ ਨਾਲ, ਭਾਈ ਕੈਨੀ ਕੋਲਿਨਜ਼, ਕੀ ਉਹ ਅੱਜ ਸਵੇਰੇ ਇਮਾਰਤ ਵਿੱਚ ਹੈ, ਕੇਨੇਥ ਕੋਲਿਨਜ਼? ਤੁਸੀਂ ਜਾਣਦੇ ਹੋ ਜਦੋਂ ਤੁਸੀਂ ਮੈਨੂੰ ਐਨਸਾਈਕਲੋਪੀਡੀਆ ਦਾ ਉਹ ਵੱਡਾ ਗੁੱਛਾ ਭੇਜਿਆ ਸੀ? ਤੁਹਾਨੂੰ ਉਹ ਯਾਦ ਹੈ? ਤੁਸੀਂ ਮੈਨੂੰ ਉੱਥੇ ਲਗਭਗ ਇੱਕ ਟਰੱਕ ਭਰ ਕੇ ਭੇਜਿਆ ਸੀ। ਮੈਂ ਸੋਚਿਆ, “ਦੁਨੀਆਂ ਵਿਚ ਮੇਰੇ ਵਰਗਾ ਅਨਾੜੀ ਇਸ ਸਭ ਨਾਲ ਕੀ ਕਰੇਗਾ?” ਤੁਸੀਂ ਜਾਣਦੇ ਹੋ, ਪ੍ਰਭੂ ਤੁਹਾਡੀ ਅਗਵਾਈ ਕਰ ਰਿਹਾ ਸੀ, ਕੇਨੀ। ਇਹ ਉਹ ਥਾਂ ਹੈ ਜਿੱਥੇ ਮੈਨੂੰ ਜਾਣਕਾਰੀ ਮਿਲੀ, ਬਿਲਕੁਲ ਉਸ ਪੁਰਾਣੇ ਐਨਸਾਈਕਲੋਪੀਡੀਆ ਤੋਂ, “ਸਮਾਂ,” ਅਤੇ ਮੈਂ ਪੜ੍ਹ ਰਿਹਾ ਸੀ। ਅਤੇ ਬੇਕੀ ਉਹਨਾਂ ਨੂੰ ਆਪਣੇ ਸਕੂਲ ਵਿੱਚ ਵਰਤਦੀ ਹੈ। ਮੈਂ ਉਹਨਾਂ ਨੂੰ ਆਪਣੇ ਅਧਿਐਨ ਵਿੱਚ, ਹੇਠਾਂ ਆਪਣੇ ਕਮਰੇ ਵਿੱਚ ਰੱਖਿਆ ਹੈ। ਅਤੇ ਅਸੀਂ ਉੱਥੇ ਹੇਠਾਂ ਗਏ ਅਤੇ ਇਸਨੂੰ ਲਿਆ, ਅਤੇ ਉੱਥੇ ਅਸੀਂ ਇਸਨੂੰ ਦੇਖਿਆ, ਅਤੇ ਇਸ ਨੂੰ ਲੱਭਿਆ, ਬਿਲਕੁਲ, ਸਾਰੇ ਕੈਲੰਡਰਾਂ ਅਤੇ ਸਮੇਂ ਦੁਆਰਾ ਜੋ ਹੁਣ ਤੱਕ ਹੋਇਆ ਹੈ। ਦੇਖੋ? ਇਸ ਲਈ, ਸਾਨੂੰ ਇਹ ਮਿਲ ਗਿਆ।

88 ਉੱਥੇ ਇਹ, ਬਿਲਕੁਲ, ਚਾਰ ਸੌ ਤ੍ਰਿਆਸੀ ਸਾਲ ਹਨ। ਇਮਾਰਤ ਦੀ ਮੁੜ ਉਸਾਰੀ ਦੀ—ਦੀ ਆਗਿਆ ਨਿਕਲਨ ਤੋਂ ਲੈ ਕੇ, ਉਸ ਸਮੇਂ ਤੱਕ ਜਦੋਂ ਰਾਜਕੁਮਾਰ ਮਸੀਹਾ ਨੂੰ ਰੱਦ ਦਿੱਤਾ ਗਿਆ ਸੀ, ਕੈਲੰਡਰ ਦੁਆਰਾ, ਠੀਕ ਚਾਰ ਸੌ ਤ੍ਰਿਆਸੀ ਸਾਲ ਬਣਦੇ ਹਨ।

89 ਹੁਣ ਤੁਸੀਂ ਵੇਖੋ, ਅਸੀਂ ਇੱਥੇ ਉਸੇ ਕੈਲੰਡਰ ਦੀ ਵਰਤੋਂ ਕਰ ਰਹੇ ਹਾਂ। ਕਿਉਂਕਿ, ਜੇਕਰ ਪਰਮੇਸ਼ੁਰ ਨੇ ਇੱਥੇ ਇਸ ਕੈਲੰਡਰ ਦੀ ਵਰਤੋਂ ਕੀਤੀ ਹੈ, ਤਾਂ ਉਸਨੂੰ ਬਾਈਬਲ ਦੇ ਬਾਕੀ ਸਮੇਂ ਦੌਰਾਨ ਵੀ ਇਸ ਨੂੰ ਹੀ ਵਰਤਣਾ ਪਏਗਾ। ਕੀ ਇਹ ਸਹੀ ਹੈ? ਪਰਮੇਸ਼ੁਰ ਨਹੀਂ ਬਦਲਦਾ। ਇਸ ਲਈ, ਜੇਕਰ ਸੱਤ ਹਫ਼ਤੇ ਉਣੰਜਾ ਸਾਲ ਸਨ, ਤਾਂ ਫਿਰ ਹੁਣ ਵੀ ਸੱਤ ਹਫ਼ਤੇ ਉਣੰਜਾ ਸਾਲ ਹੀ ਹਨ। ਇੱਕ ਹਫ਼ਤਾ ਸੱਤ ਸਾਲ ਹੁੰਦਾ ਹੈ, ਵੇਖੋ, ਇਸ ਲਈ ਇਹ ਇਸਨੂੰ ਬਿਲਕੁਲ ਸਹੀ ਬਣਾਉਂਦਾ ਹੈ। ਅਤੇ ਜੇਕਰ ਇਹ ਉੱਥੇ ਉਸ ਨਾਲ ਬਿਲਕੁਲ ਮੇਲ ਖਾਂਦਾ ਸੀ, ਤਾਂ ਇਸ ਨੂੰ ਦੁਬਾਰਾ ਇੱਥੇ ਵੀ ਇਸ ਨਾਲ ਬਿਲਕੁਲ ਮੇਲ ਖਾਣਾ ਚਾਹੀਦਾ

ਹੈ। ਆਮੀਨ! ਔਹ, ਮੇਰੇ! ਇਹ ਮੈਨੂੰ ਉੱਤੇਜਿੱਤ ਕਰ ਦਿੰਦਾ ਹੈ। ਔਹ, ਮੈਨੂੰ—ਮੈਨੂੰ—ਮੈਨੂੰ ਪਸੰਦ ਹੈ, ਮੈਨੂੰ ਇਹ ਜਾਣਨਾ ਪਸੰਦ ਹੈ ਕਿ ਮੈਂ ਕਿਸ ਬਾਰੇ ਗੱਲ ਕਰ ਰਿਹਾ ਹਾਂ। ਮੈਨੂੰ—ਮੈਨੂੰ—ਮੈਨੂੰ ਇਹ ਬਹੁਤ ਪਸੰਦ ਹੈ।

ਕਿਉਂਕਿ, ਜਿਵੇਂ ਪੁਰਾਣੇ ਸਾਥੀ ਨੇ ਕਿਹਾ, ਕੈਂਟਕੀ ਵਿੱਚ, ਮੈਨੂੰ, ਕਿਹਾ, "ਮੈਨੂੰ ਕਿਸੇ ਦੀ ਗੱਲ ਸੁਣਨਾ ਪਸੰਦ ਹੈ, ਜੋ ਜਾਣਦਾ ਹੈ ਕਿ ਉਹ ਕਿਸ ਬਾਰੇ ਗੱਲ ਕਰ ਰਿਹਾ ਹੈ।"

ਮੈਂ ਕਿਹਾ, "ਮੈਂ ਵੀ, ਕਰਦਾ ਹਾਂ।"

ਉਸ ਨੇ ਕਿਹਾ, "ਤੁਹਾਡੇ ਪ੍ਰਚਾਰਕਾਂ ਨਾਲ ਇਹੀ ਪਰੇਸ਼ਾਨੀ ਹੈ, ਤੁਸੀਂ ਨਹੀਂ ਜਾਣਦੇ ਕਿ ਤੁਸੀਂ ਕਿਸ ਬਾਰੇ ਗੱਲ ਕਰ ਰਹੇ ਹੋ।"

90 "ਖੈਰ," ਮੈਂ ਕਿਹਾ, "ਮੈਂ ਤੁਹਾਡੀ ਤਾਰੀਫ਼ ਦੀ ਕਦਰ ਕਰਦਾ ਹਾਂ, ਪਰ ਕੁਝ ਚੀਜ਼ਾਂ ਹਨ ਜੋ ਅਸੀਂ ਜਾਣਦੇ ਹਾਂ ਕਿ ਅਸੀਂ ਕਿਸ ਬਾਰੇ ਗੱਲ ਕਰ ਰਹੇ ਹਾਂ।" ਊਂ-ਹੂੰ। ਇਹ ਠੀਕ ਹੈ। ਮੈਨੂੰ ਪਤਾ ਹੈ ਕਿ ਮੈਂ ਦੁਬਾਰਾ ਜਨਮ ਲਿਆ ਹੈ। ਮੈਂ ਜਾਣਦਾ ਹਾਂ ਕਿ ਮੈਂ ਮੌਤ ਤੋਂ ਜੀਵਨ ਵਿੱਚ ਚਲਾ ਗਿਆ ਹਾਂ। ਮੈਂ ਜਾਣਦਾ ਹਾਂ ਕਿ ਇੱਕ ਪਰਮੇਸ਼ੁਰ ਹੈ, ਕਿਉਂਕਿ ਮੈਂ ਉਸ ਨਾਲ ਗੱਲ ਕੀਤੀ ਹੈ।

ਮੈਂ ਉਸਨੂੰ ਮੇਰੇ ਦੁਆਰਾ ਗੱਲ ਦਿੱਤੀ, ਅਤੇ ਮੇਰੇ ਨਾਲ ਗੱਲ ਕਰਨ ਦਿੱਤੀ, ਅਤੇ ਦੂਜਿਆਂ ਨਾਲ ਗੱਲ ਕੀਤੀ, ਅਤੇ ਮੈਨੂੰ ਦੂਜਿਆਂ ਬਾਰੇ ਦੱਸਿਆ। ਅਤੇ ਮੈਂ ਜਾਣਦਾ ਹਾਂ ਕਿ ਉਹ ਪਰਮੇਸ਼ੁਰ ਹੈ। ਇਹ ਠੀਕ ਹੈ। ਉਹ ਐਨਾ ਚੰਗਾ ਸੀ ਕਿ ਉਹ ਹੇਠਾਂ ਆਇਆ ਅਤੇ ਮੈਨੂੰ ਉਸ ਨਾਲ ਆਪਣੀ ਤਸਵੀਰ ਲੈਣ ਦਿੱਤੀ, ਜਿੱਥੇ ਵਿਗਿਆਨਕ ਸੰਸਾਰ ਇਸ ਤੋਂ ਇਨਕਾਰ ਨਹੀਂ ਕਰ ਸਕਦਾ। ਅਤੇ ਮੈਂ ਵਚਨ ਵੱਲ ਮੁੜਿਆ ਅਤੇ ਦੇਖਿਆ ਕਿ ਇਹ ਬਿਲਕੁਲ ਇਸ ਕਲੀਸਿਯਾ ਦੇ ਯੁੱਗ ਨੂੰ ਪੂਰਾ ਕਰਨ ਲਈ ਹੈ, ਬਿਲਕੁਲ ਜੋ ਵਾਪਰਦਾ ਹੈ, ਤਾਂ ਜੋ ਮੈਨੂੰ ਪਤਾ ਹੋਵੇ ਕਿ ਅਸੀਂ ਇੱਥੇ ਹਾਂ। ਆਮੀਨ।

91 ਹੁਣ, ਅਸੀਂ ਸ਼ਾਇਦ ਪੜ੍ਹੇ-ਲਿਖੇ ਨਾ ਹੋਈਏ। ਹੋ ਸਕਦਾ ਹੈ ਕਿ ਅਸੀਂ ਉੱਚ ਪੱਧਰੀ ਲੋਕ ਨਾ ਹੋਈਏ, ਅਤੇ ਅਜਿਹਿਆਂ ਚੀਜਾਂ। ਅਸੀਂ ਸ਼ਾਇਦ ਮਾਣਯੋਗ ਨਾ ਹੋਈਏ, ਪਰ ਅਸੀਂ ਪਰਮੇਸ਼ੁਰ ਨੂੰ ਜਾਣਦੇ ਹਾਂ। ਅਸੀਂ ਉਸਨੂੰ ਜਾਣਦੇ ਹਾਂ ਕਿਉਂਕਿ ਇੱਥੇ ਇੱਕ ਪਵਿੱਤਰ ਆਤਮਾ ਹੈ, ਵੇਖੋ, ਅਤੇ ਇਹ ਵਚਨ ਨਾਲ ਸ਼ਬਦ-ਦਰ-ਸ਼ਬਦ ਮੇਲ ਖਾਂਦਾ ਹੈ, ਤਦ ਅਸੀਂ ਜਾਣਦੇ ਹਾਂ ਕਿ ਇਹ ਸੱਚ ਹੈ। ਅਸੀਂ ਆਖਰੀ ਦਿਨਾਂ ਵਿੱਚ ਰਹਿ ਰਹੇ ਹਾਂ।

92 ਹੁਣ, ਉੱਥੇ, ਹੁਣ ਯਾਦ ਰੱਖੋ, ਕਿ, ਇਹ ਭਵਿੱਖਬਾਣੀ ਸਾਲ, ਜਿਸ ਵਿੱਚ ਤਿੰਨ ਸੌ ਸੱਠ ਦਿਨ ਹਨ। ਬਾਕੀ ਸਭ ਕੁਝ ਦੇਖੋ। ਕੁਦਰਤ, ਜੇ ਤੁਹਾਡੇ ਵਿੱਚੋਂ ਕੁਝ ਲੋਕ ਸਮਝ ਸਕਦੇ ਹਨ, ਇੱਥੋਂ ਤੱਕ ਕਿ ਔਰਤਾਂ ਨੂੰ ਵੀ, ਸੋ ਇਸ ਤਰ੍ਹਾਂ।

ਸਮਝੇ? ਤੀਹ, ਤੀਹ ਦਿਨ, ਬੱਸ ਇਸ ਨੂੰ ਵੇਖੋ—ਇਹ ਹੈ…ਸਾਰੀ ਕੁਦਰਤ ਇਸੇ ਤਰ੍ਹਾਂ ਬਣਾਈ ਹੋਈ ਹੈ। ਦੇਖੋ? ਇੱਕਤੀ, ਤੀਹ, ਅਠਾਈ, ਜਾਂ ਹੋਰ ਕੁਝ ਨਹੀਂ। ਇਹ ਬਿਲਕੁਲ ਤੀਹ ਦਿਨ ਹਨ। ਹਰ ਸਾਲ ਲਈ, ਜੋ ਇਸ ਭਵਿੱਖਬਾਣੀ ਕੈਲੰਡਰ ਵਿੱਚ ਹਨ, ਬਿਲਕੁਲ ਚਾਰ ਸੌ ਤ੍ਰਿਆਸੀ ਦਿਨ।

93 ਇੱਥੇ ਸਾਡੇ ਕੋਲ ਭਵਿੱਖਬਾਣੀ ਦਾ ਪੱਕਾ ਸਬੂਤ ਹੈ, ਚਾਰ ਸੌ ਅਤੇ—ਅਤੇ ਪੰਤਾਲੀ ਸਾਲ, ਪਹਿਲਾਂ, ਬਿਲਕੁਲ ਸਹੀ ਸੀ। ਹੁਣ, ਉਹ ਸਭ ਕੁਝ ਹੋਣ ਦੀ ਭਵਿੱਖਬਾਣੀ ਕੀਤੀ ਗਈ ਸੀ। ਅਤੇ ਉਹ ਸੱਤਰ ਹਫ਼ਤੇ ਉਦੋਂ ਕਦੇ ਨਹੀਂ ਹੋਏ ਸਨ, ਇਸ ਲਈ ਇਹ ਹੁਣ ਆਖਰੀ ਦਿਨਾਂ ਲਈ ਬਾਕੀ ਹੈ।

94 ਹੁਣ, ਮੇਰੇ ਪੰਤੇਕੋਸਟਲ ਭਰਾਵੋ, ਹੁਣ, ਮੇਰੇ ਯਹੋਵਾਹ ਵਿੱਟਨੈਸ ਵਾਲੇ ਭਰਾਵੋ, ਕੀ ਤੁਹਾਨੂੰ ਇਹ ਅਹਿਸਾਸ ਹੈ? ਕੀ ਤੁਸੀਂ ਜਾਣਦੇ ਹੋ ਕਿ ਇੱਕ ਲੱਖ ਚੁਤਾਲੀ ਹਜ਼ਾਰ ਕਿੱਥੇ ਪ੍ਰਗਟ ਹੋਏ? ਕੀ ਤੁਹਾਨੂੰ ਪਤਾ ਹੈ ਕਿ ਪਰਕਾਸ਼ ਦੀ ਪੋਥੀ ਦੇ ਸਾਰੇ ਮਹਾਨ ਚਮਤਕਾਰ ਕਿੱਥੇ ਪ੍ਰਗਟ ਹੋਏ? ਯਹੂਦੀ ਯੁੱਗ ਵਿੱਚ, ਸਾਡੇ ਵਿੱਚ ਨਹੀਂ। ਇਸ ਵਿੱਚ ਕੁਝ ਵੀ ਦਰਜ ਨਹੀਂ ਹੈ, ਬਸ ਕਲੀਸਿਯਾ ਤਿਆਰ ਹੋ ਰਹੀ ਹੈ ਅਤੇ ਬਾਹਰ ਜਾ ਰਹੀ ਹੈ। ਯਕੀਨਨ, ਪਰਮੇਸ਼ੁਰ ਦੀ ਸ਼ਕਤੀ ਨਾਲ, ਅਸੀਂ ਅਚਰਜ ਕੰਮ ਅਤੇ ਕਾਰਨਾਮੇ ਕਰਦੇ ਹਾਂ। ਸਾਨੂੰ ਇਹ ਪਤਾ ਹੈ। ਪਰ ਅਸਲ ਗੱਲ ਇੱਥੇ ਯਹੂਦੀਆਂ ਲਈ ਸੀ; ਮੇਰਾ ਮਤਲਬ ਹੈ, ਅਸਲ, ਕਾਰਜ ਸ਼ਕਤੀ, ਅਚਰਜ-ਕਾਰਜ। ਚਾਰ…

95 ਇੱਕ ਲੱਖ ਚੌਤਾਲੀ ਹਜ਼ਾਰ ਉਥੇ ਦਿਖਾਈ ਨਹੀਂ ਦਿੰਦੇ। ਉਹ ਹਨ… ਉਹ ਤੀਜੇ ਅਧਿਆਇ ਵਿੱਚ ਦਿਖਾਈ ਨਹੀਂ ਦਿੰਦੇ। ਉਹ ਅਗਲੀਆਂ ਲਿਖਤਾਂ ਵਿੱਚ ਹਨ, ਹੋਰ ਅੱਗੇ ਹਨ। ਅਤੇ ਹੁਣ ਅਸੀਂ ਵੇਖਦੇ ਹਾਂ ਕਿ ਇਹ ਸਭ ਕੁਝ ਵਾਪਰਨਾ ਸੀ, ਸੱਤਰਵੇਂ ਹਫ਼ਤੇ ਦੇ ਇਸ ਸਮੇਂ ਵਿੱਚ, ਆਖਰੀ ਹਫ਼ਤੇ ਵਿੱਚ। ਹੁਣ, ਜੇ ਉਨ੍ਹਾਂ ਕੋਲ ਪਹਿਲਾਂ ਹੀ ਉਣਹੱਤਰ ਹਫ਼ਤੇ ਹਨ, ਅਤੇ ਉਹ ਇਸ ਨੂੰ ਬਿਲਕੁਲ ਉਸੇ ਤਰ੍ਹਾਂ ਜਿਉਂਦੇ ਹਨ ਜਿਵੇਂ ਪਰਮੇਸ਼ੁਰ ਨੇ ਕਿਹਾ ਸੀ, ਅਤੇ ਇਹ ਬਿਲਕੁਲ ਉਸੇ ਤਰ੍ਹਾਂ ਹੋਇਆ ਜਿਵੇਂ ਪਰਮੇਸ਼ੁਰ ਨੇ ਕਿਹਾ ਸੀ ਕਿ ਇਹ ਕਰੇਗਾ, ਫਿਰ ਯਹੂਦੀਆਂ ਨਾਲ ਇਕ ਹੋਰ ਹਫ਼ਤੇ ਦਾ ਵਾਅਦਾ ਕੀਤਾ ਗਿਆ ਹੈ। ਹੁਣ ਭਰਾਵੋ, ਬਸ ਤਿਆਰ ਹੋ ਜਾਓ। ਦੇਖੋ? ਦੇਖੋ? ਸੁਣੋ ਅਸੀਂ ਕਿੰਨੇ ਕਰੀਬ ਹਾਂ। ਆਖਰੀ ਹਫ਼ਤਾ, ਸੱਤ, ਸੱਤਵਾਂ ਸਾਲ।

96 ਹੁਣ, ਕੀ ਹਰ ਕੋਈ ਏਥੋਂ ਤਕ ਸਮਝ ਗਿਆ ਹੈ, ਕੀ ਤੁਸੀਂ ਸਮਝੇ ਰਹੇ ਹੋ? ਹਰ ਕੋਈ ਏਥੋਂ ਤੱਕ ਇਸ ਨੂੰ ਸਮਝ ਗਿਆ ਹੈ, ਕਿ ਇਹ ਬਿਲਕੁਲ ਸੱਚ ਹੈ। ਇਹ ਬਾਈਬਲ ਹੈ। ਇਹ ਭਵਿੱਖਬਾਣੀ ਦੇ ਸਾਲ ਹਨ।

97 ਹੁਣ ਅਸੀਂ ਉੱਪਰ ਆਉਂਦੇ ਹਾਂ, ਅਤੇ ਅਸੀਂ ਉਨ੍ਹਾਂ ਨੂੰ ਮਸੀਹਾ ਨੂੰ ਰੱਦ ਕਰਨ ਤਕ ਸਮਝ ਗਏ ਹਾਂ, ਦੇਖੋ, ਤੋਂ…ਮਸੀਹਾ ਨੂੰ ਰੱਦ ਕਰਨ ਤਕ, ਆਖਰੀ ਹਫ਼ਤੇ ਤਕ।

98 ਹੁਣ, ਮੈਂ ਇੱਥੇ ਇੱਕ ਪਲ ਰੁਕਣਾ ਚਾਹੁੰਦਾ ਹਾਂ ਅਤੇ ਇਸਦੀ ਵਿਆਖਿਆ ਕਰਨੀ ਚਾਹੁੰਦਾ ਹਾਂ। ਇਹ ਕਿ, ਜਦੋਂ ਉਨ੍ਹਾਂ ਨੇ ਮਸੀਹਾ ਨੂੰ ਰੱਦ ਦਿੱਤਾ, ਉਹ ਉਦੋਂ ਸੀ ਜਦੋਂ ਉਨ੍ਹਾਂ ਨੇ, ਬੇਸ਼ਕ, ਯਿਸੂ ਨੂੰ ਮੁਕਤੀਦਾਤਾ ਵਜੋਂ ਰੱਦ ਕੀਤਾ, ਅਤੇ ਉਸਨੂੰ ਸਲੀਬ ਤੇ ਚੜ੍ਹਾਇਆ। ਇੱਥੇ ਯਾਦ ਰੱਖੋ ਕਿ ਬਾਈਬਲ ਕੀ ਕਹਿੰਦੀ ਹੈ, "ਅਤੇ ਉਹ ਕੱਟਿਆ ਜਾਵੇਗਾ, ਪਰ ਆਪਣੇ ਲਈ ਨਹੀਂ, ਮਸੀਹਾ, ਰਾਜਕੁਮਾਰ।" ਹੁਣ ਸੋਚੋ ਕਿ ਇਹ ਭਵਿੱਖਬਾਣੀ ਕਿੰਨੀ ਢੁੱਕਦੀ ਹੈ। ਮੈਂ ਇਹ ਗੱਲ ਤੁਹਾਡੇ ਵਿੱਚ ਗੱਡ ਦੇਣੀ ਚਾਹੁੰਦਾ ਹਾਂ। ਇਹ ਕਿ, ਜੇਕਰ ਉਹ ਭਵਿੱਖਬਾਣੀ ਬਿਲਕੁਲ ਤਾਰੀਖ ਨਾਲ, ਬਿਲਕੁਲ ਸਮੇਂ ਨਾਲ, ਅਤੇ ਬਿਲਕੁਲ ਉਸੇ ਤਰੀਕੇ ਨਾਲ ਮੇਲ ਖਾਂਦੀ ਹੈ ਜਿਵੇਂ ਇਹ ਕਿਹਾ ਗਿਆ ਹੈ, ਇਹ ਹੋਰ ਸੱਤ, ਇੱਕ ਸਾਂਤਾ ਹੋਰ ਬਾਕੀ ਹੈ, ਸੱਤ ਸਾਲ, ਸਗੋਂ, (ਸੱਤ ਦਿਨ: ਸੱਤ ਸਾਲ), ਬਿਲਕੁਲ ਵਚਨ ਦੇ ਅਨੁਸਾਰ ਬਿਲਕੁਲ ਮੇਲ ਖਾਵੇਗਾ।

99 ਹੁਣ ਯਾਦ ਰੱਖੋ, ਉਹ ਕੱਟਿਆ ਗਿਆ ਸੀ, ਮਸੀਹਾ। ਯਹੂਦੀ, ਪਰਮੇਸ਼ੁਰ ਨੇ ਉਨ੍ਹਾਂ ਨਾਲ ਵਿਹਾਰ ਕਰਨਾ ਬੰਦ ਕਰ ਦਿੱਤਾ। ਉਹ ਹੋਰ ਅੱਗੇ ਨਹੀਂ ਗਏ। ਫਿਰ ਉਹ ਰੋਮਨ ਸਾਮਰਾਜ ਦੁਆਰਾ ਖਿੰਡਾ ਦਿੱਤੇ ਗਏ ਸਨ। ਅਤੇ, ਫਿਰ, ਜੇਕਰ ਤੁਸੀਂ ਇੱਥੇ ਮੇਰੇ ਚਾਰਟ ਤੇ ਧਿਆਨ ਦਿਓ, ਤਾਂ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਹੁਣੇ ਸਮਝੋ ਅਤੇ ਇਸਨੂੰ ਵਾਹੋ। ਤੁਸੀਂ ਇੱਥੇ ਧਿਆਨ ਦਿੱਤਾ ਕਿ ਮੈਂ ਸਲੀਬ ਕਿੱਥੇ ਰੱਖੀ ਹੈ? ਇਹ ਉਹ ਥਾਂ ਹੈ ਜਿੱਥੇ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਪਰ ਸਮਾਂ ਉਸ ਤੇ ਥੋੜਾ ਜਿਹਾ ਅੱਗੇ ਵਧਾਇਆ ਗਿਆ, ਵੇਖੋ। ਕਿਉਂ? ਤੀਹ, ਚਾਲੀ, ਪੰਜਾਹ, ਸੱਠ, ਸੱਤਰ। ਚਾਲੀ ਸਾਲਾਂ ਬਾਅਦ, ਰੋਮਨ ਜਰਨੈਲ ਤੀਤੁਸ ਨੇ ਇਜ਼ਰਾਈਲ, ਯਰੂਸ਼ਲਮ ਨੂੰ ਤਬਾਹ ਕਰ ਦਿੱਤਾ ਅਤੇ ਉਸਦੇ ਲੋਕਾਂ ਨੂੰ ਸਾਰੇ ਸੰਸਾਰ ਵਿੱਚ ਖਿੰਡਾ ਦਿੱਤਾ। ਤੁਸੀਂ ਦੇਖੋ, ਤੀਤੁਸ ਨੇ, ਚਾਲੀ ਸਾਲਾਂ ਬਾਅਦ। ਇਸ ਲਈ, ਅਸਲ ਵਿੱਚ, ਯਹੂਦੀ ਸਮਾਂ ਇਸ ਦੇਪੂਰਾ ਹੋਣ ਤੱਕ ਵਧਾਇਆ…

100 ਪਰਮੇਸ਼ੁਰ ਉਨ੍ਹਾਂ ਨਾਲ ਵਿਵਹਾਰ ਨਹੀਂ ਕਰ ਰਿਹਾ ਸੀ। ਉਸਨੇ ਉਹਨਾਂ ਨਾਲ ਉਦੋਂ ਤੱਕ ਵਿਵਹਾਰ ਕੀਤਾ ਜਦੋਂ ਤੱਕ ਉਹਨਾਂ ਨੇ ਮਸੀਹ ਨੂੰ ਰੱਦਿਆ ਨਹੀਂ ਸੀ। ਫਿਰ ਜਦੋਂ ਉਨ੍ਹਾਂ ਨੇ ਮਸੀਹ ਨੂੰ ਸਲੀਬ ਦਿੱਤੀ, ਤਾਂ ਉਹਨਾਂ ਦੁਹਾਈ ਦਿੱਤੀ, "ਉਸਦਾ ਲਹੂ ਸਾਡੇ ਅਤੇ ਸਾਡੇ ਬੱਚਿਆਂ ਉੱਤੇ ਹੋਵੇ," ਅਤੇ ਇਹ ਉਦੋਂ ਤੋਂ ਹੀ ਹੈ। ਪਰ ਉਹਨਾਂ ਦੇ ਖਿੰਡਣ ਤੋਂ ਪਹਿਲਾਂ…ਸੁਣੋ! ਔਹ, ਭਾਈ! ਇਸ ਤੋਂ

ਪਹਿਲਾਂ ਕਿ ਉਹ ਸਾਰੇ ਸੰਸਾਰ ਵਿੱਚ ਖਿੰਡ ਜਾਂਦੇ, ਮੰਦਰ ਨੂੰ ਢਾਹਣ ਲਈ ਅਤੇ ਉਹਨਾਂ ਨੂੰ ਸਾਰੇ ਸੰਸਾਰ ਵਿੱਚ ਖਿੰਡਾਉਣ ਲਈ ਪਰਮੇਸ਼ੁਰ ਨੂੰ ਚਾਲੀ ਸਾਲ ਲੱਗ ਗਏ। ਪਰ ਪਰਮੇਸ਼ੁਰ ਉਨ੍ਹਾਂ ਨਾਲ ਹੋਰ ਵਿਵਹਾਰ ਕਰਨ ਵਿੱਚ ਅਸਫਲ ਰਿਹਾ। ਪਰਮੇਸ਼ੁਰ ਉਨ੍ਹਾਂ ਨਾਲ ਹੋਰ ਵਿਵਹਾਰ ਕਰਨ ਵਿੱਚ ਅਸਫਲ ਰਿਹਾ।

ਉਹ ਪਰਾਈਆਂ ਕੌਮਾਂ ਨਾਲ ਵਿਵਹਾਰ ਕਰਦਾ ਰਿਹਾ। ਤੁਸੀਂ ਇਹ ਜਾਣਦੇ ਹੋ, ਹੁਣ ਇਸ ਨੂੰ ਸਮਝ ਗਏ? ਹੁਣ, ਇੱਥੇ ਅਸੀਂ ਕਲੀਸਿਯਾ ਦੇ ਯੁੱਗਾਂ ਦੀ ਸ਼ੁਰੂਆਤ ਕਰਦੇ ਹਾਂ, ਪਰਾਈਆਂ ਕੌਮਾਂ ਦਾ ਸਮਾਂ, ਪਰਮੇਸ਼ੁਰ ਯਹੂਦੀਆਂ ਤੋਂ ਦੂਰ ਸੀ।

101 ਹੁਣ, ਮੇਰੇ ਮਿਸ਼ਨਰੀ ਭਾਈ, ਜੋ ਯਹੂਦੀਆਂ ਲਈ—ਲਈ—ਲਈ ਸੀ, ਇੱਥੇ ਕਿਤੇ ਇੱਕ ਬਹੁਮੁੱਲਾ ਪਿਆਰਾ ਭਾਈ ਹੈ। ਇਹੀ ਉਹ ਥਾਂ ਹੈ ਜਿੱਥੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਫੜੋ ਅਤੇ ਸਮਝੋ। ਦੇਖੋ, ਪਰਮੇਸ਼ੁਰ ਨੇ ਉੱਥੇ ਹੀ ਯਹੂਦੀਆਂ ਨਾਲ ਪੇਸ਼ ਆਉਣਾ ਛੱਡ ਦਿੱਤਾ, ਕਿਉਂਕਿ ਪਰਮੇਸ਼ੁਰ ਹਮੇਸ਼ਾ ਇਸਰਾਏਲ ਨਾਲ ਇੱਕ ਕੌਮ ਵਜੋਂ ਪੇਸ਼ ਆਉਂਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਇਜ਼ਰਾਈਲ ਇੱਕ ਕੌਮ ਹੈ। ਪਰਾਈਆਂ ਕੌਮਾਂ ਲੋਕ ਹਨ, ਅਤੇ ਉਸਨੂੰ ਉਸਦੇ ਨਾਮ ਲਈ, ਪਰਾਈਆਂ ਕੌਮਾਂ ਵਿੱਚੋਂ ਕੁਝ ਲੋਕਾਂ ਨੂੰ ਲੈਣਾ ਪਿਆ। ਅਸੀਂ ਕੁਝ ਮਿੰਟਾਂ ਵਿੱਚ ਇਸ ਤੱਕ ਪਹੁੰਚ ਜਾਵਾਂਗੇ।

102 ਪਰ ਹੁਣ, ਇਸ ਸੱਤ ਕਲੀਸਿਯਾ ਦੇ ਯੁੱਗਾਂ ਵਿੱਚ ਜਿਨ੍ਹਾਂ ਵਿੱਚੋਂ ਅਸੀਂ ਲੰਘੇ ਹਾਂ, ਪਰਾਈਆਂ ਕੌਮਾਂ ਦੇ ਸਮੇਂ ਵਿੱਚੋਂ, ਮਸੀਹ ਦੇ ਸਲੀਬ ਉੱਤੇ ਚੜ੍ਹਾਏ ਜਾਣ ਤੋਂ ਲੈ ਕੇ ਕਲੀਸਿਯਾ ਦੇ ਯੁੱਗਾਂ ਦੇ ਅੰਤ ਤੱਕ। ਹੁਣ ਸਾਨੂੰ ਇਹ ਸਮਝ ਆ ਗਿਆ ਹੈ। ਅਸੀਂ ਇਸ ਵਿੱਚੋਂ ਲੰਘ ਚੁੱਕੇ ਹਾਂ, ਅੰਤ ਤਕ। ਹੁਣ ਅਸੀਂ ਇੱਕ ਅਜਿਹੀ ਥਾਂ ਤੇ ਪਹੁੰਚ ਰਹੇ ਹਾਂ ਜਿੱਥੇ ਅਸੀਂ ਇਸ ਤੇ ਆ ਸਕਦੇ ਹਾਂ, ਸੱਤਾਂ ਮੋਹਰਾਂ ਵਿੱਚ ਜਾ ਸਕਦੇ ਹਾਂ, ਸੱਤਾਂ ਕਟੋਰਿਆਂ ਵਿੱਚ ਜਾ ਸਕਦੇ ਹਾਂ, ਸੱਤ ਤੁਰ੍ਹੀਆਂ, ਅਤੇ ਉਹ ਸਭ, ਅਤੇ ਇਸ ਦੀ ਇਕੱਠੀ ਤਸਵੀਰ ਬਣਾ ਸਕਦੇ ਹਾਂ; ਸਭ ਯਹੂਦੀਆਂ ਨਾਲ ਪੇਸ਼ ਆਉਂਦੇ ਹਨ, ਅਤੇ ਧਰਤੀ ਉੱਤੇ ਲੋਕਾਂ ਲਈ ਪਰਮੇਸ਼ੁਰ ਦਾ ਨਿਆਂ। ਅਤੇ ਬਕੀਆ…

103 ਯਾਦ ਰੱਖੋ, ਜ਼ੁਲਮ ਦੇ ਇਸ ਮਹਾਨ ਸਮੇਂ ਵਿੱਚ, ਲੱਖਾਂ ਗੈਰ-ਯਹੂਦੀ ਲੋਕ ਇਸ ਵਿੱਚ ਮਰਨਗੇ। ਉਸ ਨੇ ਲਾੜੀ ਨੂੰ ਰੱਦ ਦਿੱਤਾ, ਜੋ—ਜੋ ਔਰਤ ਦੇ ਬੀਜ ਦਾ ਬਚਿਆ ਹੋਇਆ ਹਿੱਸਾ ਸੀ, ਸੁੱਤੀ ਹੋਈ ਕੁਆਰੀ, ਉਹ ਸਿੱਧੀ ਉਸ ਵਿੱਚ ਜਾਵੇਗੀ। ਇਹ—ਇਹ ਇਸ ਸੱਤਰ ਹਫ਼ਤਿਆਂ ਵਾਂਗ ਸਪਸ਼ਟ ਹੈ; ਬਿਲਕੁਲ ਸਾਫ਼। ਅਤੇ ਉਹ ਇਸ ਵਿੱਚੋਂ ਲੰਘਣਗੇ। ਇਸ ਲਈ, ਜੇਕਰ ਤੁਹਾਡੇ ਕੋਲ

ਪਵਿੱਤਰ ਆਤਮਾ ਨਹੀਂ ਹੈ, ਤਾਂ ਤੁਸੀਂ ਇਸ ਨੂੰ ਜਿੰਨੀ ਜਲਦੀ ਹੋ ਸਕੇ ਇਸ ਨੂੰ ਪ੍ਰਾਪਤ ਕਰੋ। ਅਸੀਂ ਅੰਤ ਸਮੇਂ ਤੇ ਹਾਂ।

104 ਹੁਣ ਧਿਆਨ ਦਿਓ, ਕਲੀਸਿਯਾ ਦੇ ਸੱਤ ਯੁੱਗ। ਹੁਣ, ਮੈਨੂੰ ਉਨ੍ਹਾਂ ਵਿੱਚੋਂ ਲੰਘਣ ਦੀ ਜ਼ਰੂਰਤ ਨਹੀਂ ਹੋਵੇਗੀ, ਕਿਉਂਕਿ ਉਹ ਸਾਡੇ ਕੋਲ ਟੇਪ ਉੱਤੇ ਹਨ, ਅਤੇ ਉਨ੍ਹਾਂ ਨੂੰ ਕਿਤਾਬਾਂ ਅਤੇ ਹਰ ਚੀਜ਼ ਵਿੱਚ ਪਾਇਆ ਜਾ ਰਿਹਾ ਹੈ। ਇਹ, ਉਹ ਸਮਾਂ ਸੀ ਜਦੋਂ ਪਰਮੇਸ਼ੁਰ ਨੇ ਕਦੇ ਨਹੀਂ ਕਿਹਾ ਕਿ ਇੰਨੇ ਦਿਨ, ਇੰਨੇ ਘੰਟੇ, ਜਾਂ ਇੰਨੇ ਸਾਲ ਹੋਣਗੇ; ਉਸਨੇ ਕਦੇ ਕੁਝ ਨਹੀਂ ਕਿਹਾ। ਉਸ ਨੇ ਕਿਹਾ, "ਜਦੋਂ ਤੱਕ ਪਰਾਈਆਂ ਕੌਮਾਂ ਦਾ ਸਮਾਂ ਖਤਮ ਨਹੀਂ ਹੋ ਜਾਂਦਾ।" ਕਿਹਾ, "ਜਦ ਤੱਕ!" ਜਦੋਂ ਤੱਕ ਪਰਮੇਸ਼ੁਰ ਪਰਾਈਆਂ ਕੌਮਾਂ ਲੋਕਾਂ ਨਾਲ ਵਿਵਹਾਰ ਕਰਨਾ ਬੰਦ ਨਹੀਂ ਕਰਦਾ, ਉਦੋਂ ਤੱਕ ਕੰਧਾਂ ਨੂੰ ਮਿੱਧਿਆ ਜਾਵੇਗਾ।

105 ਹੁਣ, ਸਾਨੂੰ ਪਤਾ ਚਲਦਾ ਹੈ, ਕਿ ਇਹਨਾਂ ਯੁੱਗਾਂ ਵਿੱਚ, ਸਾਡੇ ਅੰਦਰ ਪਵਿੱਤਰ ਆਤਮਾ ਆਇਆ ਸੀ। ਅਤੇ ਫਿਰ ਪਰਮੇਸ਼ੁਰ, ਸ਼ੁਰੂ ਵਿੱਚ, ਤਦ ਦੱਸਣਾ ਸ਼ੁਰੂ ਕਰਦਾ ਹੈ, ਮਸੀਹ ਦੇ ਰਦੇ ਜਾਣ ਤੇ, ਪਰਮੇਸ਼ੁਰ ਨੇ ਯੂਹੰਨਾ ਨੂੰ ਉਹੀ ਦਿਖਾਇਆ ਜੋ ਪਰਾਈਆਂ ਕੌਮਾਂ ਦੇ ਰਾਜ ਦੌਰਾਨ ਹੋਣਾ ਸੀ। ਹੁਣ, ਵੇਖੋ, ਸਾਡੇ ਕੋਲ ਯਹੂਦੀਆਂ ਵਾਂਗ, ਕੋਈ ਸੀਮਤ ਸਮਾਂ ਨਹੀਂ ਹੈ, ਪਰ ਸਾਡੇ ਕੋਲ ਇੱਕ ਨਿਸ਼ਾਨ ਹੈ। ਸਾਡੇ ਕੋਲ ਇੱਕ—ਇੱਕ ਨਿਸ਼ਾਨ ਦੇਹੀ ਹੈ। ਖੈਰ, ਪਰਮੇਸ਼ੁਰ ਨੇ ਯਹੂਦੀਆਂ ਨਾਲ ਬਿਲਕੁਲ ਉਹੀ ਕੀਤਾ ਜੋ ਉਸਨੇ ਕਿਹਾ ਸੀ ਕਿ ਉਹ ਉਨ੍ਹਾਂ ਉਣਹੱਤਰ ਸਾਲਾਂ ਵਿੱਚ ਕਰੇਗਾ, ਜਾਂ, ਇਹ ਚਾਰ ਸੌ ਤ੍ਰਿਆਸੀ ਸਾਲ ਸਨ, ਪਰ ਉਣਹੱਤਰ ਹਫ਼ਤੇ ਸਨ। ਅਤੇ ਇੱਕ ਹਫ਼ਤਾ ਬਾਕੀ ਹੈ, ਇੱਕ ਹਫ਼ਤਾ ਜੋ ਠਹਿਰਾਇਆ ਗਿਆ ਹੈ।

106 ਹੁਣ, ਅਸੀਂ ਇਸਨੂੰ *ਇੱਥੇ* ਲਾਗੂ ਨਹੀਂ ਕਰ ਸਕਦੇ, ਕਿਉਂਕਿ ਇਹ ਗੈਰ-ਯਹੂਦੀ, ਕਲੀਸਿਯਾ ਹੈ। ਹੁਣ, ਕਿੰਨੇ ਕੁ ਇਸ ਨੂੰ ਸਮਝਦੇ ਹਨ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਹੁਣ, ਇਹ ਪਰਕਾਸ਼ ਦੀ ਪੋਥੀ ਹੈ, ਪਹਿਲੇ ਅਧਿਆਏ ਤੋਂ ਸ਼ੁਰੂ ਹੁੰਦੀ ਹੈ, ਜਦੋਂ ਤੱਕ ਤੀਸਰਾ ਅਧਿਆਇ ਸਾਨੂੰ ਲਾਉਦਿਕੀਆ ਵੱਲ ਨਹੀਂ ਲੈ ਜਾਂਦਾ। ਹੁਣ, ਅਸੀਂ ਦੇਖਦੇ ਹਾਂ ਕਿ ਇਹ ਬਿਲਕੁਲ ਸਾਰੇ ਦਾ ਸਾਰਾ ਕਲੀਸਿਯਾ, ਕਲੀਸਿਯਾ ਜਗਤ ਹੀ ਸੀ। ਪਰਮੇਸ਼ੁਰ ਨੇ ਕਦੇ ਵੀ ਪਾਪੀ ਨੂੰ ਸ਼ਾਮਲ ਨਹੀਂ ਕੀਤਾ, ਉਹ ਸਿਰਫ਼...ਜਦੋਂ ਤਕ ਉਹ ਬਚਣਾ ਚਾਹੁੰਦਾ ਸੀ। ਪਰ, ਕਲੀਸਿਯਾ ਦਾ ਸੰਸਾਰ ਸਾਰਾ ਚਿੱਟਾ ਸੀ; ਫਿਰ ਨਿਕੁਲਾਈ ਆਉਂਦੇ ਹਨ ਜੋ ਇੱਕ ਸੰਗਠਨ ਬਣਾਉਣਾ ਚਾਹੁੰਦੇ ਸਨ। ਪਤਵੰਤੇ ਇਸ ਵਿੱਚ ਆ ਗਏ। ਇਹ ਨਾਇਸੀਆ, ਰੋਮ ਵਿੱਚ ਸੀ, ਜਦੋਂ ਉਨ੍ਹਾਂ ਕੋਲ ਨਾਈਸੀਨ ਕੌਂਸਲ ਸੀ। ਅਤੇ ਉਨ੍ਹਾਂ ਨੇ ਕੀ ਕੀਤਾ? ਉਨ੍ਹਾਂ ਨੇ ਕਲੀਸਿਯਾ ਨੂੰ ਜਥੇਬੰਦ ਕੀਤਾ, ਫਿਰ

ਉਹ ਮਸੀਹੀ ਲੋਕਾਂ ਨੂੰ ਸਤਾਉਣਾ ਸ਼ੁਰੂ ਕਰਦੇ ਹਨ। ਫਿਰ, ਅਗਲੇ ਕਲੀਸਿਯਾ ਦੇ ਯੁੱਗ ਵਿੱਚ, ਇਸ ਨੇ, ਮਸੀਹਤ ਦਾ, ਪਵਿੱਤਰ ਆਤਮਾ ਦੇ ਬਪਤਿਸਮੇ ਦੇ ਤਰੀਕੇ ਵਿੱਚ, ਲਗਭਗ ਸਫ਼ਾਇਆ ਕਰ ਦਿੱਤਾ।

107 ਪਰ ਫਿਰ, ਫਿਰ ਤੁਸੀਂ ਲੋਕ ਜਾਣਦੇ ਹੋ, ਕਿ ਮੈਂ ਪਿਛਾਂਹ ਗਿਆ ਅਤੇ ਇਤਿਹਾਸ ਨੂੰ ਸਮਝਿਆ, *ਨਿਸਿਅਨ ਫ਼ਾਦਰਸ,* ਅਤੇ ਪੂਰਵ-ਨਿਸੀਅਨ ਫ਼ਾਦਰਸ, ਅਤੇ ਕਲੀਸਿਯਾ ਦੇ ਸਾਰੇ ਇਤਿਹਾਸ, ਅਤੇ ਸਭ ਤੋਂ ਪੁਰਾਣੀ ਹੱਥ-ਲਿਖਤ ਜੋ ਮੈਂ ਲੱਭ ਸਕਦਾ ਸੀ, ਅਤੇ ਉਹਨਾਂ ਵਿੱਚੋਂ ਹਰ ਇੱਕ ਨੇ ਤੁਹਾਨੂੰ ਸਾਬਤ ਕੀਤਾ ਕਿ ਉਹ ਕਲੀਸਿਯਾ ਜਿਸ ਬਾਰੇ ਪਰਮੇਸ਼ੁਰ ਗੱਲ ਕਰ ਰਿਹਾ ਸੀ ਉਹ ਸੰਗਠਿਤ ਕੈਥੋਲਿਕ ਕਲੀਸਿਯਾ ਜਾਂ ਕੋਈ ਹੋਰ ਸੰਸਥਾ ਨਹੀਂ ਸੀ। ਪਰਮੇਸ਼ੁਰ ਬਾਰੇ ਗੱਲ ਕਰ ਰਿਹਾ ਸੀ, ਅਤੇ ਯੁੱਗ ਦੇ ਉਹ ਸਾਰੇ ਮਹਾਨ ਸਿਤਾਰੇ, ਉਹ ਆਦਮੀ ਸਨ ਜਿਨ੍ਹਾਂ ਨੇ ਪਵਿੱਤਰ ਆਤਮਾ ਦੇ ਬਪਤਿਸਮਾ ਦਾ ਪ੍ਰਚਾਰ ਕੀਤਾ, ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ, ਅਤੇ ਪਰਮੇਸ਼ੁਰ ਦੇ ਆਤਮਾ ਦੇ ਆਉਣ ਦਾ, ਅਤੇ—ਅਤੇ ਪਰਾਈਆਂ ਬੋਲੀਆਂ ਵਿੱਚ ਬੋਲਣ ਦਾ, ਅਤੇ ਬੋਲੀਆਂ ਦਾ ਤਰਜਮਾ, ਅਤੇ ਚੰਗਾਈ, ਅਤੇ ਅਚਰਜ ਕੰਮ, ਅਤੇ ਚਿੰਨ੍ਹ। ਇਹ ਉਹ ਹੈ ਜੋ ਪਰਮੇਸ਼ੁਰ ਨੇ ਠਹਿਰਾਇਆ ਸੀ। ਉਹ ਆਪਣਾ ਮਨ ਨਹੀਂ ਬਦਲ ਸਕਦਾ, ਜਿਵੇਂ, “ਖੈਰ, ਇੱਕ ਕਲੀਸਿਯਾ ਮੇਰੇ ਵਿਚਾਰ ਅਨੁਸਾਰ ਇਸ ਤਰ੍ਹਾਂ ਹੈ, ਰਸੂਲੀ ਕਲੀਸਿਯਾ; ਹੁਣ ਮੇਰਾ ਵਿਚਾਰ ਇੱਕ ਮਾਣਯੋਗ ਕਲੀਸਿਯਾ ਦਾ ਹੈ।” ਪਰਮੇਸ਼ੁਰ ਨਹੀਂ ਬਦਲਦਾ! ਉਹ ਅਜੇ ਵੀ ਪਵਿੱਤਰ ਆਤਮਾ ਹੈ।

108 ਅਤੇ ਅਸੀਂ ਦੇਖਦੇ ਹਾਂ ਅਤੇ ਇਸਨੂੰ ਲਿਆਉਂਦੇ ਹਾਂ, ਫਿਰ, ਜਦੋਂ ਅਸੀਂ ਪਰਮੇਸ਼ੁਰ ਦੀ ਸੁਭਾਅ ਨੂੰ ਵੇਖਦੇ ਹਾਂ ਅਤੇ ਉਹ ਕੀ…ਅਤੇ ਫਿਰ ਉਸਦੇ ਵਚਨ ਨੂੰ ਬਾਹਰ ਲਿਆਉਂਦੇ ਹਾਂ। ਅਤੇ ਫਿਰ ਇਤਿਹਾਸ ਨੂੰ ਲੈਂਦੇ ਹੋ ਜੋ ਦਰਸਾਉਂਦਾ ਹੈ ਕਿ ਇਹ ਬਿਲਕੁਲ ਇਸ ਨਾਲ ਮੇਲ ਖਾਂਦਾ ਹੈ; ਬਿਲਕੁਲ ਤਾਰੀਖ ਨਾਲ, ਸਮੇਂ ਨਾਲ, ਹਰ ਚੀਜ਼ ਨਾਲ ਜੋ ਪਰਮੇਸ਼ੁਰ ਨੇ ਯੂਹੰਨਾ ਦੁਆਰਾ ਕਹੀ ਸੀ, ਕਿ ਇਹ ਹੋਵੇਗੀ, ਇਹ ਉਸ ਪਰਾਈਆਂ ਕੌਮਾਂ ਦੇ ਸਮੇਂ ਵਿੱਚ ਹੋਈ।

109 ਹੁਣ, ਅਸੀਂ ਆਪਣੇ ਆਪ ਨੂੰ, ਕਿਸੇ ਵੀ ਸ਼ੱਕ ਦੇ ਪਰਛਾਵੇਂ ਤੋਂ ਪਰੇ, ਲਾਓਡੀਕੀਅਨ ਯੁੱਗ ਵਿੱਚ ਪਾਉਂਦੇ ਹਾਂ। ਅਸੀਂ ਜਾਣਦੇ ਹਾਂ ਕਿ ਅਸੀਂ ਹਾਂ। ਅਸੀਂ ਲੂਥਰਨ ਯੁੱਗ ਰਾਹੀਂ ਆਉਂਦੇ ਹਾਂ; ਅਸੀਂ ਵੈਜ਼ਲੀ ਦੇ ਯੁੱਗ ਵਿੱਚੋਂ ਲੰਘਦੇ ਹਾਂ; ਹੁਣ ਅਸੀਂ ਲਾਓਡੀਕੀਅਨ ਯੁੱਗ, ਆਖਰੀ ਯੁੱਗ ਵਿੱਚ ਹਾਂ। ਅਤੇ ਅਸੀਂ ਸਮਝਦੇ ਹਾਂ ਕਿ ਉਹਨਾਂ ਕਲਿਸਿਆਵਾਂ ਵਿੱਚੋਂ ਹਰ ਇੱਕ ਵਿੱਚ ਇੱਕ ਸੰਦੇਸ਼ਵਾਹਕ ਸੀ। ਸਾਨੂੰ ਇਹ ਪਤਾ ਲੱਗ ਚੁੱਕਾ ਹੈ। ਉਸਦੇ ਹੱਥ ਵਿੱਚ ਸੱਤ ਤਾਰੇ, ਜੋ ਸੱਤ ਆਤਮੇ ਸਨ ਜੋ ਪਰਮੇਸ਼ੁਰ ਦੇ ਅੱਗੇ ਗਏ ਸਨ। ਹਰ ਇੱਕ ਕੋਲ

ਇੱਕ ਸੰਦੇਸ਼ਵਾਹਕ ਸੀ। ਅਤੇ ਅਸੀਂ ਹੇਠਾਂ ਆਉਂਦੇ ਹਾਂ ਅਤੇ ਅਸੀਂ ਬਾਈਬਲ ਦੁਆਰਾ ਪਤਾ ਲਗਾਉਂਦੇ ਹਾਂ ਕਿ ਉਸ ਦੂਤ ਦਾ ਸੁਭਾਅ ਕੀ ਹੋਵੇਗਾ, ਦੂਤ ਦਾ ਸੁਭਾਅ ਕਿਸ ਤਰ੍ਹਾਂ ਦਾ ਹੋਵੇਗਾ। ਅਤੇ ਅਸੀਂ ਇਤਿਹਾਸ ਵਿੱਚ ਉਸ ਮਨੁੱਖ ਨੂੰ ਚੁਣਦੇ ਹਾਂ ਜਿਸਦਾ ਇਹ ਸੁਭਾਅ ਸੀ। ਅਤੇ ਫਿਰ ਜਦੋਂ ਅਸੀਂ ਇਤਿਹਾਸ ਵਿੱਚ ਉਸ ਆਦਮੀ ਨੂੰ ਲੱਭ ਲੈਂਦੇ ਹਾਂ, ਜਿਸਦਾ ਉਹ ਸੁਭਾਅ ਸੀ, ਅਸੀਂ ਇਹ ਪਤਾ ਲਗਾ ਲੈਂਦੇ ਹਾਂ ਕਿ ਉਹ ਉਸ ਕਲੀਸਿਯਾ ਦੇ ਯੁੱਗ ਦਾ ਦੂਤ ਸੀ। ਫਿਰ ਸਾਨੂੰ ਪਤਾ ਲੱਗਦਾ ਹੈ ਕਿ ਆਤਮਾ, ਅਤੇ ਉਸ ਆਦਮੀ ਨੇ ਕੀ ਕੀਤਾ। ਅਤੇ ਸਾਨੂੰ ਪਤਾ ਚਲਦਾ ਹੈ ਕਿ ਉਹ ਇੱਕ ਪਵਿੱਤਰ-ਆਤਮਾ ਨਾਲ ਭਰਿਆ ਸੰਤ ਸੀ, ਸੰਤ ਇਰੀਨੀਅਸ, ਅਤੇ ਉਹ ਸਾਰੇ, ਅਤੇ—ਅਤੇ ਸੰਤ ਕੋਲੰਬਾ, ਅਤੇ ਉਹ ਸਾਰੇ ਆਦਮੀ ਜੋ ਆਤਮਾ ਨਾਲ ਭਰੇ ਹੋਏ ਸਨ। ਅਤੇ ਅਸੀਂ ਜਾਣਦੇ ਹਾਂ ਕਿ, ਵਚਨ ਦੁਆਰਾ, ਉਸ ਕਿਸਮ ਦੀ ਆਤਮਾ ਉਸੇ ਸਮੇਂ ਲਈ ਉਸ ਕਿਸਮ ਦੇ ਮਨੁੱਖ ਉੱਤੇ ਹੋਣੀ ਸੀ। ਉੱਥੇ ਇਹ ਹੈ, ਇਸ ਲਈ ਇਹ ਗਲਤ ਨਹੀਂ ਹੋ ਸਕਦਾ। ਆਮੀਨ! ਪਰਮੇਸ਼ੁਰ ਦੀ ਮਹਿਮਾ! ਇਹ ਬਸ…

110 ਮੈਨੂੰ ਨਹੀਂ ਪਤਾ, ਭਾਈ। ਇਹ ਮੇਰੇ ਲਈ ਸਭ ਤੋਂ ਵੱਧ ਹੈ ਜੋ ਮੈਂ ਜਾਣਦਾ ਹਾਂ, ਦੇਖੋ, ਕਿਉਂਕਿ ਇਹ ਪਰਮੇਸ਼ੁਰ ਦਾ ਵਚਨ ਹੈ ਜੋ ਖੁਦ ਬੋਲ ਰਿਹਾ ਹੈ। ਜਦੋਂ ਮੈਂ ਪਰਮੇਸ਼ੁਰ ਨੂੰ ਕੁਝ ਕਹਿੰਦੇ ਸੁਣਦਾ ਹਾਂ, ਮੈਂ ਕਹਿੰਦਾ ਹਾਂ, "ਆਮੀਨ! ਇਹ ਸੱਚ ਹੈ। ਇਹ ਠੀਕ ਹੈ।" ਸਮਝੇ? ਜੋ ਇਸ ਦਾ ਨਿਪਟਾਰਾ ਕਰਦਾ ਹੈ। ਸਭ ਕੁੱਝ ਖਤਮ। "ਪਰਮੇਸ਼ੁਰ ਨੇ ਇਸ ਤਰ੍ਹਾਂ ਕਿਹਾ ਹੈ।" ਇਹੀ, ਇਸ ਨੂੰ ਕਰਦਾ ਹੈ।

ਖੈਰ, ਪਰਮੇਸ਼ੁਰ ਨੇ ਕਿਹਾ ਕਿ ਇਹ ਇਸ ਤਰ੍ਹਾਂ ਹੋਵੇਗਾ, ਅਤੇ ਅਸੀਂ ਇਸਨੂੰ ਇਤਿਹਾਸ ਅਤੇ ਵਚਨ ਦੁਆਰਾ ਪਾਇਆ ਹੈ। ਅਸੀਂ ਇਸ ਕਲੀਸਿਯਾ ਦੇ ਯੁੱਗ ਬਾਰੇ ਪੜ੍ਹਿਆ ਹੈ, ਇਹ ਕੀ ਕਰੇਗਾ, ਕੀ ਹੋਵੇਗਾ, ਉਸ ਕਲੀਸਿਯਾ ਦੇ ਯੁੱਗ ਲਈ ਇਹ ਕਿਹੋ ਜਿਹਾ ਦੂਤ ਸੀ। "ਲਾਉਦਿਕੀਆ ਦੀ ਕਲੀਸਿਯਾ ਦੇ ਦੂਤ ਨੂੰ—ਨੂੰ। ਸਾਰਦੀਸ, ਥੁਆਤੀਰਾ ਦੀ ਕਲੀਸਿਯਾ ਦੇ ਦੂਤ ਨੂੰ," ਇਹਨਾਂ ਸਭਨਾਂ ਵੱਖ-ਵੱਖ ਨੂੰ। ਅਤੇ ਅਸੀਂ ਇਤਿਹਾਸ ਵਿੱਚ ਵਾਪਸ ਜਾਂਦੇ ਹਾਂ ਅਤੇ ਉਸ ਕਲੀਸਿਯਾ ਦੇ ਦੂਤ ਦਾ ਪਤਾ ਲਗਾਉਂਦੇ ਹਾਂ, ਅਤੇ ਸਾਨੂੰ ਪਤਾ ਲੱਗਦਾ ਹੈ ਕਿ ਇਹ ਕੌਣ ਸੀ। ਇਸ ਲਈ ਫਿਰ ਅਸੀਂ ਇਸਨੂੰ ਬਾਹਰ ਕੱਢਿਆ, ਇਸਦੇ ਹੇਠਾਂ ਉਹਨਾਂ ਦੇ ਨਾਮ ਰੱਖੇ, ਅਤੇ ਉਹ ਉੱਥੇ ਹਨ। ਦੇਖੋ, ਅਸੀਂ ਜਾਣਦੇ ਹਾਂ ਕਿ ਬਿਲਕੁਲ ਮੇਲ ਖਾਂਦਾ ਹੈ।

111 ਹੁਣ, ਅਤੇ ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਸੀ, ਹਮੇਸ਼ਾ ਸੀ, ਅਤੇ ਹਮੇਸ਼ਾ ਰਿਹਾ ਹੈ, ਅਤੇ ਸੰਗਠਿਤ ਧਰਮ ਦੇ ਵਿਰੁੱਧ ਹੈ। ਹਾਂ, ਸ਼੍ਰੀਮਾਨ। ਉਸ ਨੇ

ਇਹ ਕਿਹਾ। “ਨਿਕੁਲਾਈਆਂ, ਨਾਲ ਮੈਨੂੰ ਨਫ਼ਰਤ ਹੈ!” *ਨਿਕਾਓ* ਦਾ ਅਰਥ ਹੈ “ਲੇਵੀ ਨੂੰ ਹਰਾਓ।” ਲੇਵੀ ਹੈ, ਲੇਵੀ ਹੈ, “ਕਲੀਸਿਯਾ, ਦੇਹ।” *ਨਿਕਾਓ* ਦਾ ਅਰਥ ਹੈ “ਹਰਾਉਣਾ, ਜਿੱਤਣਾ,” ਦੂਜੇ ਸ਼ਬਦਾਂ ਵਿਚ, “ਇੱਕ ਪਵਿੱਤਰ ਆਦਮੀ ਬਣਾਉਣਾ, ਕਿਸੇ ਨੂੰ ਦੂਜੇ ਤੋਂ ਉੱਪਰ।”

ਅਸੀਂ ਸਾਰੇ ਬੱਚੇ ਹਾਂ। ਸਾਡਾ ਇੱਕ ਰਾਜਾ ਹੈ, ਉਹ ਹੈ ਪਰਮੇਸ਼ੁਰ। ਸਾਡੇ ਕੋਲ ਇੱਕ ਪਵਿੱਤਰ ਹੈ, ਅਤੇ ਉਹ ਪਰਮੇਸ਼ੁਰ ਹੈ। ਆਮੀਨ! ਅਤੇ ਉਹ ਪਵਿੱਤਰ ਆਤਮਾ ਦੇ ਰੂਪ ਵਿੱਚ, ਸਾਡੇ ਵਿਚਕਾਰ ਹੈ। ਉਹ ਪਵਿੱਤਰ ਪੁਰਖ ਹੈ।

112 ਹੁਣ, ਅਸੀਂ ਉਦੋਂ ਤੱਕ ਹੇਠਾਂ ਆਉਂਦੇ ਹਾਂ ਜਦੋਂ ਤੱਕ ਸਾਨੂੰ ਸਕਾਰਾਤਮਕ ਯਕੀਨ ਨਹੀਂ ਹੁੰਦਾ ਕਿ ਇਸ ਯਹੂਦੀ ਯੁੱਗ ਰਾਹੀਂ ਸਾਨੂੰ ਉਨ੍ਹਾਂ ਨੂੰ ਉਣਹੱਤਰ ਹਫ਼ਤੇ ਦਿੱਤੇ ਹਨ, ਇਤਿਹਾਸ ਦੁਆਰਾ, ਕੈਲੰਡਰ ਦੁਆਰਾ, ਪਰਮੇਸ਼ੁਰ ਦੇ ਭਵਿੱਖਬਾਣੀ ਦੇ ਸਾਲ ਦੁਆਰਾ, ਭਵਿੱਖਬਾਣੀ ਦੇ ਕੈਲੰਡਰ ਦਾ ਇਤਿਹਾਸ ਲਿਆਉਣਾ, ਪੁਰਾਣੇ ਨੇਮ ਤੋਂ ਨਵੇਂ ਤੱਕ, ਅਤੇ ਇਹ ਦਰਸਾ ਰਿਹਾ ਹੈ ਕਿ ਇਹ ਬਿਲਕੁਲ ਉਹੀ ਹੈ। ਸਮਝੇ?

ਹੁਣ ਸਾਨੂੰ ਗੈਰ-ਯਹੂਦੀ ਕਲੀਸਿਯਾ ਨੂੰ ਸ਼ੁਰੂ ਤੋਂ ਲੈ ਕੇ ਆਖਰੀ ਦਿਨ ਤੱਕ ਲਿਆ ਹੈ, ਅਤੇ ਅਸੀਂ ਜਾਣਦੇ ਹਾਂ ਕਿ ਅਸੀਂ ਆਖਰੀ ਦਿਨ ਵਿੱਚ ਰਹਿ ਰਹੇ ਹਾਂ। ਆਮੀਨ! ਤੁਸੀਂ ਸੱਮਝੇ? [ਕਲੀਸਿਯਾ ਕਹਿੰਦੀ ਹੈ, “ਆਮੀਨ।”—ਸੰਪਾ.] ਹੁਣ, ਜੇ, ਅਸੀਂ ਇਸ ਅੰਤਮ ਦਿਨ ਵਿੱਚ, ਇਸ ਯੁੱਗ ਦੇ ਅੰਤ ਵਿੱਚ ਜੀ ਰਹੇ ਹਾਂ, ਤਾਂ ਅਸੀਂ ਕਿੱਥੇ ਹਾਂ?

113 ਧਿਆਨ ਦਿਓ, ਇੱਥੇ ਪਿਛਲੇ ਪਾਸੇ, ਤੁਸੀਂ ਵੇਖੋ ਕਿ *ਇਸ* ਵਿੱਚ ਇੱਕ ਲਾਈਨ ਵਾਹੀ ਹੋਈ ਹੈ, ਜਿੱਥੇ ਪਰਮੇਸ਼ੁਰ ਯਹੂਦੀਆਂ ਨਾਲ ਵਿਵਹਾਰ ਕਰਦਾ ਸੀ...ਜਾਂ, ਯਹੂਦੀਆਂ ਨਾਲ ਕਦੇ ਵਿਵਹਾਰ ਨਹੀਂ ਕੀਤਾ, ਉਹਨਾਂ ਨੂੰ ਲੈਣ ਵਿੱਚ ਉਸਨੂੰ ਲੰਮਾ ਸਮਾਂ ਲੱਗਿਆ। ਉਸ ਨੂੰ ਉਨ੍ਹਾਂ ਨੂੰ ਉਸ ਹਾਲਤ ਵਿੱਚ ਲਿਆਉਣ ਲਈ ਚਾਲੀ ਸਾਲ ਲੱਗੇ ਜਿੱਥੇ ਉਹ ਉਨ੍ਹਾਂ ਨੂੰ ਨਾਸ਼ ਕਰ ਸਕਦਾ ਸੀ, ਸਾਰੀਆਂ ਕੌਮਾਂ ਲਈ। ਸਭ ਤੋਂ ਵੱਧ, ਪਰਾਈਆਂ ਕੌਮਾਂ ਦੇ ਦਿਨਾਂ ਵਿੱਚ, ਉਸਨੂੰ ਉਹਨਾਂ ਨੂੰ ਉਸ ਹਾਲਤ ਵਿੱਚ ਲਿਆਉਣਾ ਪਿਆ ਇਸ ਤੋਂ ਪਹਿਲਾਂ ਕਿ ਉਹ ਆਪਣੇ ਵਚਨ ਨੂੰ ਪੂਰਾ ਕਰੇ। ਦੇਖੋ ਮੇਰਾ ਕੀ ਮਤਲਬ ਹੈ? ਜੋ ਇਸ ਨੂੰ ਸਮਝਦੇ ਹਨ, ਉਹ ਆਖੋ, “ਆਮੀਨ!” [ਕਲੀਸਿਯਾ ਕਹਿੰਦੀ ਹੈ, “ਆਮੀਨ।”—ਸੰਪਾ.] ਦੇਖੋ, ਮੈਂ ਇਹ ਯਕੀਨੀ ਬਣਾਉਣਾ ਚਾਹੁੰਦਾ ਹਾਂ ਕਿ ਤੁਸੀਂ ਇਹ ਸਮਝੋ।

114 ਹੁਣ ਕੀ ਹੋਇਆ? ਇਸ ਅੰਤਮ ਕਲੀਸਿਯਾ ਯੁੱਗ ਦੇ ਸਿਖਰ ਤੇ ਦੇਖੋ। ਇਹ ਛੋਟਾ ਜਿਹੇ ਵਧਾਅ ਨੂੰ ਦੇਖੋ? ਪਰਾਈਆਂ ਕੌਮਾਂ ਦੇ ਦਿਨ ਖ਼ਤਮ ਹੋ ਰਹੇ

ਹਨ। ਅਤੇ ਪਿਛਲੇ ਚਾਲੀ ਸਾਲਾਂ ਤੋਂ, ਯਹੂਦੀ ਯਰੂਸ਼ਲਮ ਵੱਲ ਵਾਪਸ ਜਾ ਰਹੇ ਹਨ, ਆਪਣੇ ਵਤਨ ਵੱਲ ਪਰਤ ਰਹੇ ਹਨ। ਹਲਲੂਯਾਹ! ਦੇਖੋ ਕਿ ਅਸੀਂ ਕਿੱਥੇ ਹਾਂ? ਇਸ ਨੂੰ ਚਾਲੀ ਸਾਲ ਲੱਗੇ, ਮਸੀਹਾ ਦੇ ਕੱਟੇ ਜਾਣ ਤੋਂ ਲੈ ਕੇ, ਤੀਤੁਸ ਦੇ ਮੰਦਰ ਨੂੰ ਤਬਾਹ ਕਰਨ ਅਤੇ ਯਹੂਦੀਆਂ ਨੂੰ ਖਿੰਡਾਉਣ ਤੱਕ। ਚਾਲੀ ਸਾਲ ਹੋਰ ਹੋ ਗਏ ਹਨ ਕਿ ਪਰਮੇਸ਼ੁਰ ਨੇ ਹਰ ਥਾਂ ਹਰ ਕਿਸਮ ਦੇ ਫ਼ਿਰਊਨ ਦੇ ਦਿਲਾਂ ਨੂੰ ਕਠੋਰ ਕਰ ਦਿੱਤਾ ਹੈ, ਅਤੇ ਯਹੂਦੀਆਂ ਨੂੰ ਉਨ੍ਹਾਂ ਦੇ ਵਤਨ ਵਾਪਸ ਭਜਾ ਦਿੱਤਾ। ਪਰ ਅੱਜ ਉਹ ਦੁਬਾਰਾ ਆਪਣੇ ਵਤਨ ਵਾਪਸ ਆ ਗਏ ਹਨ, ਅਤੇ ਕਲੀਸਿਯਾ ਅੰਤ ਵਿੱਚ ਹੈ। ਆਮੀਨ! ਓਹ, ਮੈਂ—ਮੈਂ—ਮੈਂ ਸਿਰਫ ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਹਾਂ; ਮੈਂ ਨਹੀਂ ਕਰ ਸਕਦਾ।

115 ਧਿਆਨ ਦਿਓ, ਯਹੂਦੀ ਆਪਣੇ ਦੇਸ਼ ਵਿੱਚ ਹਨ, ਅਤੇ ਵਾਪਸ ਜਾ ਰਹੇ ਹਨ। ਜੇ ਤੁਸੀਂ *ਵਿਸ਼ਵ ਯੁੱਧ ਦੇ ਪਤਨ* ਨੂੰ ਵੇਖਦੇ ਹੋ, ਭਾਗ ਦੋ, ਜਦੋਂ ਜਨਰਲ ਐਲਨਬੀ, ਪਹਿਲੇ ਵਿਸ਼ਵ ਯੁੱਧ ਤੋਂ ਬਾਅਦ, ਯਰੂਸ਼ਲਮ ਉੱਤੇ ਉਡਾਣ ਭਰੀ ਅਤੇ ਇਸ ਉੱਤੇ ਕਬਜ਼ਾ ਕਰ ਲਿਆ, ਅਤੇ ਯਰੂਸ਼ਲਮ ਉੱਤੇ ਕਬਜ਼ਾ ਕਰ ਲਿਆ। ਅਤੇ ਉਨ੍ਹਾਂ ਮਸੀਹੀ ਆਦਮੀਆਂ ਨੇ ਆਪਣੀਆਂ ਟੋਪੀਆਂ ਉਤਾਰ ਕੇ ਯਰੂਸ਼ਲਮ ਵਿੱਚ ਪੈਦਲ ਮਾਰਚ ਕੀਤਾ। ਅਤੇ ਐਲਨਬੀ ਨੇ ਬੰਦੂਕ ਚਲਾਏ ਬਿਨਾਂ ਆਤਮ ਸਮਰਪਣ ਕਰ ਦਿੱਤਾ, ਸਗੋਂ—ਸਗੋਂ, ਉਹਨਾਂ ਨੇ ਐਲਨਬੀ ਅੱਗੇ, ਤੁਰਕੀਆਂ ਨੇ ਸਮਰਪਣ ਕਰ ਦਿੱਤਾ। ਅਤੇ ਉਦੋਂ ਤੋਂ, ਪਰਮੇਸ਼ੁਰ ਮੁਸੋਲਿਨੀ ਦੇ ਦਿਲ, ਹਿਟਲਰ ਦੇ ਦਿਲ, ਸਟਾਲਿਨ ਦੇ ਦਿਲ ਨੂੰ ਕਠੋਰ ਕਰਦਾ ਰਿਹਾ, ਸਾਰੇ ਦੇਸ਼ ਦੇ ਆਦਮੀਆਂ ਦੇ ਦਿਲ, ਉਸ ਯਹੂਦੀ ਨੂੰ ਨਫ਼ਰਤ ਕਰਦੇ ਸਨ।

116 ਅਤੇ ਫਿਰ ਵੱਡੇ ਵੱਡੇ ਪੰਛੀ ਜੋ ਹੇਠਾਂ ਚਲੇ ਗਏ, ਪੂਰਬੀ ਏਅਰਲਾਈਨਜ਼, ਜਾਂ, ਪੈਨ ਅਮਰੀਕਨ ਏਅਰਲਾਈਨਜ਼, ਜਾਂ, ਇਹ ਜੋ ਵੀ ਸੀ, ਮੇਰਾ ਮੰਨਣਾ ਹੈ ਕਿ ਇਸਨੂੰ ਟੀ ਡਬਲੂ ਏ ਕਿਹਾ ਜਾਂਦਾ ਸੀ, ਇਹ ਮੈਗਜ਼ੀਨ ਵਿੱਚ ਸੀ, *ਲਾਈਫ* ਮੈਗਜ਼ੀਨ ਵਿੱਚ, ਮੇਰਾ ਮੰਨਣਾ ਹੈ ਕਿ ਇਹ ਸੀ, *ਲੁਕ* ਜਾਂ *ਲਾਈਫ*, ਮੇਰਾ ਮੰਨਣਾ ਹੈ ਕਿ ਇਹ ਲਾਈਫ ਸੀ, ਬਸ ਪਿਛਲੇ ਤਿੰਨ ਜਾਂ ਚਾਰ ਸਾਲਾਂ ਤੋਂ, ਅਤੇ ਪਰਮੇਸ਼ੁਰ ਯਹੂਦੀਆਂ ਨੂੰ ਉਨ੍ਹਾਂ ਦੇ ਦੇਸ਼ ਵਿੱਚ ਵਾਪਸ ਭਜਾ ਰਿਹਾ ਹੈ, ਜਿਸ ਤੋਂ ਉਹ ਦੋ ਹਜ਼ਾਰ ਸਾਲਾਂ ਤੋਂ ਦੂਰ ਰਹੇ ਹਨ, ਜਦ ਕਿ ਪਰਾਈਆਂ ਕੌਮਾਂ ਤਿਆਰ ਕਰ ਰਿਹਾ ਸਨ। ਅਤੇ ਹੁਣ ਪਰਾਈਆਂ ਕੌਮਾਂ ਨੇ ਮਸੀਹ ਨੂੰ ਕਲੀਸਿਯਾ ਵਿੱਚੋਂ ਬਾਹਰ ਕੱਢ ਦਿੱਤਾ ਹੈ, ਪਰਕਾਸ਼ ਦੀ ਪੋਥੀ ਤੀਜੇ ਅਧਿਆਇ ਦੇ ਅਨੁਸਾਰ। ਉਹ ਆਪਣੀ ਕਲੀਸਿਯਾ ਵਿੱਚ ਵਾਪਸ ਵੀ ਨਹੀਂ ਆ ਸਕਦਾ। ਉਸਦੇ ਜਾਣ ਲਈ ਕੋਈ ਥਾਂ ਨਹੀਂ ਹੈ। ਉਸ ਨੂੰ ਰੱਦ ਦਿੱਤਾ ਗਿਆ ਹੈ।

117 ਅਤੇ ਇਹ ਉਠਾਏ ਜਾਣ ਦਾ ਸਮਾਂ ਹੈ। *ਇੱਥੋਂ* ਦੇ ਸਾਰੇ ਛੁਟਕਾਰਾ ਪਾਏ ਹੋਏ, ਇਸ ਤਰ੍ਹਾਂ ਦੇ ਛੋਟੇ ਬਿੰਦੂ, ਪੁਨਰਉਥਾਨ ਵਿੱਚ ਸੰਤਾਂ ਦਾ ਉੱਪਰ ਜਾਣਾ ਹੈ। ਤੁਸੀਂ ਦੇਖੋ, ਅਸੀਂ ਸਾਰੇ ਇਕੱਠੇ ਠੀਕ *ਇੱਥੇ* ਮਿਲਦੇ ਹਾਂ। ਬਾਈਬਲ ਨੇ ਕਿਹਾ, "ਅਸੀਂ ਜੋ ਜਿਉਂਦੇ ਹਾਂ ਅਤੇ ਪ੍ਰਭੂ ਦੇ ਆਉਣ ਤੱਕ ਬਾਕੀ ਰਹਿੰਦੇ ਹਾਂ ਜਿਹੜੇ ਸੁੱਤੇ ਹੋਏ ਹਨ ਉਹਨਾਂ ਲਈ ਰੋਕ ਜਾਂ ਰੁਕਾਵਟ ਨਹੀਂ ਬਣਾਂਗੇ।" *ਇੱਥੋਂ* ਲੈ ਕੇ, *ਇੱਥੇ*, ਅਤੇ *ਇੱਥੇ* ਤਕ।

118 ਕਿਵੇਂ, ਪੰਤੇਕੋਸਟਲ ਭਾਈ, ਤੁਸੀਂ ਇਹ ਸਭ ਲਾਓਦੀਕੀਆ ਕਲੀਸਿਯਾ ਯੁੱਗ ਵਿੱਚ ਕਿਵੇਂ ਲਾਗੂ ਕਰ ਸਕਦੇ ਹੋ?

ਉਹ—ਉਹ ਸੌਂ ਰਹੇ ਹਨ, ਇਹਨਾਂ ਯੁਗਾਂ ਵਿੱਚੋਂ ਹਰ ਇੱਕ ਦੇ ਦੌਰਾਨ, ਉਡੀਕ ਕਰ ਰਹੇ ਹਨ। "ਅਤੇ ਅਸੀਂ ਜਿਹੜੇ ਜਿਉਂਦੇ ਹਾਂ, ਇੱਥੇ ਬਾਕੀ ਬਚਿਆ ਹੋਇਆ ਝੁੰਡ, ਜਿਹੜਾ ਤਦ ਤੱਕ ਜਿੰਦਾ ਰਹੇ...ਪ੍ਰਭੂ ਦਾ ਆਉਣਾ ਉਨ੍ਹਾਂ ਲਈ ਰੁਕਾਵਟ ਨਹੀਂ ਬਣੇਗਾ ਜੋ ਸੁੱਤੇ ਹੋਏ ਹਨ; ਕਿਉਂ ਜੋ ਪਰਮੇਸ਼ੁਰ ਦੀ ਤੁਰ੍ਹੀ ਫੂਕੀ ਜਾਵੇਗੀ, ਅਤੇ ਜੋ ਮਸੀਹ ਵਿੱਚ ਮਰੇ ਹਨ ਉਹ ਪਹਿਲਾਂ ਜੀ ਉੱਠਣਗੇ; ਅਤੇ ਅਸੀਂ ਉਹਨਾਂ ਦੇ ਨਾਲ ਉੱਪਰ ਉਠਾਏ ਜਾਵਾਂਗੇ," ਆਮੀਨ, "ਉਹਨਾਂ ਨਾਲ," ਅਸੀਂ *ਇੱਥੇ* ਹਾਂ, ਠੀਕ *ਇੱਥੇ* ਮਿਲ ਰਹੇ ਹਾਂ, "ਹਵਾ ਵਿੱਚ ਪ੍ਰਭੂ ਨੂੰ ਮਿਲਣ ਲਈ ਜਾਣ ਲਈ।" ਅਤੇ ਤੁਸੀਂ ਉੱਥੇ ਹੋ। ਅਸੀਂ ਕਿੱਥੇ? ਠੀਕ *ਇੱਥੇ*। ਮਸੀਹਾ ਕਿੱਥੇ ਕੱਟਿਆ ਗਿਆ ਸੀ? ਬਿਲਕੁਲ ਜਿੱਥੇ ਵਚਨ ਨੇ ਕਿਹਾ ਹੈ। ਉਹ ਸੱਤਰਵਾਂ ਹਫ਼ਤਾ ਕਿੱਥੇ ਸ਼ੁਰੂ ਹੋਵੇਗਾ? ਬਿਲਕੁਲ ਉਦੋਂ ਜਦੋਂ ਕਲੀਸਿਯਾ ਨੂੰ ਕੱਟ ਦਿੱਤਾ ਜਾਵੇਗਾ। ਫਿਰ ਪਰਮੇਸ਼ੁਰ ਯਹੂਦੀਆਂ ਕੋਲ ਵਾਪਸ ਆ ਜਾਂਦਾ ਹੈ।

119 ਕੀ ਤੁਹਾਨੂੰ ਯਾਦ ਨਹੀਂ? ਜਿਵੇਂ ਹੀ ਕਲੀਸਿਯਾ ਚਲੀ ਜਾਂਦੀ ਹੈ ਇਹ ਉਦੋਂ ਹੀ ਹੋ ਜਾਂਦਾ ਹੈ। ਕਲੀਸਿਯਾ ਜਾਂਦੀ ਹੈ, ਫਿਰ ਯਹੂਦੀ ਫੜ ਲੈਂਦੇ ਹਨ, ਅੰਦਰ ਆਉਂਦੇ ਹਨ। ਪਰ, ਪਹਿਲੀ, ਕ੍ਰਮ ਵਿੱਚ ਅਗਲੀ ਚੀਜ਼, ਪਰਾਈਆਂ ਕੌਮਾਂ ਵਿੱਚ ਇੱਕ ਸ਼ਕਤੀਸ਼ਾਲੀ ਰਾਸ਼ਟਰੀ—ਰਾਸ਼ਟਰੀ ਬੇਦਾਰੀ ਨਹੀਂ ਹੈ। ਕ੍ਰਮ ਵਿੱਚ ਅਗਲੀ ਚੀਜ਼, ਪਰਮੇਸ਼ੁਰ ਦੇ ਰਾਜ ਦਾ ਆਉਣਾ, ਮਸੀਹ ਦਾ ਆਉਣਾ ਹੈ।

120 ਹੁਣ, ਜੇ ਤੁਸੀਂ ਚਾਹੁੰਦੇ ਹੋ, ਤਾਂ ਅਸੀਂ ਹੁਣ ਦਾਨੀਏਲ ਦੇ ਦੂਜੇ ਅਧਿਆਇ, 34ਵੀਂ ਆਇਤ ਅਤੇ 35ਵੀਂ ਆਇਤ ਵੱਲ ਵਾਪਸ ਜਾ ਸਕਦੇ ਹਾਂ। ਅਤੇ ਦਾਨੀਏਲ ਨੂੰ ਦਿੱਤਾ ਗਿਆ ਸੀ...ਦੂਜਾ ਅਧਿਆਏ, 34 ਅਤੇ 35, ਜਦੋਂ ਦਾਨੀਏਲ ਨੂੰ ਦਰਸ਼ਣ ਦਿੱਤਾ ਗਿਆ ਸੀ ਕਿ ਉਸਦੇ ਲੋਕਾਂ ਦੇ ਦਿਨ ਖਤਮ ਹੋ ਗਏ ਹਨ, ਅਤੇ ਇੱਕ ਨਿਸ਼ਚਿਤ ਸਮੇਂ ਲਈ, ਅਤੇ ਉਸਨੇ ਪਰਾਈਆਂ ਕੌਮਾਂ ਨੂੰ ਅੰਦਰ ਆਉਂਦੇ ਵੇਖਿਆ, ਅਤੇ ਇੱਥੇ ਇਸ ਵੱਡੇ ਪੱਥਰ ਦਾ ਦਰਸ਼ਨ ਦੇਖਿਆ, ਜਾਂ, ਇਸ ਵੱਡੀ ਮੂਰਤ ਦਾ, ਜਿਸ ਦਾ ਸਿਰ ਸੋਨੇ ਦਾ ਸੀ, ਅਤੇ ਛਾਤੀ ਚਾਂਦੀ

ਦੀ ਸੀ। (ਹੁਣ ਦੇਖੋ, ਇਹ ਸਖ਼ਤ ਹੋ ਜਾਂਦਾ ਹੈ, ਚਾਂਦੀ ਤੋਂ ਸੋਨਾ।), ਉਸ ਤੋ ਬਾਅਦ ਲੋਹੇ ਦੇ ਪੱਟ, ਜਾਂ, ਪਿੱਤਲ ਦੇ ਪੱਟ, ਅਤੇ ਫਿਰ ਲੋਹੇ ਦੇ ਪੈਰ ਅਤੇ ਲੱਤਾਂ, ਪਰ ਪੈਰ ਦੀਆਂ ਉਂਗਲਾਂ, ਦਸ ਉਂਗਲਾਂ ਸਨ ਅਤੇ ਉਹ ਉਂਗਲਾਂ ਲੋਹੇ ਅਤੇ ਮਿੱਟੀ ਦੀਆਂ ਸਨ, ਅਤੇ ਉਸਨੇ ਕਿਹਾ, "ਇੱਥੋਂ ਤੱਕ ਕਿ ਤੁਸੀਂ ਦੇਖਿਆ ਕਿ ਲੋਹਾ ਮਿੱਟੀ ਨਾਲ ਨਹੀਂ ਰਲਦਾ, ਇਹ ਵੰਡੇ ਹੋਏ ਰਾਜ ਇੱਕ ਦੂਜੇ ਨਾਲ ਨਹੀਂ ਰਲਣਗੇ, ਪਰ ਉਹ ਆਪਣੇ ਬੀਜ ਆਪਸ ਵਿੱਚ ਮਿਲਾਉਣਗੇ, ਦੂਜੇ ਦੀ ਸ਼ਕਤੀ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਹੋ।" ਸਮਝੇ?

121 ਹੁਣ, ਕੀ ਹੋਇਆ, ਸੋਨੇ ਦਾ ਸਿਰ ਨਬੂਕਦਨੱਸਰ ਸੀ, ਜਿਸਦਾ ਉਸਨੇ ਅਰਥ ਕੀਤਾ। ਕਿਹਾ, "ਇੱਕ ਹੋਰ ਰਾਜਾ ਆਵੇਗਾ ਅਤੇ ਤੇਰੇ ਨਾਲੋਂ ਨੀਵਾਂ ਹੋਵੇਗਾ," ਜੋ ਦਾਰਾ ਸੀ, ਮਾਦੀ-ਓ-ਫ਼ਾਰਸੀ, ਪਰਾਈਆਂ ਕੌਮਾਂ ਦੇ ਰਾਜ ਨੂੰ ਲੈ ਲਿਆ। ਉਸ ਤੋਂ ਬਾਅਦ, ਮਾਦੀ-ਓ-ਫ਼ਾਰਸੀ ਤੋਂ ਬਾਅਦ, ਕੀ ਸੀ? ਯੂਨਾਨੀ, ਅਲੈਗਜ਼ੈਂਡਰ ਮਹਾਨ, ਅਤੇ ਹੋਰ ਅੱਗੇ; ਯੂਨਾਨੀਆਂ ਨੇ ਉਸ ਰਾਜ ਉੱਤੇ ਕਬਜ਼ਾ ਕਰ ਲਿਆ। ਫਿਰ ਇਹ ਯੂਨਾਨੀਆਂ ਤੋਂ ਕਿਸ ਚੀਜ਼ ਨੇ ਖੋਹ ਲਿਆ? ਰੋਮੀਆਂ ਨੇ। ਅਤੇ ਉਦੋਂ ਤੋਂ ਗ਼ੈਰ-ਯਹੂਦੀ ਸੰਸਾਰ ਉੱਤੇ ਕਿਸ ਨੇ ਰਾਜ ਕੀਤਾ ਹੈ? ਰੋਮੀਆਂ ਨੇ! ਰੋਮੀ, ਹੁਣ, ਉਹ ਲੋਹਾ ਸੀ।

122 ਫਿਰ ਧਿਆਨ ਦਿਓ, ਰੋਮ ਅੰਤ ਤੱਕ ਮੌਜੂਦ ਹੈ, ਕਿਉਂਕਿ ਇਹ ਪੈਰਾਂ ਦੀਆਂ ਉਂਗਲਾਂ ਦੇ ਅੰਤ ਤੱਕ ਗਿਆ ਸੀ। ਅਤੇ ਉਸਨੇ ਚਿੱਕੜ, ਮਿੱਟੀ ਦੇਖੀ; ਅਤੇ ਇਹ ਉਹ ਲੋਕ ਹਨ, ਜਿਸ ਤੋਂ ਅਸੀਂ ਬਣੇ ਹਾਂ। ਅਤੇ ਲੋਹਾ, ਰੋਮ ਦੀ ਤਾਕਤ, ਉਹਨਾਂ ਕੌਮਾਂ ਵਿੱਚੋਂ ਹਰ ਇੱਕ ਵਿੱਚ ਚੱਲਦਾ ਹੈ। ਅਤੇ ਰੋਮ ਕੋਲ ਆਕਾਸ਼ ਦੇ ਹੇਠਾਂ ਹਰ ਕੌਮ ਉੱਤੇ ਅਧਿਕਾਰ ਹੈ।

123 ਦੁਨੀਆ ਵਿੱਚ ਇੱਕ ਵਿਅਕਤੀ ਹੈ ਇੱਕ ਜੰਗ ਨੂੰ ਰੋਕ ਸਕਦਾ ਹੈ ਜਾਂ ਜੰਗ ਸ਼ੁਰੂ ਕਰ ਸਕਦਾ ਹੈ, ਬਿਨਾਂ...ਇੱਕ ਸ਼ਬਦ ਕਹੇ। ਇਹ ਪੋਪ ਹੈ। ਕੀ ਹੋਵੇਗਾ ਜੇ ਉਹ ਕਹੇ, "ਕੋਈ ਕੈਥੋਲਿਕ ਹਥਿਆਰ ਨਹੀਂ ਚੁੱਕੇਗਾ।" ਇਸ ਦਾ ਨਿਪਟਾਰਾ ਹੋ ਜਾਂਦਾ ਹੈ, ਭਾਈ, ਤੁਸੀਂ ਜੋ ਚਾਹੋ ਗੱਲ ਕਰੋ। ਈਸਾਈ-ਜਗਤ ਦਾ, ਦੁਨੀਆ ਦਾ ਸਭ ਤੋਂ ਵੱਡਾ ਹਿੱਸਾ, ਕੈਥੋਲਿਕ ਹੈ। ਸਮਝੇ? ਠੀਕ ਹੈ। ਉਸਨੂੰ ਇੱਕ ਸ਼ਬਦ ਕਹਿਣ ਦਿਓ, ਇਹ ਉਹੀ ਹੈ।

124 ਜਿਵੇਂ ਉਹਨਾਂ ਨੇ ਇੱਥੇ ਕਿਹਾ, "ਕੌਣ..." ਅਸੀਂ ਬਾਅਦ ਵਿੱਚ ਇਸ ਵਿੱਚ ਜਾਵਾਂਗੇ। "ਦਰਿੰਦੇ ਨਾਲ ਕੌਣ ਯੁੱਧ ਕਰ ਸਕਦਾ ਹੈ? ਉਸ ਵਰਗਾ ਕੌਣ ਬੋਲ ਸਕਦਾ ਹੈ? ਕੌਣ ਕਰ ਸਕਦਾ ਹੈ? ਫਿਰ, ਆਓ ਅਸੀਂ ਪਸ਼ੂ ਦੀ ਇੱਕ ਮੂਰਤ ਬਣਾਈਏ।" ਇਹ ਗਿਰਜਿਆਂ ਦਾ ਸੰਘ ਹੈ, "ਇਸ ਵਰਗੀ ਇਕ ਮੂਰਤ ਬਣਾਓ।" ਸਮਝੇ? ਸੰਪਰਦਾਵਾਂ ਨੂੰ ਇਕੱਠੇ ਕਰੋ, ਜੋ ਉਹ ਪਹਿਲਾਂ ਹੀ ਕਰ ਚੁੱਕੇ

ਹਨ। ਓਹ, ਅਸੀਂ ਅੰਤ ਵਿੱਚ ਹਾਂ। ਇਹ ਸਭ ਕੁਝ ਹੈ, ਦੋਸਤ। ਅਸੀਂ ਅੰਤ ਵਿੱਚ ਇੱਥੇ ਹਾਂ। ਵੇਖਿਆ? “ਆਓ ਅਸੀਂ ਪਸ਼ੂ ਦੀ ਇੱਕ ਮੂਰਤ ਬਣਾਈਏ,” ਕੁਝ ਅਜਿਹਾ ਹੀ ਹੈ। ਇੱਕ ਮੂਰਤ ਅਜਿਹੀ ਚੀਜ ਹੈ ਜੋ ਕਿਸੇ ਚੀਜ ਜਿਹੀ ਦਿਖਾਈ ਦਿੰਦੀ ਹੈ। ਸਮਝੇ? ਹੁਣ ਅਸੀਂ ਅੰਤ ਸਮੇਂ ਤੇ ਹਾਂ।

125 ਹੁਣ ਇਸ ਜੁਗ ਦੇ ਅੰਤ ਵਿੱਚ, ਇੱਥੇ ਧਿਆਨ ਦਿਓ। ਹੁਣ, ਦਾਨੀਏਲ, ਦੂਜੇ ਅਧਿਆਇ ਵਿੱਚ, ਅਤੇ 34 ਵੀਂ ਅਤੇ 35 ਵੀਂ ਆਇਤ ਵਿੱਚ—ਆਇਤ, ਉਸਨੇ ਇਸ ਮੂਰਤ ਨੂੰ ਬਹੁਤ ਧਿਆਨ ਨਾਲ ਦੇਖਿਆ। ਅਤੇ ਉਸਨੇ ਇਸਨੂੰ ਉਦੋਂ ਤੱਕ ਦੇਖਿਆ ਜਦੋਂ ਤੱਕ ਇੱਕ ਪੱਥਰ ਪਹਾੜ ਤੋਂ, ਬਿਨਾਂ ਹੱਥ ਲਗਾਏ ਕੱਟਿਆ ਗਿਆ, ਅਤੇ ਇਸ ਨੂੰ ਹੇਠਾਂ ਰੇੜਿਆ ਗਿਆ ਅਤੇ ਮੂਰਤ ਦੇ ਪੈਰਾਂ ਵਿੱਚ ਵੱਜਿਆ, ਅਤੇ ਉਸ ਨੂੰ ਤੋੜ ਦਿੱਤਾ। ਹੁਣ, ਇਸ ਨੂੰ ਕਦੇ ਵੀ ਇਸ ਨੂੰ ਸਿਰ ਤੇ ਨਹੀਂ ਮਾਰਿਆ, ਹੁਣ। ਇਸ ਨੂੰ ਪੈਰਾਂ ਵਿੱਚ ਮਾਰਿਆ; ਉਹ ਅੰਤ ਦਾ ਸਮਾਂ ਸੀ, ਜਦ ਉਹਨਾਂ ਨੂੰ ਦਸ ਉਂਗਲਾਂ ਤੇ ਵੱਜਿਆ।

126 ਕੀ ਤੁਸੀਂ ਧਿਆਨ ਦਿੱਤਾ, ਬਿਲਕੁਲ ਇੱਥੇ, ਮਿਸਟਰ ਆਈਜ਼ਨਹਾਵਰ ਦੇ ਬਾਹਰ ਜਾਣ ਤੋਂ ਠੀਕ ਪਹਿਲਾਂ, ਅਮਰੀਕਾ ਦੇ...ਦੇ ਆਖਰੀ ਪ੍ਰੋਟੈਸਟੈਂਟ, ਰਾਸ਼ਟਰਪਤੀ ਦੇ ਰੂਪ ਵਿੱਚ—ਵਿੱਚ, ਜਿਸ ਬਾਰੇ ਮੈਨੂੰ ਸ਼ੱਕ ਹੈ ਕਿ ਕਦੇ ਕੋਈ ਹੋਰ ਹੋਵੇਗਾ। ਪਰ—ਪਰ ਜਦ...ਸਿਰਫ ਇਹ ਦਿਖਾਉਣ ਲਈ, ਲੋਕ ਜਾਗਣਗੇ। ਜਦੋਂ ਉਹ ਮਿਲੇ, ਤਾਂ ਉਥੇ ਸਨ...ਆਖਰੀ ਮੁਲਾਕਾਤ ਵਿੱਚ ਜਦ (ਉਹ) ਉਹ ਰੂਸ ਨਾਲ ਮਿਲੇ ਸਨ, ਪੰਜ ਪੂਰਬੀ ਕਮਿਊਨਿਸਟ ਦੇਸ਼ਾਂ ਦੀ ਨੁਮਾਇੰਦਗੀ ਕੀਤੀ ਗਈ ਸੀ, ਪੰਜ ਪੱਛਮੀ ਦੇਸ਼। ਮਿਸਟਰ ਖਰੁਸ਼ਚੇਵ ਪੂਰਬੀ ਦੇਸ਼ਾਂ ਦਾ ਮੁਖੀ ਸੀ। ਮਿਸਟਰ ਆਈਜ਼ਨਹਾਵਰ ਪੱਛਮੀ ਦੇਸ਼ਾਂ ਦਾ ਮੁਖੀ ਸੀ। ਅਤੇ ਖਰੁਸ਼ਚੇਵ, ਜਿਵੇਂ ਮੈਂ ਸਮਝਦਾ ਹਾਂ ਅਤੇ ਜਿਵੇਂ ਮੈਨੂੰ ਦੱਸਿਆ ਗਿਆ ਹੈ, ਕਿ ਰੂਸੀ ਭਾਸ਼ਾ ਵਿੱਚ, *ਖਰੁਸ਼ਚੇਵ* ਦਾ ਅਰਥ ਹੈ “ਮਿੱਟੀ।” ਅਤੇ *ਆਇਜ਼ਨਹਾਵਰ* ਦਾ ਮਤਲਬ ਹੈ “ਲੋਹਾ,” ਅੰਗਰੇਜ਼ੀ ਵਿੱਚ। ਉਥੇ ਤੇਰਾ ਲੋਹਾ ਅਤੇ ਮਿੱਟੀ ਹੈ, ਰਲਣਗੇ ਨਹੀਂ। ਅਤੇ ਉਸਨੇ ਆਪਣੀ ਜੁੱਤੀ ਲਾਹ ਦਿੱਤੀ ਅਤੇ ਇਸ ਨਾਲ ਸਟੈਂਡ ਨੂੰ ਕੁੱਟਿਆ, ਅਤੇ ਹੋਰ ਸਭ ਕੁਝ ਕੀਤਾ। ਇਹ ਮਿਲਾਏ ਨਹੀਂ ਜਾ ਸਕਦੇ।

127 ਪਰ ਇਹ ਇਹਨਾਂ ਸਾਮਰਾਜਾਂ ਦੇ ਦਿਨਾਂ ਵਿੱਚ ਸੀ ਕਿ ਚੱਟਾਨ, ਪੱਥਰ ਜੋ ਪਹਾੜ ਤੋਂ ਬਾਹਰ ਕੱਢਿਆ ਗਿਆ ਸੀ, ਬਿਨਾਂ ਹੱਥਾਂ ਦੇ, ਮੂਰਤ ਨੂੰ ਪੈਰਾਂ ਵਿੱਚ ਮਾਰਿਆ। ਹੁਣ, “ਇੱਕ ਪਹਾੜ ਦੇ ਬਾਹਰ ਕੱਟਿਆ ਗਿਆ।” ਜਰੂਰ ਇੱਕ ਪੱਥਰ ਦਾ ਪਹਾੜ ਹੋਵੇਗਾ। ਇਹ ਪੱਥਰ ਦੇ ਪਹਾੜ ਵਿੱਚੋਂ ਕੱਟਿਆ ਗਿਆ ਸੀ। ਹੁਣ, ਕੀ ਤੁਸੀਂ ਧਿਆਨ ਦਿੱਤਾ?

128 ਹੁਣ, ਸੇਵਕ ਭਰਾਵੋ, ਅਤੇ ਭਰਾਵੋ ਅਤੇ ਭੈਣੋ, ਸੰਸਾਰ ਭਰ ਵਿੱਚ। ਮੇਰੀ ਸਮਝ ਅਨੁਸਾਰ, ਪਹਿਲੀ ਬਾਈਬਲ ਜੋ ਲਿਖੀ ਗਈ ਸੀ, ਪਰਮੇਸ਼ੁਰ ਨੇ ਇਸਨੂੰ ਅਕਾਸ਼ ਵਿੱਚ ਲਿਖਿਆ ਹੈ, ਤਾਂ ਜੋ ਉਹ ਉੱਪਰ ਵੇਖਣ ਅਤੇ ਦੇਖਣ ਕਿ ਆਕਾਸ਼ ਵਿੱਚ ਇੱਕ—ਇੱਕ ਪਰਮੇਸ਼ੁਰ ਹੈ, ਉਹ ਪਰਮੇਸ਼ੁਰ ਉਨ੍ਹਾਂ ਦੇ ਉੱਪਰ ਹੈ। ਅਤੇ ਜੇਕਰ ਤੁਸੀਂ ਰਾਸ਼ੀ ਚੱਕਰ ਵਿੱਚ ਧਿਆਨ ਦਿੰਦੇ ਹੋ…ਹੁਣ ਤੁਹਾਡੇ ਵਿੱਚੋਂ ਕੋਈ ਵੀ ਨਾ ਜਾਵੇ…ਤੁਸੀਂ ਇਸ ਬਾਈਬਲ ਦੇ ਨਾਲ ਸਹੀ ਰਹੋ। ਸਮਝੇ? ਪਰ, ਰਾਸ਼ੀ ਚੱਕਰ, ਇਹ ਰਾਸ਼ੀ ਵਿੱਚ ਪਹਿਲੇ ਤੋਂ ਸ਼ੁਰੂ ਹੁੰਦਾ ਹੈ, ਜਿਵੇਂ ਮੈਂ ਸਮਝਦਾ ਹਾਂ, ਕੰਨਿਆ ਤੋਂ ਸ਼ੁਰੂ ਹੁੰਦਾ ਹੈ; ਰਾਸ਼ੀ ਚੱਕਰ ਵਿੱਚ ਆਖਰੀ ਲੀਓ ਜਾਂ ਸ਼ੇਰ ਹੈ। ਇਹ ਮਸੀਹ ਦੀ ਪਹਿਲੀ ਆਮਦ ਹੈ, ਕੰਨਿਆ ਦੁਆਰਾ; ਦੂਜੀ ਆਮਦ, ਯਹੂਦਾਹ ਦੀ ਗੋਤ ਦਾ ਬੱਬਰ ਸ਼ੇਰ ਹੈ। ਸਮਝੇ? ਫਿਰ ਸਾਡੇ ਕੋਲ ਕਰਕ ਜੁਗ ਹੈ, ਅਤੇ, ਇਹ ਵੀ, ਰਾਸ਼ੀ ਚੱਕਰ ਦੇ ਹੇਠਾਂ ਹੈ।

129 ਹੁਣ, ਸਾਨੂੰ ਪਤਾ ਲੱਗਾ ਹੈ ਕਿ ਉੱਥੇ ਇੱਕ ਹੋਰ ਲਿਖਿਆ ਹੋਇਆ ਸੀ, ਜਾਂ ਕੋਈ ਹੋਰ ਰੱਖਿਆ ਗਿਆ ਸੀ, ਅਤੇ ਉਹ ਪਿਰਾਮਿਡ ਸਨ। ਕੀ ਤੁਸੀਂ ਪਿਰਾਮਿਡਾਂ ਵਿੱਚ ਦੇਖਿਆ ਹੈ, ਇਹ ਕਿਵੇਂ ਸ਼ੁਰੂ ਹੋਇਆ, ਤਲ ਤੋਂ ਚੌੜਾ, ਇੱਕ ਪਹਾੜ ਵਾਂਗ, ਠੋਸ ਚੱਟਾਨ ਤੋਂ ਬਣਾਇਆ ਗਿਆ, ਉੱਪਰ ਉੱਠਦਾ ਰਿਹਾ ਜਦੋਂ ਤੱਕ ਇਹ ਸਿਖਰ ਤਕ ਨਹੀਂ ਪਹੁੰਚ ਗਿਆ ਸੀ? ਪਰ ਪਿਰਾਮਿਡ ਨੂੰ ਕਦੇ ਵੀ ਢਕਿਆ ਨਹੀਂ ਗਿਆ ਸੀ, ਮਿਸਰ ਵਿੱਚ ਉੱਥੇ ਵੱਡਾ ਪਿਰਾਮਿਡ ਹੈ। ਆਪਣੇ ਬਾਹਰ ਕੱਢੋ…ਜੇ ਤੁਹਾਡੀ ਜੇਬ ਵਿੱਚ ਇੱਕ ਡਾਲਰ ਦਾ ਨੋਟ ਹੈ, ਤਾਂ ਇੱਕ ਡਾਲਰ ਦਾ ਬਿੱਲ ਕੱਢੋ ਅਤੇ ਇਸਨੂੰ ਦੇਖੋ। ਅਤੇ ਤੁਸੀਂ ਇੱਥੇ ਇੱਕ ਪਾਸੇ ਅਮਰੀਕਨ ਮੋਹਰ ਪਾਓਗੇ, ਅਤੇ ਦੂਜੇ ਪਾਸੇ ਇਹ ਹੈ, ਹੇਠਾਂ, ਪਿਰਾਮਿਡ। ਅਤੇ ਪਿਰਾਮਿਡ ਦੇ ਉੱਪਰ, ਸਿਰੇ ਦਾ ਪੱਥਰ, ਪਰ ਇਹ ਇੱਕ ਬਹੁਤ ਵੱਡੀ ਅੱਖ ਹੈ। ਅਤੇ ਇਸਨੂੰ ਕਿਹਾ ਜਾਂਦਾ ਹੈ, ਇਸ ਪਿਰਾਮਿਡ ਦੇ ਤਲ ਤੇ, "ਇੱਕ ਮਹਾਨ ਮੋਹਰ।" ਅਮਰੀਕੀ ਉਕਾਬ ਮਹਾਨ ਮੋਹਰ ਕਿਉਂ ਨਹੀਂ ਹੈ? ਇਹ ਪਰਮੇਸ਼ੁਰ ਦੀ ਮੋਹਰ ਹੈ। ਯਾਦ ਹੈ, ਅਸੀਂ ਇੱਕ ਛੋਟਾ ਜਿਹਾ ਗੀਤ ਗਾਉਂਦੇ ਹੁੰਦੇ ਸੀ:

> ਰੂਹ ਦੇ ਸੱਚੇ ਨਿਵਾਸ ਦੇ ਰਸਤੇ ਤੇ,
> ਇੱਕ ਅੱਖ ਤੁਹਾਨੂੰ ਦੇਖ ਰਹੀ ਹੈ;
> ਹਰ ਕਦਮ ਜੋ ਤੁਸੀਂ ਚੁੱਕਦੇ ਹੋ, ਇਹ ਮਹਾਨ ਅੱਖ
> ਜਾਗਦੀ ਹੈ,
> ਇੱਕ ਅੱਖ ਤੁਹਾਨੂੰ ਦੇਖ ਰਹੀ ਹੈ।

ਇਹ ਠੀਕ ਹੈ। ਯਾਦ ਕਰੋ, ਜਦੋਂ ਸਾਡੇ ਕੋਲ ਇੱਕ ਨਿੱਕੀ—ਇੱਕ ਨਿੱਕੀ ਜਿਹੀ ਜੁਬਲੀ ਹੋਇਆ ਕਰਦੀ ਸੀ? ਅਸੀਂ ਕਹਿੰਦੇ ਹੁੰਦੇ ਸੀ:

ਜੇ ਤੁਸੀਂ ਚੋਰੀ ਕਰਦੇ ਹੋ ਅਤੇ ਧੋਖਾ ਦਿੰਦੇ ਹੋ ਅਤੇ ਝੂਠ
ਬੋਲਦੇ ਹੋ, ਅਤੇ ਕਲੀਸੀਆ ਵਿੱਚ ਗਵਾਹੀ ਦਿੰਦੇ ਹੋ,
ਇੱਕ ਅੱਖ ਤੁਹਾਨੂੰ ਦੇਖ ਰਹੀ ਹੈ।

130 ਹੁਣ, ਮਹਾਨ ਮੋਹਰ। ਹੁਣ, ਅਸੀਂ ਜਾਣਦੇ ਹਾਂ, ਅਤੇ ਮੈਂ ਇਸਨੂੰ ਨਹੀਂ ਸਮਝਦਾ, ਪਿਰਾਮਿਡ ਨੂੰ ਮਾਪਣ ਦੀ ਵਿਧੀ। ਪਰ ਮੈਂ ਅਖੀਰ ਵਿੱਚ ਤੁਹਾਨੂੰ ਲੋਕਾਂ ਨੂੰ ਦੱਸ ਰਿਹਾ ਹਾਂ, ਇਨ੍ਹਾਂ ਕੁਝ ਸਿੱਖਿਆਵਾਂ ਵਿੱਚ ਜੋ ਆ ਰਹੀਆਂ ਹਨ, ਤਾਂ ਜੋ ਤੁਸੀਂ ਦੇਖੋਗ ਕਿ ਇਹ ਸਭ ਅੱਗੇ ਵੱਧਦਾ ਰਹਿੰਦਾ ਹੈ, ਇਕੱਠੇ।

131 ਹੁਣ, ਪਿਰਾਮਿਡ ਕਲੀਸੀਯਾ ਦੀ ਨੁਮਾਇੰਦਗੀ, ਸ਼ੁਰੂ ਕਰਦਾ ਹੈ, ਤਲ ਤੇ ਚੌੜਾ ਹੈ। ਅਤੇ ਜਿਵੇਂ ਇਹ ਸਿਖਰ ਦੇ ਨੇੜੇ ਆਉਂਦਾ ਹੈ, ਤਾਂ ਇਹ ਇਕ—ਇਕ ਸੁਰਾਹੀ ਦੀ ਸ਼ਕਲ ਵਿਚ ਆ ਜਾਂਦਾ ਹੈ।

132 ਹੁਣ, ਸਾਨੂੰ ਪਤਾ ਚਲਦਾ ਹੈ, ਇਹ ਸਿਖਰ ਦੇ ਬਿਲਕੁਲ ਸਿਰ ਤੱਕ ਪਹੁੰਚ ਜਾਂਦਾ ਹੈ, ਅਤੇ ਉਹਨਾਂ ਨੇ ਇਸਨੂੰ ਕਦੇ ਵੀ ਪੂਰਾ ਨਹੀਂ ਬਣਾਇਆ। ਕਿਉਂ? ਕਿਉਂ? ਮੈਂ ਹੈਰਾਨ ਹਾਂ ਕਿਉਂ! ਕਿਉਂਕਿ ਬਾਈਬਲ ਨੇ ਕਿਹਾ ਕਿ ਸਿਰੇ ਦੇ ਪੱਥਰ ਨੂੰ ਰੱਦ ਦਿੱਤਾ ਗਿਆ ਸੀ। ਉਨ੍ਹਾਂ ਨੂੰ ਰੱਦ ਦਿੱਤਾ ਗਿਆ।

133 ਹੁਣ ਦੇਖੋ, ਕਲਿਸੀਯਾ ਦਾ ਯੁੱਗ...ਹੁਣ ਧਿਆਨ ਲਾ ਕੇ ਸੁਣੋ। ਇਸ ਨੂੰ ਖੁੰਝ ਨਾ ਜਾਇਓ। ਕਲੀਸੀਯਾ ਦਾ ਯੁੱਗ ਸੁਧਾਰ ਦੀ ਸ਼ੁਰੂਆਤ ਤੋਂ ਆਇਆ ਹੈ, ਲੂਥਰ, ਉਸ ਸਮੇਂ ਵਿੱਚ ਜਿੱਥੇ ਨੀਂਹ ਪੱਥਰ ਰੱਖੇ ਗਏ ਸਨ, ਜੋ ਰਸੂਲਾਂ ਦਾ ਸਿਧਾਂਤ ਹੈ। ਫਿਰ ਸਾਨੂੰ ਪਤਾ ਲੱਗਾ, ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਇੱਕ ਯੁੱਗ ਤੋਂ ਦੂਜੇ ਤੱਕ, ਕਲਿਸਿਯਾ ਹਰ ਸਮੇਂ ਘੱਟ ਗਿਣਤੀ ਵਿੱਚ ਜਾਂਦੀ ਰਹੀ, ਜਦੋਂ ਤੱਕ ਇਹ ਇਸ ਤਰ੍ਹਾਂ ਨਹੀਂ ਹੋ ਗਿਆ...ਲੂਥਰ ਨੇ ਧਰਮੀ ਠਹਿਰਾਏ ਜਾਣ ਦਾ ਪ੍ਰਚਾਰ ਕੀਤਾ। ਫਿਰ, ਸਿਰਫ ਇਹ ਹੋਣ ਕਰਕੇ, ਇੱਕ ਮਸੀਹੀ ਹੋਣ ਦਾ ਇਕਰਾਰ ਕਰਨ ਤੇ, ਉਹ ਤੁਹਾਨੂੰ ਮੌਤ ਦੇ ਘਾਟ ਉਤਾਰ ਦੇਣਗੇ, ਸ਼ਹੀਦੀਆਂ ਦੇ ਦਿਨ, ਸ਼ਹੀਦ।

134 ਹੁਣ ਸਾਨੂੰ ਪਤਾ ਲੱਗਦਾ ਹੈ, ਵੈਸਲੀ ਦੇ ਦਿਨਾਂ ਵਿੱਚ, ਜੇ ਤੁਸੀਂ ਮਸੀਹ ਨੂੰ ਕਬੂਲ ਕਰਦੇ ਤਾਂ ਤੁਸੀਂ ਇੱਕ ਪਵਿੱਤਰ-ਪਖੰਡੀ ਹੁੰਦੇ, ਉਹ ਨਵਾਂ ਮੈਥੋਡਿਸਟ। ਜਦੋਂ ਵੈਜਲੀ, ਅਤੇ ਐਸਬਰੀ, ਇੱਥੇ ਆਏ ਤਾਂ ਲੋਕ ਬਾਹਰ ਨਿਕਲ ਗਏ, ਉਨ੍ਹਾਂ ਨੇ ਇੱਥੇ ਅਮਰੀਕਾ ਵਿੱਚ ਸਭਾਵਾਂ ਕੀਤੀਆਂ, ਉਹਨਾਂ ਦਾ ਇਤਿਹਾਸ ਪੜ੍ਹ ਰਿਹਾ ਸੀ, ਜਿੱਥੇ ਉਹਨਾਂ ਕੋਲ ਇਹ ਸਕੂਲ ਘਰਾਂ ਵਿੱਚ ਸੀ। ਉਨ੍ਹਾਂ ਦੇ ਗਿਰਜੇ ਉਨ੍ਹਾਂ ਨੂੰ ਨਹੀਂ ਰੱਖਦੇ ਸਨ। ਅਤੇ ਅੰਤ ਵਿੱਚ ਉਹ ਇੱਕ ਸਥਾਨ ਤੇ ਪਹੁੰਚ ਗਏ ਜਦੋਂ ਤੱਕ ਪਵਿੱਤਰ ਆਤਮਾ ਉਹਨਾਂ ਉੱਤੇ ਨਹੀਂ ਆਇਆ, ਅਤੇ ਉਹ ਫਰਸ਼ ਉੱਤੇ ਡਿੱਗ ਪਏ, ਅਤੇ ਉਹ ਉਨ੍ਹਾਂ ਉੱਤੇ ਪਾਣੀ ਪਾਉਂਦੇ, ਉਨ੍ਹਾਂ ਨੂੰ

ਪੱਖੇ ਨਾਲ ਹਵਾ ਝੱਲਦੇ, ਇਹ ਸੋਚਦੇ ਕਿ ਉਹ ਬੇਹੋਸ਼ ਹੋ ਗਏ ਹਨ। ਅਤੇ ਮੈਂ ਆਪਣੇ ਪੰਜਾਹ ਸਾਲਾਂ ਵਿੱਚ, ਉਹਨਾਂ ਦੀਆਂ ਸਭਾਵਾਂ ਵਿੱਚ ਸਹੀ ਹੀ ਰਿਹਾ ਹਾਂ। ਅਤੇ ਮੈਂ ਉਨ੍ਹਾਂ ਨੂੰ ਇਸ ਤਰ੍ਹਾਂ ਪਵਿੱਤਰ ਆਤਮਾ ਦੀ ਸ਼ਕਤੀ ਦੇ ਹੇਠਾਂ ਡਿੱਗਦੇ ਦੇਖਿਆ ਹੈ, ਅਤੇ ਉਹ ਉਹਨਾਂ ਚਿਹਰੇ ਤੇ ਪਾਣੀ ਸੁੱਟਦੇ ਸਨ, ਅਤੇ ਸਭ ਕੁਝ, ਪੁਰਾਣੇ ਆਜਾਦ ਮੈਥੋਡਿਸਟ, ਕਈ ਸਾਲ ਪਹਿਲਾਂ। ਇਹ ਇੱਕ ਜ਼ੁਲਮ ਸੀ।

135 ਹੁਣ, ਫਿਰ, ਉਸ ਯੁੱਗ ਤੋਂ ਬਾਅਦ, ਵੇਸਲੀਅਨ ਯੁੱਗ, ਪਵਿੱਤਰ ਆਤਮਾ ਦੇ ਬਪਤਿਸਮੇ ਦੇ ਨਾਲ ਪੈਂਟੀਕੋਸਟਲ ਯੁੱਗ ਵਿੱਚ ਆਉਂਦਾ ਹੈ। ਦੇਖੋ, ਤੁਸੀਂ ਹਰ ਸਮੇਂ, ਆਕਾਰ ਦੇ ਰਹੇ ਹੋ। ਹੁਣ ਯਾਦ ਰੱਖੋ, ਸਿਰੇ ਦਾ ਪੱਥਰ ਅਜੇ ਇਸ ਤੇ ਨਹੀਂ ਸੀ। ਕਿਉਂ? ਉਨ੍ਹਾਂ ਨੇ ਕਲੀਸੀਆ ਜਾਂ ਪਿਰਾਮਿਡ ਨੂੰ ਬਿਲਕੁਲ ਸਹੀ ਰੂਪ ਦਿੱਤਾ, ਸਿਰੇ ਦੇ ਪੱਥਰ ਨੂੰ ਆਕਾਰ ਵਿੱਚ ਫਿੱਟ ਕਰਨ ਲਈ, ਪਰ ਸਿਰੇ ਦਾ ਪੱਥਰ ਕਦੇ ਨਹੀਂ ਆਇਆ। ਔਹ, ਤੁਸੀਂ ਸਮਝ ਰਹੇ ਹੋ ਕਿ ਮੈਂ ਕਿੱਥੇ ਹਾਂ, ਨਹੀਂ!

136 ਹੁਣ, ਲੂਥਰ ਤੋਂ ਲੈ ਕੇ ਪੰਤੇਕੁਸਤ ਦੇ ਅੰਤ ਤੱਕ ਦੀ ਸੇਵਕਾਈ, ਇੱਥੇ ਉਸ ਛੋਟੀ ਜਿਹੀ ਘੱਟ ਗਿਣਤੀ ਵਿੱਚ…ਇਹੀ ਕਾਰਨ ਹੈ ਕਿ ਇਸ ਯੁੱਗ ਵਿਚ, ਕੈਲੰਡਰ ਤੇ, ਚਾਰਟ ਤੇ, ਰੌਸ਼ਨੀ ਲਗਭਗ ਖਤਮ ਹੋ ਜਾਂਦੀ ਹੈ। ਇਹ ਪੈਂਟੇਕੋਸਟਲ ਯੁੱਗ ਹੈ, ਪੈਂਟੇਕੋਸਟਲ; ਪੰਤੇਕੋਸਟਲ ਸੰਪਰਦਾਵਾਂ ਨਹੀਂ—ਨਹੀਂ, ਕਿਉਂਕਿ ਉਨ੍ਹਾਂ ਨੇ ਬਿਲਕੁਲ ਲਾਉਦਿਕੀਆ ਵਾਂਗ ਹੀ ਕੀਤਾ ਸੀ। ਉਹ ਲਾਓਦੀਕੀਅਨ ਹਨ। ਉਨ੍ਹਾਂ ਨਿਕੁਲਾਈਆਂ ਵਾਂਗ ਕੀਤਾ, ਉਹ ਸੰਗਠਿਤ ਹੋ ਗਏ।

ਪਰ ਸੱਚੀ ਕਲਿਸੀਯਾ, ਸਾਰੀ ਦੁਨੀਆਂ ਵਿੱਚ, ਇੱਕ ਅਜਿਹੀ ਥਾਂ ਤੇ ਆ ਗਿਆ ਹੈ ਕਿ ਇਸਦੇ ਵਿਚਕਾਰ ਇੱਕ ਸੇਵਕਾਈ ਆ ਗਈ ਹੈ, ਬਿਲਕੁਲ ਯਿਸੂ ਮਸੀਹ ਦੀ ਸੇਵਕਾਈ ਵਾਂਗ। ਹੁਣ ਉਨ੍ਹਾਂ ਕੋਲ ਕੀ ਹੈ? ਉਨ੍ਹਾਂ ਨੂੰ ਚੀਜ਼ ਉਸ ਹਾਲਤ ਵਿੱਚ ਹੈ। ਹੁਣ ਅਗਲੀ ਗੱਲ ਕੀ ਹੈ? ਇਹ ਰੱਦਿਆ ਹੋਇਆ ਪੱਥਰ, ਪਿਰਾਮਿਡ ਤੋਂ, ਪਹਾੜ ਤੋਂ ਕਿਸਦੇ ਬਿਨਾਂ ਕੱਟਿਆ ਗਿਆ? ਹੱਥਾਂ ਤੋਂ ਬਿਨਾਂ। ਪਰਮੇਸ਼ੁਰ ਨੇ ਇਸਨੂੰ ਭੇਜਿਆ ਹੈ। ਕੀ ਤੁਸੀਂ ਇਸਨੂੰ ਦੇਖ ਰਹੇ ਹੋ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਰੱਦਿਆ ਹੋਇਆ, ਰੱਦਿਆ ਹੋਇਆ ਪੱਥਰ, ਇਸ ਦਾ ਸਿਰ ਹੈ; ਸਿਰ, ਸਿਰੇ ਦਾ ਪੱਥਰ ਹੈ। ਅਤੇ ਉਹੀ ਜਿਸ ਨੂੰ ਉਨ੍ਹਾਂ ਨੇ ਰੱਦ ਦਿੱਤਾ ਹੈ, ਪਰਾਈਆਂ ਕੌਮਾਂ ਦੇ ਯੁੱਗ ਵਿੱਚ, ਉਹ ਮਸੀਹ ਹੈ। ਅਤੇ ਮਸੀਹ ਨੂੰ ਕੱਟ ਕੇ ਇੱਥੇ ਇੱਕ ਵਿਕਾਰ, ਜਾਂ ਪਰਮੇਸ਼ੁਰ ਦੇ ਪੁੱਤਰ, ਜਾਂ ਕਲਿਸੀਯਾ ਵਿੱਚ ਕਿਸੇ ਮਹਾਨ ਪਤਵੰਤੇ ਵਜੋਂ ਨਹੀਂ ਰੱਖਿਆ ਗਿਆ ਸੀ। ਉਹ

ਪਵਿੱਤਰ ਆਤਮਾ ਹੈ। ਅਤੇ ਪਿਰਾਮਿਡ ਦਾ ਸਿਰ ਮਸੀਹ ਆ ਰਿਹਾ ਹੋਵੇਗਾ। ਕੀ ਤੁਸੀਂ ਇਸਨੂੰ ਸਮਝ ਰਹੇ ਹੋ? ["ਆਮੀਨ।"]

137 ਹੁਣ, ਕਿਉਂਕਿ ਉਹ ਆਕਾਰ ਵਿੱਚ ਹਨ, (ਦੇਖੋ ਕਿ ਮੈਂ ਇੱਥੇ ਪਿਰਾਮਿਡ ਵਰਗਾ ਇਹ ਆਕਾਰ ਕਿੱਥੇ ਬਣਾਇਆ ਹੈ, ਸੰਤਾਂ ਦਾ ਜੀ ਉਠਣਾ?) ਮਹਿਮਾ ਵਿੱਚ ਕੂਚ ਨੂੰ ਦਿਖਾਉਂਦਾ ਹੈ। ਤੁਸੀਂ ਹੁਣ ਸਮਝ ਗਏ ਹੋ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਮਸੀਹ, ਸਿਰ ਦਾ ਪੱਥਰ, ਅਸਵੀਕਾਰ ਕੀਤਾ ਗਿਆ ਪੱਥਰ, ਸਭ ਨੂੰ ਦੇਖਣ ਵਾਲੀ ਅੱਖ, ਬਿਲਕੁਲ ਉਸੇ ਤਰ੍ਹਾਂ ਆ ਰਿਹਾ ਹੈ ਜਿਵੇਂ ਬਾਈਬਲ ਨੇ ਕਿਹਾ ਹੈ। ਅਤੇ ਦਾਨੀਏਲ ਕਹਿੰਦਾ ਹੈ ਕਿ ਉਸਨੇ ਇਸ ਪਰਾਈਆਂ ਕੌਮਾਂ ਦੇ ਯੁੱਗ ਨੂੰ ਉਦੋਂ ਤੱਕ ਦੇਖਿਆ ਜਦੋਂ ਤੱਕ ਪਹਾੜ ਤੋਂ ਇੱਕ ਪੱਥਰ ਨਹੀਂ ਨਿਕਲਦਾ, ਜੋ ਹੱਥਾਂ ਨਾਲ ਨਹੀਂ ਕੱਟਿਆ ਗਿਆ ਸੀ। ਉਨ੍ਹਾਂ ਨੇ ਉਸ ਪਿਰਾਮਿਡ ਤੇ ਕਦੇ ਵੀ ਸਿਰ ਦਾ ਪੱਥਰ ਨਹੀਂ ਲਗਾਇਆ। ਇਹ ਮਨੁੱਖ ਦੇ ਹੱਥਾਂ ਦੁਆਰਾ ਨਹੀਂ ਕੱਟਿਆ ਗਿਆ ਸੀ। ਇਹ ਪਰਮੇਸ਼ੁਰ ਦਾ ਹੱਥ ਸੀ ਜਿਸ ਨੇ ਪੱਥਰ ਨੂੰ ਕੱਟਿਆ। ਤੁਸੀਂ ਇਸ ਨੂੰ ਸਮਝੇ ਰਹੇ ਹੋ? ["ਆਮੀਨ।"] ਅਤੇ ਇਸ ਨਾਲ ਕੀ ਹੋਇਆ? ਇਸਨੇ ਮੂਰਤ ਨੂੰ ਪੈਰਾਂ ਵਿੱਚ ਜੋਰ ਨਾਲ ਟੱਕਰ ਮਾਰੀ, ਅਤੇ ਇਸ ਨੂੰ ਟੋਟੇ ਟੋਟੇ ਕਰ ਦਿੱਤਾ, ਇਸਨੂੰ ਪੀਸ ਕੇ ਚੂਰਾ ਚੂਰ ਕਰ ਦਿੱਤਾ। ਹਲਲੂਯਾਹ! ਉਸ ਸਮੇਂ ਕੀ ਹੋਇਆ, ਉਸ ਪੱਥਰ ਦਾ ਆਉਣਾ? ਕਲਿਸੀਯਾ ਉੱਪਰ ਮਹਿਮਾ ਵਿੱਚ ਚਲੀ ਗਈ, ਉਠਾਏ ਜਾਣ ਤੇ, ਕਿਉਂਕਿ ਇਸ ਨੇ ਪਰਾਈਆਂ ਕੌਮਾਂ ਦੇ ਸਮੇਂ ਤੋਂ ਸਮਾਪਤ ਕਰ ਦਿੱਤਾ। ਉਸ ਪੱਥਰ ਦੇ ਆਉਣ ਤੇ, ਪਰਮੇਸ਼ੁਰ ਨੇ ਇਸ ਨੂੰ ਸਮਾਪਤ ਕਰ ਦਿੱਤਾ।

138 ਇੱਥੇ ਕਲਿਸੀਯਾ ਵਿੱਚ ਕੁਝ ਲੋਕ ਆਉਂਦੇ ਸਨ, ਇੱਕ ਛੋਟਾ ਆਦਮੀ ਅਤੇ ਉਸਦੀ ਪਤਨੀ। ਉਹ ਇੱਕ ਬਾਈਬਲ ਨੂੰ ਲੈਂਦੇ ਅਤੇ ਇਸ ਨੂੰ ਕਿਸੇ ਥਾਂ ਤੇ ਰੱਖ ਦਿੰਦੇ; ਅਤੇ ਉਹ ਇਕੱਠੇ, ਗਾਉਣਾ ਸ਼ੁਰੂ ਕਰ ਦਿੰਦੇ:

> ਔਹ, ਮੈਂ ਉਸ ਪੱਥਰ ਨੂੰ ਲੱਭ ਰਿਹਾ ਹਾਂ ਜੋ ਬਾਬਲ ਵਿੱਚ
> ਰਿੜ ਰਿਹਾ ਸੀ,
> ਬਾਬਲ ਵਿੱਚ ਰਿੜ ਰਿਹਾ...(ਇਧਰ-ਉਧਰ ਜਾਣਾ, ਉਸ
> ਨੂੰ ਲੱਭਣਾ, ਸਮਝੇ।)
> ਉਸ ਪੱਥਰ ਨੂੰ ਲੱਭਦੇ ਹੋ ਜੋ ਬਾਬਲ ਵਿੱਚ ਰਿੜ ਰਿਹਾ
> ਹੈ।

139 ਉੱਥੇ ਉਹ ਹੈ! ਮਸੀਹ ਉਹ ਪੱਥਰ ਹੈ। ਉਹ ਮਨੁੱਖ ਤੋਂ ਪੈਦਾ ਨਹੀਂ ਹੋਇਆ ਸੀ। ਉਹ ਪਰਮੇਸ਼ੁਰ ਤੋਂ ਪੈਦਾ ਹੋਇਆ ਸੀ। ਉਹ ਇੱਕ ਕਲਿਸੀਯਾ ਲਈ ਆ ਰਿਹਾ ਹੈ ਜਿਸਦਾ ਦੁਬਾਰਾ ਜਨਮ ਹੋਇਆ ਹੈ, ਪਰਮੇਸ਼ੁਰ ਦੀ ਆਤਮਾ ਦੁਆਰਾ,

ਕਿਉਂਕਿ ਸਿਰੇ ਦੇ ਪੱਥਰ ਦੀ ਤਾਕਤ ਕਲਿਸੀਯਾ ਦੇ ਸਾਰੇ ਪਾਸੇ ਚੱਲਦੀ ਹੈ, ਇੱਕ ਚੁੰਬਕ ਵਾਂਗ।

140 ਮੈਨੂੰ ਇੱਥੇ ਹੋਣ ਬਾਰੇ ਯਾਦ ਹੈ, ਉਸ ਸਮੇਂ ਉਸ ਮਿੱਲ ਨੂੰ ਦੇਖਣਾ, ਜਿੱਥੇ ਉਹ ਸਾਰੀਆਂ ਚੀਜ਼ਾਂ ਨੂੰ ਆਕਾਰ ਦੇ ਰਹੇ ਸਨ। ਅਤੇ ਉਹ ਸਾਰਾ ਕੂੜਾ ਉੱਥੇ ਪਿਆ ਸੀ, ਅਤੇ ਉਨ੍ਹਾਂ ਨੇ ਇਸ ਨੂੰ ਬਾਹਰ ਕੱਢ ਦਿੱਤਾ। ਉਸ ਵੱਡੇ ਪੱਥਰ ਨੇ ਆ ਕੇ ਇਸ ਨੂੰ ਚੁੱਕ ਲਿਆ, ਉਹ ਵੱਡਾ ਚੁੰਬਕ ਪੱਥਰ, ਅਤੇ ਇਹ ਸਭ ਚੁੱਕ ਲਿਆ ਕਿਉਂਕਿ ਇਹ ਇਸ ਨਾਲ ਚੁੰਬਕੀ ਸੀ।

ਸਾਨੂੰ ਉਸ ਸਿਰੇ ਦੇ ਪੱਥਰ ਲਈ ਚੁੰਬਕੀ ਹੋਣਾ ਚਾਹੀਦਾ ਹੈ। ਉਹ ਸਿਰੇ ਦਾ ਪੱਥਰ ਪਵਿੱਤਰ ਆਤਮਾ, ਮਸੀਹ ਹੈ। ਅਤੇ ਸਾਡੇ ਵਿੱਚੋਂ ਹਰ ਇੱਕ ਕੋਲ ਪਵਿੱਤਰ ਆਤਮਾ ਦੀ ਚੁੰਬਕੀ ਸ਼ਕਤੀ ਹੈ। ਜਦੋਂ ਉਹ ਪੱਥਰ ਮੂਰਤ ਨੂੰ ਮਾਰਦਾ ਹੈ, ਤਾਂ ਕਲਿਸੀਯਾ ਇਸ ਵੱਲ ਭੱਜ ਜਾਵੇਗਾ, ਵਾਪਸ ਮਹਿਮਾ ਵਿੱਚ। ਜਦੋਂ ਉਹ ਉਸ ਦਿਨ ਬਾਹਰ ਨਿਕਲਦੀ ਹੈ, ਤਾਂ ਉਸ ਨੂੰ ਸੰਤਾਂ ਦੇ ਅਨੰਦ ਵਿੱਚ ਉਠਾਇਆ ਜਾਵੇਗਾ।

141 ਹੁਣ, ਇੱਥੇ ਦੇਖੋ। ਸਾਨੂੰ ਪਤਾ ਲੱਗਦਾ ਹੈ, ਯਹੂਦੀ ਹੁਣ ਵਾਪਸ ਪਰਤ ਰਹੇ ਹਨ, ਲਗਭਗ ਚਾਲੀ ਸਾਲਾਂ ਤੋਂ, ਲਗਭਗ ਉਨਾਂ ਹੀ ਸਮਾਂ ਜਿਨਾਂ ਉਨ੍ਹਾਂ ਨੂੰ ਮੰਦਰ ਦੇ ਵਿਨਾਸ਼ ਤੋਂ ਭੱਜਣ ਲਈ ਲੱਗਿਆ ਸੀ। ਉਨ੍ਹਾਂ ਨੂੰ ਵਾਪਸ ਆਉਣ ਲਈ ਲਗਭਗ ਚਾਲੀ ਸਾਲ ਲੱਗ ਗਏ, ਜਦੋਂ ਤੱਕ ਉਹ ਕਿਸੇ ਹੋਰ ਮੰਦਰ ਨੂੰ ਦੁਬਾਰਾ ਨਿਰਦੇਸ਼ ਨਹੀਂ ਦਿੰਦੇ। ਦੇਖੋ, ਅਸੀਂ ਰਾਹ ਦੇ ਬਿਲਕੁਲ ਅੰਤ ਤੇ ਹਾਂ। ਖੈਰ, ਜੇ ਪਰਾਈਆਂ ਕੌਮਾਂ…

142 ਹੁਣ ਲੈ ਲਈਏ…ਅਸੀਂ ਕਲਿਸੀਯਾ ਨੂੰ ਦੇਖਦੇ ਹਾਂ, ਪੱਥਰ ਦਾ ਆਉਣਾ। ਚਲੋ ਆਖ਼ਰੀ ਯੁੱਗ ਨੂੰ ਲੈਂਦੇ ਹਨ। ਅਸੀਂ ਵਿੱਚੋਂ ਲੰਘੇ ਸੀ। ਅਸੀਂ ਹੁਣ ਦੇਖਦੇ ਹਾਂ। ਮੇਰਾ ਮੰਨਣਾ ਹੈ ਕਿ ਮੈਂ ਇਸ ਤੇ ਕੁਝ ਲਿਖਿਆ ਹੋਇਆ ਹੈ। ਆਓ ਦੇਖੀਏ, ਇੱਕ ਮਿੰਟ। "ਅਤੇ ਆਉਣ ਵਾਲਾ ਰਾਜਕੁਮਾਰ, ਜੋ ਮਸੀਹ ਵਿਰੋਧੀ ਹੈ, ਯਹੂਦੀਆਂ ਨਾਲ ਨੇਮ ਬੰਨ੍ਹੇਗਾ।" ਅਤੇ ਦਾਨੀਏਲ 7 ਵਿੱਚ…ਜਾਂ—ਜਾਂ 9:27। "ਅਤੇ ਹਫ਼ਤੇ ਦੇ ਅੱਧ ਵਿੱਚ, ਸਾਢੇ ਤਿੰਨ ਸਾਲਾਂ ਵਿੱਚ, ਦਰਿੰਦਾ ਆਪਣਾ ਨੇਮ ਬੰਨ੍ਹੇਗਾ…" ਮੈਂ—ਮੈਂ ਉਸ ਨੂੰ ਲੈਣਾ ਚਾਹੁੰਦਾ ਹਾਂ, ਥੋੜ੍ਹੀ ਦੇਰ ਬਾਅਦ, ਉਸ ਨੇਮ ਨੂੰ ਲਵਾਂਗੇ। ਅਸੀਂ ਛੱਡਣਾ ਚਾਹੁੰਦੇ ਹਾਂ…ਮੈਂ ਹੁਣ ਇੱਥੋਂ ਸ਼ੁਰੂ ਕਰਨਾ ਚਾਹੁੰਦਾ ਹਾਂ।

143 ਇਹਨਾਂ ਪਰਾਈਆਂ ਕੌਮਾਂ ਦਾ ਹਰੇਕ ਯੁੱਗ ਉਨ੍ਹਾਂ ਦੇ ਦੂਤ ਰਾਹੀਂ ਸੰਪੂਰਨ ਢੰਗ ਨਾਲ ਪ੍ਰਮਾਣਿਤ ਹੁੰਦਾ ਹੈ, ਸੰਦੇਸ਼ ਦੁਆਰਾ, ਅਤੇ ਜੋ ਹੋਣ ਵਾਲਾ ਹੁੰਦਾ ਹੈ।

*ਇੱਥੇ* ਇਹ ਯੁੱਗ ਸ਼ਾਨਦਾਰ ਯੁੱਗ ਸੀ।

ਅਗਲੇ ਯੁੱਗ ਵਿਚ, ਇਸ ਨੇ ਕਿਹਾ ਕਿ ਇੱਕ ਸਿਧਾਂਤ ਹੋਵੇਗਾ, ਜਾਂ ਕੋਈ ਚੀਜ਼ ਅੰਦਰ ਆਉਂਦੀ ਹੈ, ਜਿਸਨੂੰ ਕਿਹਾ ਜਾਂਦਾ ਹੈ, "ਨਿਕੁਲਾਈਆਂ ਦੀਆਂ ਗੱਲਾਂ।"

ਫਿਰ ਇਹ ਆਉਂਦੀ ਹੈ, ਅਗਲੀ ਗੱਲ, ਇੱਕ ਸਿਧਾਂਤ ਵੱਲ।

ਫਿਰ ਇਹ ਆਉਂਦਾ ਹੈ, ਵਿਆਹ...ਨਿਕੁਲਾਈਆਂ ਦੀ ਕਲਿਸੀਯਾ ਲਈ, ਲੈਟੇਨ ਚਰਚ ਨੂੰ, ਅਤੇ ਸੰਤਾਂ ਦਾ ਸਤਾਇਆ ਜਾਣਾ। ਸਭ ਕੁਝ ਇਸ ਤਰ੍ਹਾਂ ਹੀ ਹੋਇਆ।

ਅਸੀਂ ਅਗਲੇ ਤੇ ਆਉਂਦੇ ਹਾਂ, ਥੋੜੀ ਜਿਹੀ ਰੌਸ਼ਨੀ ਸ਼ੁਰੂ ਹੁੰਦੀ ਹੈ। "ਤੇਰੇ ਕੋਲ ਥੋੜਾ ਜਿਹਾ ਬਲ ਬਾਕੀ ਹੈ, ਅਤੇ ਤੂੰ ਜੀਉਂਦਾ ਕਹਾਉਂਦਾ ਹੈ, ਪਰ ਤੂੰ ਹੈ ਮੁਰਦਾ। ਜੋ ਕੁਝ ਤੇਰੇ ਕੋਲ ਹੈ ਉਸ ਨੂੰ ਤਕੜਾਈ ਨਾਲ ਫੜੀ ਰੱਖ, ਮਤੇ ਮੈਂ ਆਵਾਂ, ਅਤੇ ਸ਼ਮਾਦਾਨ ਨੂੰ ਹਟਾ ਦੇਵਾਂ।"

144 ਉਸ ਤੋਂ ਬਾਅਦ, ਵੈਜਲੀ ਆਉਂਦਾ ਹੈ, ਉਸ ਦੇ ਯੁੱਗ ਦੇ ਨਾਲ। ਅਸੀਂ ਬਿਲਕੁਲ ਕੀ ਦੇਖਿਆ...ਵੈਜਲੀ ਦਾ ਯੁੱਗ, ਇਸ ਨੂੰ ਕੀ ਕਿਹਾ ਜਾਂਦਾ ਸੀ? ਫ਼ਿਲਦਲਫਿਆ। ਪ੍ਰੇਮ ਦਾ ਸਭ ਤੋਂ ਮਹਾਨ ਯੁੱਗ—ਯੁੱਗ ਜੋ ਸਾਡੇ ਕੋਲ ਹੋ ਸਕਦਾ ਸੀ, ਉਹ ਫ਼ਿਲਦਲਫਿਆ ਯੁੱਗ ਸੀ, ਬਿਲਕੁਲ ਜੌਨ ਵੈਜਲੀ ਦਾ ਸਮਾਂ ਸੀ।

ਜਦੋਂ ਉਹ ਸਮਾਪਤ ਹੋ ਗਿਆ, ਪੰਤੇਕੁਸਤ ਆਇਆ, ਅਤੇ ਇਹ ਕੋਸਾ ਜਾਂ ਸ਼ੀਲ ਗਰਮ ਸੀ।

ਫਿਰ ਅਸੀਂ ਵਾਪਸ ਜਾਂਦੇ ਹਾਂ ਅਤੇ ਇਹ ਪਤਾ ਲਗਾਉਂਦੇ ਹਾਂ ਕਿ ਅੰਤ ਵਿੱਚ, ਪੰਤੇਕੁਸਤ ਕੋਲ ਕਿਸ ਕਿਸਮ ਦਾ ਸੰਦੇਸ਼ ਆਵੇਗਾ।

ਯਾਦ ਰੱਖੋ, ਹਰ ਇੱਕ ਯੁੱਗ ਦੇ ਅੰਤ ਵਿੱਚ ਆਉਂਦਾ ਹੈ। ਸੰਤ ਪੌਲੁਸ ਅੰਤ ਤੇ ਆਇਆ। ਉਨ੍ਹਾਂ ਵਿੱਚੋਂ ਬਾਕੀ ਵੀ ਅੰਤ ਵਿੱਚ ਹੇਠਾਂ ਆਉਂਦੇ ਹਨ, ਸੇਂਟ ਇਰੇਨਿਅਸ ਅਤੇ ਬਾਕੀ ਸਾਰੇ। ਇੱਕ ਦਾ ਯੁੱਗ ਦੂਸਰੇ ਦੇ ਯੁੱਗ ਤਕ ਚਲਾ ਜਾਂਦਾ ਸੀ, ਇੱਕ ਦੇ ਉੱਪਰ ਦੂਸਰਾ, ਅਤੇ ਉਹ ਉਸ ਨੂੰ ਲੈਂਦਾ ਅਤੇ ਇਸ ਨੂੰ ਲੈ ਕੇ ਦੂਸਰੇ ਯੁੱਗ ਵਿੱਚ ਚਲਾ ਜਾਂਦਾ। ਸਮਝੇ?

145 ਹੁਣ, ਸਾਨੂੰ ਪਤਾ ਲੱਗਿਆ ਹੈ, ਇਸ ਯੁੱਗ ਵਿੱਚ, ਇੱਕ ਤਾਰਾ ਹੈ, ਜਿਵੇਂ ਸਾਡੇ ਕੋਲ ਹੈ। ਸਾਡੇ ਕੋਲ ਇੱਕ ਤਾਰਾ, ਦੂਤ ਹੈ। ਸਾਡੇ ਕੋਲ ਇੱਕ ਵਿਅਕਤੀ ਹੈ, ਇੱਕ—ਇੱਕ ਸੰਦੇਸ਼ ਯੁੱਗ ਲਈ ਜਾਂਦਾ ਹੈ; ਇਸ ਨੂੰ ਰੱਦ ਕਰਨ ਲਈ ਕੁਝ ਲੋਕ; ਕੁਝ ਲੋਕ ਇਸ ਨੂੰ ਸਵੀਕਾਰ ਕਰਨ ਲਈ। ਅਤੇ ਇਸ ਯੁੱਗ ਦਾ ਦੂਤ ਏਲੀਯਾਹ ਦੀ ਸ਼ਕਤੀ ਵਿੱਚ ਆਉਣਾ ਸੀ। ਇਹ ਠੀਕ ਹੈ। ਅਤੇ ਉਸ ਨੇ

"ਬਾਲਕਾਂ ਦੇ ਵਿਸ਼ਵਾਸ ਨੂੰ ਪਿਤਾ ਵੱਲ ਵਾਪਸ ਬਹਾਲ ਕਰਨ ਸੀ, ਪੈਂਟੇਕੋਸਟਲ ਦੇ ਬਚੇ ਹੋਏ ਹਿੱਸੇ ਨੂੰ ਲਿਆਉਣਾ, ਜੋ ਬਚਿਆ ਹੋਇਆ ਸੀ, ਸੱਚੇ ਰਸੂਲਾਂ ਦੇ ਵਿਸ਼ਵਾਸ ਵੱਲ।"

146 ਹੁਣ, ਸੱਚਾ ਰਸੂਲੀ ਵਿਸ਼ਵਾਸ, ਜੇ ਤੁਸੀਂ ਇਸਨੂੰ ਰਸੂਲਾਂ ਦੀ ਕਿਤਾਬ ਵਿੱਚ ਪੜ੍ਹੋਗੇ, ਤੁਸੀਂ ਦੇਖੋਗੇ ਕਿ ਕਦੇ ਵੀ ਇੱਕ ਵੀ ਵਿਅਕਤੀ ਨੇ "'ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ' ਦੇ ਨਾਮ ਵਿੱਚ ਬਪਤਿਸਮਾ ਨਹੀਂ ਲਿਆ ਸੀ।" ਉਹਨਾਂ ਵਿੱਚੋਂ ਇੱਕ ਉੱਤੇ ਵੀ ਕਦੇ ਵੀ ਛਿੜਕਿਆ ਨਹੀਂ ਸੀ ਗਿਆ। ਉੱਥੇ ਕੋਈ ਵੀ ਅਜਿਹੀ ਚੀਜ਼ ਨਹੀਂ ਸੀ ਜੋ ਅਸੀਂ ਅੱਜ ਪੰਤੇਕੁਸਤ ਦੇ ਨਾਮ ਤੇ, ਚੱਲਾ ਰਹੇ ਹਾਂ, ਜੋ ਉੱਥੇ ਕਦੇ ਹੋਈ ਸੀ। ਉਹਨਾਂ ਕੋਲ ਸੱਚੇ ਪ੍ਰਗਟਾਵੇ ਸਨ, ਅਤੇ ਉਹਨਾਂ ਵਿੱਚ ਪਰਮੇਸ਼ੁਰ ਦਾ ਆਤਮਾ ਸੀ, ਉਹ ਪੱਕੇ ਤੌਰ ਤੇ ਪਰਮੇਸ਼ੁਰ ਦਾ ਪੁੱਤਰ ਸੀ ਜੋ ਉਹਨਾਂ ਨਾਲ ਕੰਮ ਕਰ ਰਿਹਾ ਸੀ।

ਇਹ ਵਿਅਕਤੀ ਜਿਸ ਨੇ ਅੱਗੇ ਆਉਣਾ ਸੀ, ਸਗੋਂ, ਇਹ ਸੰਦੇਸ਼, ਜੋ ਅੱਗੇ ਆਉਣਾ ਸੀ, ਏਲੀਯਾਹ ਵਰਗਾ ਹੋਣਾ ਸੀ। ਏਲੀਯਾਹ ਨੇ ਤਿੰਨ ਵਾਰ ਆਉਣਾ ਸੀ।

ਹੁਣ ਤੁਸੀਂ ਕਹੋਗੇ, ਕਿ, "ਯੂਹੰਨਾ ਬਪਤੀਸਮਾ ਦੇਣ ਵਾਲਾ ਉਹੀ ਸੀ।" ਜੇ ਤੁਸੀਂ ਧਿਆਨ ਦਿਓ, ਤਾਂ ਯਿਸੂ ਨੇ ਕਿਹਾ ਸੀ ਕਿ ਇਹ ਯੁਹੰਨਾ ਬਪਤਿਸਮਾ ਦੇਣ ਵਾਲਾ ਮਲਾਕੀ 3 ਦਾ ਦੂਤ ਸੀ, ਮਲਾਕੀ 4 ਦਾ ਨਹੀਂ। "ਵੇਖੋ, ਮੈਂ ਆਪਣੇ ਦੂਤ ਨੂੰ ਆਪਣੇ ਮੂੰਹ ਅੱਗੇ ਭੇਜਦਾ ਹਾਂ।" ਮੈਂ ਸੋਚਦਾ ਹਾਂ ਕਿ ਮਤੀ 11: 6, ਬਿਲਕੁਲ ਹੇਠਾਂ ਤੁਸੀਂ ਇਸ ਨੂੰ ਪਾਓਗੇ, ਮਤੀ 11ਵਾਂ ਅਧਿਆਇ।

147 ਹੁਣ, ਪਰ ਇਸ ਅੰਤਲੇ ਦਿਨਾਂ ਵਿੱਚ, ਲੋਕਾਂ ਵਿਚਾਲੇ ਏਲੀਯਾਹ ਦਾ ਆਤਮਾ ਆਉਣਾ ਹੈ, ਅਤੇ ਉਸਨੂੰ ਉਹੀ ਕੰਮ ਕਰਨਾ ਚਾਹੀਦਾ ਹੈ ਜੋ ਉਨ੍ਹਾਂ ਨੇ ਉਥੇ ਪਿਛਾਂਹ ਕੀਤਾ ਸੀ। ਉਸਦਾ ਸੁਭਾਅ ਉਹੀ ਹੋਵੇਗਾ, ਕਲੀਸੀਯਾ ਦਾ ਸੁਭਾਅ। ਉਸ ਵਿਅਕਤੀ ਦਾ ਸੁਭਾਅ ਬਿਲਕੁਲ ਉਹੀ ਹੋਵੇਗਾ। ਅਤੇ ਜਦ ਉਸਦਾ ਸੰਦੇਸ਼ ਬਾਹਰ ਜਾਵੇਗਾ, ਕੋਸ਼ਿਸ਼...ਉਸ ਨਾਲ ਨਫ਼ਰਤ ਕੀਤੀ ਜਾਵੇਗੀ, ਲੋਕਾਂ ਵੱਲੋਂ। ਉਹ ਔਰਤਾਂ ਨੂੰ ਨਫ਼ਰਤ ਕਰੇਗਾ, ਅਸ਼ਲੀਲ, ਜਿਵੇਂ, ਬੁਰੀਆਂ ਔਰਤਾਂ। ਉਜਾੜ ਨੂੰ ਪਸੰਦ ਕਰੇਗਾ; ਚਿੜਚਿੜਾ, ਹਰ ਸਮੇਂ ਪਰੇਸ਼ਾਨ ਬੰਦਾ, ਜਿਵੇਂ ਏਲੀਯਾਹ ਸੀ, ਅਤੇ ਜਿਵੇਂ ਯੁਹੰਨਾ ਸੀ। ਅਤੇ ਅਸੀਂ ਇਹ ਸਭ ਚੀਜਾਂ ਹੁੰਦੀਆਂ ਹੋਈਆਂ ਵੇਖੀਆਂ ਹਨ। ਜੇ ਸਾਡੇ ਕੋਲ ਸੰਦੇਸ਼ ਹੈ, ਤਾਂ ਅਸੀਂ ਦੇਖਦੇ ਹਾਂ ਕਿ ਮਸੀਹ ਨੂੰ ਰੱਦ ਦਿੱਤਾ ਗਿਆ ਹੈ। ਤੁਹਾਨੂੰ ਇਹਨਾਂ ਵਿੱਚੋਂ ਕਿਸੇ ਇੱਕ ਸੰਗਠਨ ਨਾਲ ਸਬੰਧਤ ਹੋਣਾ ਚਾਹੀਦਾ ਹੈ ਤੁਸੀਂ ਉਹਨਾਂ ਵਿੱਚ ਸ਼ਾਮਲ ਨਹੀਂ

ਹੋ ਸਕਦੇ। ਇਸ ਲਈ, ਉਹ, ਉਸ ਨੂੰ ਬਾਹਰ ਸੁੱਟ ਦਿੱਤਾ ਜਾਂਦਾ ਹੈ। ਸਮਝੇ? ਮਸੀਹ ਉਨ੍ਹਾਂ ਵਿਚਕਾਰ ਕੰਮ ਨਹੀਂ ਕਰ ਸਕਦਾ।

"ਤੁਸੀ ਕੀ ਹੋ?"

"ਇੱਕ ਮਸੀਹੀ।"

"ਤੁਸੀਂ ਕਿਸ ਸੰਪਰਦਾ ਨਾਲ ਸਬੰਧਤ ਹੋ?"

"ਮੈਂ ਕਿਸੇ ਨਾਲ ਸਬੰਧਤ ਨਹੀਂ ਹਾਂ।"

"ਅਸੀਂ ਤੁਹਾਨੂੰ ਨਹੀਂ ਵਰਤ ਸਕਦੇ।"

148 ਦੇਖੋ, ਉਹ ਰੱਦ ਹੋ ਗਿਆ ਹੈ। ਬਿਲਕੁੱਲ! ਦੇਖੋ, ਰੱਦ ਦਿੱਤਾ ਗਿਆ ਹੈ! ਇਸੇ ਤਰ੍ਹਾਂ ਏਲੀਯਾਹ ਨੂੰ ਰੱਦ ਦਿੱਤਾ ਗਿਆ, ਅਤੇ ਇਸੇ ਤਰ੍ਹਾਂ ਯੂਹੰਨਾ ਨੂੰ ਰੱਦ ਦਿੱਤਾ ਗਿਆ ਸੀ। ਪਰ, ਕੀ, ਇਸ ਨੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ? ਕੀ ਇਸਨੇ ਉਹਨਾਂ ਦੇ ਸੰਦੇਸ਼ ਨੂੰ ਨੁਕਸਾਨ ਪਹੁੰਚਾਇਆ? ਓਹਨਾਂ ਨੇ ਕਿਹਾ, "ਔਹ, ਧੌਣ ਅਕੜਾਉਣ ਵਾਲਿਓ।" ਉਨ੍ਹਾਂ ਨੇ ਇਸ ਨੂੰ ਉਨ੍ਹਾਂ ਤੇ ਡੋਲ੍ਹ ਦਿੱਤਾ। ਉਨ੍ਹਾਂ ਨੇ ਕੋਈ ਮੁੱਕਾ ਨਹੀਂ ਮਾਰਿਆ। ਉਹ ਸਿੱਧੇ ਅੱਗੇ ਚਲੇ ਗਏ। ਅਤੇ ਪਰਮੇਸ਼ੁਰ ਦਾ ਸੰਦੇਸ਼ ਸਿੱਧਾ ਅੱਗੇ ਵਧੇਗਾ, ਭਾਵੇਂ ਕੋਈ ਕੁਝ ਵੀ ਕਹਿੰਦਾ ਰਹੇ, ਸਮਝੇ, ਸਮਾਪਤੀ ਤੱਕ, ਅਤੇ ਜਦੋਂ…ਜੋ ਨਿਸ਼ਚਿਤ ਕੀਤਾ ਗਿਆ ਹੈ ਉਹ ਵਹਾਇਆ ਜਾਵੇਗਾ। ਅਤੇ ਅਸੀਂ ਅੰਤ ਵਿੱਚ ਹਾਂ।

149 ਹੁਣ, ਅਸੀਂ ਆਪਣੇ ਆਪ ਨੂੰ ਵੇਖਦੇ ਹਾਂ, ਵਾਪਸੀ ਦੇ ਚਾਲੀ ਸਾਲਾਂ ਵਿੱਚ, ਪਹਿਲੇ ਵਿਸ਼ਵ ਯੁੱਧ ਤੋਂ ਬਾਅਦ, ਅਤੇ ਯਹੂਦੀ ਆਪਣੇ ਦੇਸ਼ ਵਾਪਸ ਪਰਤ ਗਏ ਹਨ। ਪਰਮੇਸ਼ੁਰ ਨੇ ਇਜ਼ਰਾਈਲ ਨਾਲ ਉਦੋਂ ਤੱਕ ਕੋਈ ਸੌਦਾ ਨਹੀਂ ਕੀਤਾ ਜਦੋਂ ਤੱਕ ਉਹ ਆਪਣੀ ਧਰਤੀ ਉੱਤੇ ਨਹੀਂ ਸੀ।

150 ਹੁਣ, ਤੁਹਾਨੂੰ ਯਾਦ ਹੈ ਕਿ ਜਦੋਂ ਯਹੂਦੀ ਵਾਪਸ ਪਰਤ ਰਹੇ ਸਨ, ਉਹ ਯਹੂਦੀ ਹੇਠਾਂ ਤੋਂ ਹੋਰ ਦੇਸ਼ਾਂ ਵਿੱਚ ਸਨ, ਅਤੇ ਲੁਕ ਮੈਗਜ਼ੀਨ ਨੇ ਇਸ ਤੇ ਲੇਖ ਛਾਪਿਆ ਸੀ। ਮੈਂ ਕਿਸੇ ਅਖਬਾਰ, ਕਿਸੇ ਧਾਰਮਿਕ ਰਸਾਲੇ ਵਿੱਚੋਂ ਇੱਕ ਟੋਟਾ ਪੜ੍ਹਿਆ ਸੀ, ਕਿ ਜਦੋਂ ਉਹ…ਇਨ੍ਹਾਂ ਯਹੂਦੀਆਂ ਨੂੰ ਚੁੱਕਣ ਲਈ ਉਹ ਜਹਾਜ਼ ਈਰਾਨ ਵਿਚ ਹੇਠਾਂ ਉਤਰੇ। ਅਤੇ ਮੈਨੂੰ ਨਹੀਂ ਪਤਾ ਕਿ ਉਹ ਸਾਰੇ ਕਿੱਥੇ ਸਨ, ਬੱਸ ਖਿੰਡੇ ਹੋਏ ਸਨ।

ਹੁਣ, ਉਹ ਸੱਚੇ ਯਹੂਦੀ ਹਨ, ਜਿਨ੍ਹਾਂ ਨੂੰ ਕਦੇ ਮੌਕਾ ਨਹੀਂ ਮਿਲਿਆ। ਹੁਣ, ਭਾਈ, ਉੱਥੇ ਹਨ ਤੁਹਾਡੇ ਇੱਕ ਲੱਖ ਚੁਤਾਲੀ ਹਜ਼ਾਰ। ਜਦੋਂ ਅਸੀਂ ਪਰਕਾਸ਼ ਦੀ ਪੋਥੀ 11 ਤੇ ਪਹੁੰਚਦੇ ਹਾਂ, ਤੁਸੀਂ ਉਨ੍ਹਾਂ ਨੂੰ ਦੇਖੋਗੇ। ਉਸ ਨੇ ਕਿਹਾ, "ਬਾਰਾਂ ਗੋਤ (ਗਾਦ ਦੀਆਂ), ਬਾਰਾਂ ਗੋਤ (ਆਸ਼ੇਰ ਦੀਆਂ), ਬਾਰਾਂ ਗੋਤ (ਰਊਬੇਨ

ਦੀਆਂ), ਬਾਰਾਂ ਗੋਤਾਂ…" ਅਤੇ ਉਹ ਸਾਰੇ ਕਿੱਥੇ ਖੜ੍ਹੇ ਸਨ? ਸੀਨਈ ਪਰਬਤ ਉੱਤੇ। ਯਹੂਦੀ, ਵਾਪਸ ਵਤਨ ਵਿੱਚ, ਉਹ ਉੱਥੇ ਸਨ। ਇਹ ਉਹ ਸਨ ਜੋ ਇਸ ਵਾਲ ਸਟਰੀਟ ਵਿਗੜੇ ਹੋ ਸਮੂਹ ਨਹੀਂ ਸਨ। ਨਹੀਂ, ਸ਼੍ਰੀ ਮਾਨ। ਇਹ ਅਸਲੀ ਯਹੂਦੀ ਸਨ।

151 ਅਤੇ ਜਦੋਂ ਇਹ ਬੁੱਢਾ ਰੱਬੀ ਉੱਥੇ ਖੜ੍ਹਾ ਹੋਇਆ ਅਤੇ ਇਸ ਜਹਾਜ਼ ਨੂੰ ਜ਼ਮੀਨ ਤੇ ਉਤਰਦੇ ਦੇਖਿਆ, ਉਹ ਯਹੂਦੀ। ਤੁਸੀਂ ਇਸਨੂੰ ਰਸਾਲੇ ਵਿੱਚ ਪੜ੍ਹੋ। ਉਹ ਅਜੇ ਵੀ ਲੱਕੜ ਦੇ ਹਲ ਨਾਲ ਵਾਹੀ ਕਰ ਰਹੇ ਸਨ। ਅਤੇ ਜਦੋਂ ਉਨ੍ਹਾਂ ਨੇ ਦੇਖਿਆ ਕਿ ਉਹ ਚੀਜ਼ ਉਥੇ ਉੱਤਰ ਗਈ ਹੈ, ਤਾਂ ਉਹ ਇਸਦੇ ਕੋਲ ਨਹੀਂ ਜਾ ਰਹੇ ਸਨ। ਉਹ ਬੁੱਢਾ ਰੱਬੀ ਉਥੇ ਖੜ੍ਹਾ ਹੋ ਗਿਆ ਅਤੇ ਬੋਲਿਆ, "ਚੇਤੇ ਕਰੋ, ਸਾਡੇ ਨਬੀ ਨੇ ਕਿਹਾ ਸੀ, 'ਜਦੋਂ ਅਸੀਂ ਆਪਣੇ ਵਤਨ ਵਾਪਸ ਜਾਵਾਂਗੇ, ਸਾਨੂੰ ਉਕਾਬ ਦੇ ਖੰਭਾਂ ਉੱਤੇ ਲਿਜਾਇਆ ਜਾਵੇਗਾ।'"

ਰਾਸ਼ਟਰ ਟੁੱਟ ਰਹੇ ਹਨ, ਇਸਰਾਏਲ ਜਾਗ ਰਿਹਾ ਹੈ,
ਉਹ ਚਿੰਨ੍ਹ ਜੋ ਨਬੀਆਂ ਨੇ ਭਵਿੱਖਬਾਣੀ ਕੀਤੀ ਸੀ।

ਅਸੀਂ ਉਨ੍ਹਾਂ ਲਈ ਉਸ ਸੱਤਵੇਂ ਹਫ਼ਤੇ ਵਿੱਚ ਜਾਣ ਦੀ ਤਿਆਰੀ ਕਰ ਰਹੇ ਹਾਂ।

152 ਮੈਂ ਸੋਚਦਾ ਹਾਂ, ਮੈਂ ਆਪ, ਉੱਥੇ ਖੜ੍ਹਾ ਹਾਂ, ਜਦੋਂ ਭਾਈ ਪੈਥਰਸ ਨੇ ਉਨ੍ਹਾਂ ਨੂੰ ਛੋਟੇ ਨੇਮ ਭੇਜੇ, ਅਤੇ ਉਨ੍ਹਾਂ ਨੇ ਉਨ੍ਹਾਂ ਨੂੰ ਪੜ੍ਹਿਆ। ਓਹਨਾਂ ਨੇ ਕਿਹਾ, "ਖੈਰ, ਜੇ ਇਹ ਮਸੀਹਾ ਹੈ, ਤਾਂ ਆਓ—ਆਓ ਅਸੀਂ ਉਸ ਨੂੰ ਨਬੀ ਦਾ ਚਿੰਨ੍ਹ ਕਰਦੇ ਹੋਏ ਵੇਖੀਏ; ਜੇਕਰ ਉਹ ਮਰਿਆ ਨਹੀਂ ਹੈ, ਤਾਂ ਉਹ ਜ਼ਿੰਦਾ ਹੈ।" ਓਹਨਾਂ ਨੇ ਕਿਹਾ, "ਉਹ ਦੁਬਾਰਾ ਜੀ ਉੱਠਿਆ ਹੈ; ਉਹ ਆਪਣੀ ਕਲੀਸੀਯਾ ਵਿੱਚ ਰਹਿੰਦਾ ਹੈ; ਆਓ ਅਸੀਂ ਉਸ ਨੂੰ ਨਬੀ ਦਾ ਚਿਨ੍ਹ ਵਿਖਾਲਦੇ ਹੋਏ ਵੇਖੀਏ, ਅਤੇ ਅਸੀਂ ਉਸ ਤੇ ਵਿਸ਼ਵਾਸ ਕਰਾਂਗੇ।" ਯਹੂਦੀ ਹਮੇਸ਼ਾ ਵਿਸ਼ਵਾਸ ਕਰਦੇ ਹਨ…ਉਹ ਜਾਣਦੇ ਹਨ ਕਿ ਮਸੀਹਾ ਨੇ ਹੋਣਾ ਸੀ।

153 ਅਤੇ ਜਦੋਂ ਮੈਂ ਉਸ ਦਿਨ ਭਾਈ ਆਰਗਨਬ੍ਰਾਈਟ ਕੋਲ ਖੜ੍ਹਾ ਸੀ, ਉਸ ਜਗ੍ਹਾ ਤੇ, ਅਤੇ ਉਹ ਯਹੂਦੀ ਉੱਥੇ ਖੜ੍ਹੇ ਸਨ, ਕਿਹਾ, "ਬਸ ਸਾਡੀ ਜਗ੍ਹਾ ਤੇ ਆਓ, ਸਾਡੇ ਲੋਕਾਂ ਕੋਲ।"

154 ਮੈਂ ਕਿਹਾ, "ਯਕੀਨਨ, ਮੈਨੂੰ ਆ ਕੇ ਖੁਸ਼ੀ ਹੋਵੇਗੀ।" ਬੱਸ ਇੱਕ ਫੈਸਲਾ ਲਿਆ, ਬਹੁਤ ਜਲਦੀ।

155 ਕੈਰੋ, ਮਿਸਰ ਵਿੱਚ ਗਿਆ। ਦੂਜੀ ਰਾਤ, ਜਦੋਂ ਮੈਂ ਉਸ ਜਹਾਜ਼ ਨੂੰ ਕੈਰੋ ਵਿਖੇ ਹੇਠਾਂ ਉਤਰਦਿਆਂ ਦੇਖਿਆ, ਤਾਂ ਇਹ ਯਾਦ ਆ ਗਿਆ। ਇਸ ਲਈ ਜਦੋਂ ਅਸੀਂ ਉੱਥੇ ਵਾਪਸ ਗਏ, ਅਤੇ ਮੇਰੇ ਕੋਲ ਇਜ਼ਰਾਈਲ ਜਾਣ ਲਈ ਟਿਕਟ ਸੀ,

ਉਹ ਮੈਨੂੰ ਮਿਲਣ ਆ ਰਹੇ ਸਨ। ਮੈਂ ਕਿਹਾ, "ਜਾਓ, ਹਜ਼ਾਰਾਂ ਲੀਡਰ ਇਕੱਠੇ ਕਰੋ। ਉਨ੍ਹਾਂ ਨੂੰ ਜਹਾਜ਼ ਤੇ ਕਿਤੇ ਬਾਹਰ ਲਿਆਓ, ਅਸੀਂ ਪਤਾ ਲਗਾਵਾਂਗੇ ਕਿ ਉਹ ਅਜੇ ਵੀ ਨਬੀ ਹੈ ਜਾਂ ਨਹੀਂ। ਆਮੀਨ। ਖੈਰ, ਆਓ ਦੇਖੀਏ ਕਿ ਉਹ ਕੀ ਕਰੇਗਾ।" ਓਹ, ਇਹ ਬਿਲਕੁਲ ਉਨ੍ਹਾਂ ਦੇ ਹੱਥ ਵਿੱਚ ਸੀ। ਇਹੀ ਉਹ ਚਾਹੁੰਦੇ ਸਨ। ਜੇ ਉਹ ਇਸ ਨੂੰ ਦੇਖ ਸਕਦੇ, ਤਾਂ ਉਹ ਇਸ ਤੇ ਵਿਸ਼ਵਾਸ ਕਰ ਲੈਂਦੇ।

156 ਤਾਂ ਮੈਂ ਕੀ ਕੀਤਾ? ਉੱਥੇ ਕੈਰੋ ਵਿੱਚ ਉਤਰਿਆ, ਅਤੇ ਮੈਂ ਉੱਥੋਂ ਉੱਪਰ ਜਾਣ ਲੱਗਾ। ਮੇਰੀ ਟਿਕਟ ਹੋ ਚੁੱਕੀ ਸੀ; ਪੁਕਾਰ ਵਿੱਚ ਲਗਭਗ ਵੀਹ ਮਿੰਟ ਪਏ ਸਨ। ਕਿਸੇ ਚੀਜ ਨੇ ਕਿਹਾ, "ਹਾਲੇ ਨਹੀਂ। ਪਰਾਈਆਂ ਕੌਮਾਂ ਦੇ ਬਦੀ ਦਾ ਪਿਆਲਾ, ਅਜੇ ਭਰਿਆ ਨਹੀਂ ਹੈ। ਅਮੋਰੀਆਂ ਦੀ ਗੱਲ ਪੂਰੀ ਨਹੀਂ ਹੋਈ। ਉੱਥੇ ਬਾਹਰ ਰਹੋ!" ਮੈਂ ਸੋਚਿਆ ਕਿ ਸ਼ਾਇਦ ਇਹ ਮੇਰੀ ਕਲਪਨਾ ਹੈ, ਅਤੇ ਮੈਂ ਵਿਮਾਨ ਘਰ ਦੇ ਪਿੱਛੇ ਜਾ ਕੇ ਪ੍ਰਾਰਥਨਾ ਕੀਤੀ। ਉਸ ਨੇ ਕਿਹਾ, "ਹੁਣ ਉੱਥੋਂ ਦੂਰ ਰਹਿ।" ਫਿਰ ਮੈਂ ਆਪਣੀ ਟਿਕਟ ਲੈ ਕੇ ਕਿਤੇ ਹੋਰ ਚਲਾ ਗਿਆ। ਮੈਂ ਨਹੀਂ ਗਿਆ, ਕਿਉਂਕਿ ਅਜੇ ਉਹ ਸਮਾਂ ਨਹੀਂ ਹੈ।

157 ਹੁਣ, ਕਦੋਂ ਪਰਮੇਸ਼ੁਰ ਉਨ੍ਹਾਂ ਯਹੂਦੀਆਂ ਨੂੰ, ਆਪਣੇ ਨਾਲ ਦੁਬਾਰਾ ਵਰਤਣ ਦੀ ਇਜਾਜ਼ਤ ਦੇਵੇਗਾ, ਮੈਂ ਤੁਹਾਨੂੰ ਨਹੀਂ ਦੱਸ ਸਕਦਾ। ਮੈਨੂੰ ਨਹੀਂ ਪਤਾ। ਇਹ ਕੋਈ ਨਹੀਂ ਜਾਣਦਾ। ਪਰ, ਸੁਣੋ, ਜੇ ਇਜ਼ਰਾਈਲ ਪਹਿਲਾਂ ਹੀ ਆਪਣੇ ਦੇਸ਼ ਵਿੱਚ ਹੈ, ਤਾਂ ਇਹ ਸਭ ਤਿਆਰ ਹੈ। ਸਾਰੀਆਂ ਚੱਟਾਨਾਂ ਨੂੰ ਚੁੱਕ ਲਿਆ ਗਿਆ ਹੈ, ਅਤੇ ਸਿੰਚਾਈ, ਪਾਣੀ ਅਤੇ ਉਹ ਸਭ ਕੁਝ ਜਿਸਦਾ ਪਰਮੇਸ਼ੁਰ ਨੇ ਵਾਅਦਾ ਕੀਤਾ ਸੀ। ਉਹਨਾਂ ਨੂੰ ਉੱਥੇ ਖੂਹ ਅਤੇ ਚੀਜ਼ਾਂ ਮਿਲੀਆਂ, ਅਤੇ ਵੱਡੀਆਂ ਖੁੱਲ੍ਹੀਆਂ ਨਦੀਆਂ, ਇਹ ਸਭ ਤੋਂ ਖੂਬਸੂਰਤ ਜਗ੍ਹਾ ਹੈ ਜੋ ਤੁਸੀਂ ਕਦੇ ਦੇਖੀ ਹੋਵੇਗੀ। ਉਨ੍ਹਾਂ ਨੇ ਉੱਥੇ ਇੱਕ ਸ਼ਹਿਰ ਵਸਾਇਆ। ਉਨ੍ਹਾਂ ਨੂੰ ਸਿੰਚਾਈ ਮਿਲੀ। ਉਨ੍ਹਾਂ ਨੂੰ ਦੁਨੀਆ ਦੀ ਸਭ ਤੋਂ ਉੱਤਮ ਜ਼ਮੀਨ ਮਿਲੀ, ਉਥੇ। ਅਤੇ ਸਾਨੂੰ ਪਤਾ ਚਲਦਾ ਹੈ, ਮ੍ਰਿਤ ਸਾਗਰ ਵਿੱਚ, ਸਾਰੀ ਦੁਨੀਆ ਖਰੀਦਣ ਲਈ, ਕਾਫ਼ੀ ਰਸਾਇਣ ਹਨ। ਸਮਝੇ?

158 ਸਭ ਕੁਝ ਉਨ੍ਹਾਂ ਦੇ ਹੱਥ ਵਿੱਚ ਆ ਗਿਆ ਹੈ। ਉਨ੍ਹਾਂ ਨੇ ਇਹ ਕਿਵੇਂ ਕੀਤਾ? ਕਿਉਂਕਿ ਹਿਟਲਰ ਦਾ ਦਿਲ ਕਠੋਰ ਕੀਤਾ ਗਿਆ ਸੀ, ਮੁਸੋਲਿਨੀ ਦਾ ਦਿਲ ਕਠੋਰ ਕੀਤਾ ਗਿਆ ਸੀ, ਜਿਵੇਂ ਫ਼ਿਰਊਨ ਦਾ ਦਿਲ ਕਠੋਰ ਕੀਤਾ ਗਿਆ ਸੀ, ਅਤੇ ਉਨ੍ਹਾਂ ਨੂੰ ਉਸ ਧਰਤੀ ਵਿੱਚ ਵਾਪਸ ਲੈ ਜਾ ਰਿਹਾ ਹੈ। ਅਤੇ ਚਾਲੀ ਸਾਲਾਂ ਤੋਂ ਉਹ ਉਸ ਧਰਤੀ ਉੱਤੇ ਵਾਪਸ ਆ ਰਹੇ ਹਨ। ਹੁਣ ਉਹ ਉੱਥੇ ਬੈਠੇ, ਉਡੀਕ ਕਰ ਰਹੇ ਹਨ।

159 ਪਰਾਈਆਂ ਕੌਮਾਂ ਦੀ ਕਲੀਸਿਯਾ ਲਾਓਡੀਕੀਆ ਵਿੱਚ ਹੈ, ਲਾਓਡੀਕੀਆ ਯੁੱਗ ਦੇ ਅੰਤ ਵਿੱਚ। ਜੇ...ਯਹੂਦੀ ਆਪਣੇ ਦੇਸ਼ ਵਿੱਚ ਹਨ, ਪਹਿਲਾਂ ਹੀ ਉੱਥੇ ਹਨ। ਅਤੇ ਪਰਾਈਆਂ ਕੌਮਾਂ ਦਾ ਧਰਮ ਤਿਆਗ ਪਹਿਲਾਂ ਹੀ ਹੋ ਚੁੱਕਾ ਹੈ। ਅਤੇ ਸਾਡੇ ਕੋਲ ਇੱਕ ਰਾਸ਼ਟਰਪਤੀ ਹੈ ਜਿਵੇਂ ਸਾਡੇ ਕੋਲ ਹੈ ਸਾਡੇ ਕੋਲ ਹੈ। ਸਾਡੇ ਕੋਲ ਅਜਿਹਾ ਦੇਸ਼ ਹੈ ਜੋ ਟੁੱਟਿਆ ਹੋਇਆ ਹੈ। ਸਾਡੇ ਕੋਲ ਐਟਮ ਬੰਬ ਵਿਮਾਨ ਘਰਾਂ ਵਿੱਚ ਲਟਕ ਰਹੇ ਹਨ। ਸਾਡੇ ਕੋਲ ਇੱਕ ਕਲੀਸਿਆ ਹੈ ਜੋ ਸ਼ੀਲ ਗਰਮ ਹੈ। ਸਾਡੇ ਕੋਲ ਇੱਕ ਕਲਿਸਿਯਾ ਹੈ, ਕੁਝ ਲੋਕ, ਜੋ ਆਪਣੇ ਆਪ ਨੂੰ ਇਕੱਠੇ ਕਰਦੇ ਹੈ। ਸਾਡੇ ਕੋਲ ਇੱਕ ਸੇਵਕਾਈ ਹੈ ਜੋ ਯਿਸੂ ਮਸੀਹ ਦੀ ਸੇਵਕਾਈ ਦਾ ਨਮੂਨਾ ਦਿੰਦੀ ਹੈ, ਉਸ ਪੱਥਰ ਨੂੰ ਫੜਨ ਲਈ ਜਦੋਂ ਇਹ ਆਉਂਦਾ ਹੈ। ਕੀ ਹੋਣਾ ਬਾਕੀ ਹੈ? ਇਹ ਕਿਸੇ ਵੀ ਸਮੇਂ ਹੋ ਸਕਦਾ ਹੈ। ਹੋਰ ਕੁਝ ਨਹੀਂ ਬਚਿਆ। ਅਸੀਂ ਅੰਤ ਸਮੇਂ ਤੇ ਹਾਂ। ਔਹ ਮਹਿਮਾ! ਮੈਨੂੰ ਨਹੀਂ ਪਤਾ ਕਿ ਮੈਂ ਉਸ ਜੁਬਲੀ ਵਿੱਚ ਜਾ ਸਕਾਂਗਾ, ਜਾਂ ਨਹੀਂ, ਪਰ ਮੈਂ ਬਸ ਚਾਹੁੰਦਾ—ਚਾਹੁੰਦਾ ਕਿ ਇਸ ਦਾ ਕੁਝ ਹਿੱਸਾ ਤੁਹਾਡੇ ਤਕ ਪਹੁੰਚਾਵਾਂ, ਕਿਸੇ ਵੀ ਤਰ੍ਹਾਂ,

160 ਸੁਣੋ, ਕੀ ਤੁਸੀਂ...? ਹੁਣ ਕਿੰਨੇ ਵੇਖ ਸਕਦੇ ਹਨ? ਕੀ ਤੁਸੀਂ ਦੇਖਦੇ ਹੋ ਕਿ ਵਚਨ ਕਿੱਥੇ ਸਾਬਤ ਕਰਦਾ ਹੈ ਕਿ ਸੱਤਰ ਹਫ਼ਤੇ ਉਣੰਜਾ ਸਾਲ ਸਨ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਕੀ ਤੁਸੀਂ ਦੇਖਦੇ ਹੋ ਕਿ ਬਾਹਠ ਹਫ਼ਤੇ ਚਾਰ ਸੌ ਚੌਂਤੀ ਸਾਲ ਕਿੱਥੇ ਸਨ? ਤੁਸੀਂ ਸਮਝੇ ਰਹੇ ਹੋ ਕਿ ਉਦੋਂ ਉਣਹੱਤਰ ਹਫ਼ਤੇ ਕਿੱਥੇ ਸਨ—ਸਨ—ਸਨ...? ਇਹ ਕੀ ਸੀ? ਅੱਠ ਸੌ ਅਤੇ...ਚਾਰ ਸੌ ਅਤੇ—ਅਤੇ ਤ੍ਰਿਆਸੀ ਸਾਲ। ਇਸ ਸਮੇਂ ਤੱਕ ਚਾਰ ਸੌ ਤ੍ਰਿਆਸੀ ਸਾਲ। ਤੁਸੀਂ ਦੇਖਦੇ ਹੋ ਕਿ ਰਾਜਕੁਮਾਰ ਕਿੱਥੇ ਕੱਟਿਆ ਗਿਆ ਸੀ? ਵੇਖੋ, ਤੁਸੀਂ ਉਨ੍ਹਾਂ ਨੂੰ ਯਹੂਦੀਆਂ ਨੂੰ ਆਖਰਕਾਰ ਉਨ੍ਹਾਂ ਦੇ ਸਥਾਨ ਵਿੱਚ ਆਉਣ ਲਈ ਚਾਲੀ ਸਾਲ ਲੈ ਰਹੇ ਹੋ, ਜਿੱਥੇ ਪਰਮੇਸ਼ੁਰ ਨੇ ਕਿਹਾ ਸੀ।

161 ਇੱਥੇ ਦੇਖੋ ਜਿੱਥੇ ਪਰਾਈਆਂ ਕੌਮਾਂ ਦਾ ਯੁੱਗ ਹਰ ਚੀਜ਼ ਵਿੱਚੋਂ ਆਇਆ ਹੈ ਜਿਸ ਵਿੱਚੋਂ ਅਸੀਂ ਕਿਹਾ ਸੀ ਕਿ ਇਹ ਆਵੇਗਾ; ਜਿੱਥੇ, *ਅਸੀਂ* ਨਹੀਂ ਕਿਹਾ ਸੀ ਕਿ ਇਹ ਆਵੇਗਾ; ਬਾਈਬਲ ਨੇ ਕਿਹਾ ਸੀ ਕਿ ਇਹ ਕੀ ਕਰੇਗਾ। ਬਾਈਬਲ ਨੇ ਜੋ ਕਿਹਾ ਹੈ ਕਿ ਇਹ ਆਵੇਗਾ, ਠੀਕ ਇਸ ਆਖਰੀ ਯੁੱਗ ਤੱਕ ਆਵੇਗਾ; ਅਤੇ ਚਾਲੀ ਸਾਲਾਂ ਤੋਂ ਉਹ ਯਹੂਦੀ ਇੱਥੇ ਵਾਪਸ ਪਰਤ ਰਹੇ ਹਨ, ਪਰਮੇਸ਼ੁਰ ਲਈ ਉਹੀ ਕਰਨ ਲਈ ਤਿਆਰ ਹਨ ਜੋ ਉਸਨੇ ਇੱਥੇ ਕੀਤਾ ਸੀ। ਉਹ ਉਸ ਰਸਤੇ ਤੋਂ ਬਾਹਰ ਗਏ ਸਨ, ਅਤੇ ਉਹ ਉਸੇ ਰਸਤੇ ਆਉਂਦੇ ਹਨ। ਅਤੇ ਇਜ਼ਰਾਈਲ ਆਪਣੇ ਵਤਨ ਵਾਪਸ ਆ ਗਿਆ ਹੈ।

162 ਹੁਣ, ਪਰਮੇਸ਼ੁਰ ਉਨ੍ਹਾਂ ਦਾ ਆਖਰੀ ਹਫ਼ਤਾ ਕਦੋਂ ਸ਼ੁਰੂ ਕਰਨ ਜਾ ਰਿਹਾ ਹੈ?

ਕਦੋਂ? ਇਹ ਅੱਜ ਹੋ ਸਕਦਾ ਹੈ। ਇਹ ਅੱਜ ਰਾਤ ਸੂਰਜ ਡੁੱਬਣ ਤੋਂ ਪਹਿਲਾਂ ਹੋ ਸਕਦਾ ਹੈ। ਪਰਮੇਸ਼ੁਰ ਇਸ ਦਾ ਐਲਾਨ ਕਰੇਗਾ। ਇਹ ਕਦੋਂ ਹੈ, ਮੈਨੂੰ ਨਹੀਂ ਪਤਾ। ਮੈਂ ਹੈਰਾਨ ਹਾਂ। ਪਰ ਮੈਂ ਇੱਥੇ ਕੁਝ ਲਿਆਉਣ ਜਾ ਰਿਹਾ ਹਾਂ, ਹੁਣ, ਕੁਝ ਮਿੰਟਾਂ ਵਿੱਚ, ਅਤੇ ਮੈਨੂੰ ਨਹੀਂ ਪਤਾ ਕਿ ਤੁਸੀਂ ਇਸ ਤੇ ਵਿਸ਼ਵਾਸ ਕਰੋਗੇ ਜਾਂ ਨਹੀਂ। ਪਰ ਮੈਨੂੰ—ਮੈਨੂੰ—ਮੈਨੂੰ ਇਹ ਕਹਿਣਾ ਪਵੇਗਾ, ਕਿਸੇ ਵੀ ਤਰ੍ਹਾਂ, ਮੈਂ ਵਿਸ਼ਵਾਸ ਕਰਦਾ ਹਾਂ।

163 ਅਸੀਂ ਵਤਨ ਵਿੱਚ ਹਾਂ। ਯਹੂਦੀ ਇੱਕ ਵਤਨ ਵਿੱਚ ਹਨ। ਅਸੀਂ ਯੁੱਗ ਦੇ ਅੰਤ ਵਿੱਚ ਹਾਂ, ਉਠਾਏ ਜਾਣ ਲਈ ਤਿਆਰ ਹਾਂ। ਉਠਾਏ ਜਾਣਾ ਹੁੰਦਾ ਹੈ, ਕਲੀਸਿਯਾ ਉੱਪਰ ਜਾਂਦੀ ਹੈ, ਅਸੀਂ ਉਸ ਨੂੰ ਹਵਾ ਵਿੱਚ ਮਿਲਣ ਲਈ ਫੜੇ ਜਾਂਦੇ ਹਾਂ। ਅਸੀਂ ਸਾਰੇ ਇਹ ਜਾਣਦੇ ਹਾਂ। ਜਿਹੜਾ ਪੱਥਰ ਪਹਾੜ ਵਿੱਚੋਂ ਕੱਟਿਆ ਗਿਆ ਸੀ, ਉਹ ਕਿਸੇ ਵੀ ਸਮੇਂ ਆਉਣ ਲਈ ਤਿਆਰ ਹੈ। ਅਤੇ ਜਦੋਂ ਇਹ ਆਉਂਦਾ ਹੈ, ਇਹ ਕੀ ਕਰਦਾ ਹੈ? ਇਹ ਗ਼ੈਰ-ਯਹੂਦੀ ਯੁੱਗ ਨੂੰ ਦੂਰ ਕਰਦਾ ਹੈ। ਇਹ ਸਭ ਖਤਮ ਹੋ ਜਾਂਦਾ ਹੈ, ਅਤੇ ਪਰਮੇਸ਼ੁਰ ਉਹਨਾਂ ਨਾਲ ਵਰਤਣਾ ਪੂਰੀ ਤਰ੍ਹਾਂ ਬੰਦ ਕਰ ਦਿੰਦਾ ਹੈ। "ਜੋ ਪਲੀਤ ਹੈ ਸੋ ਪਲੀਤ ਬਣਿਆ ਰਹੇ; ਜਿਹੜਾ ਪਵਿੱਤਰ ਹੈ ਉਹ ਪਵਿੱਤਰ ਬਣਿਆ ਰਹੇ।" ਸਮਝੇ? ਫਿਰ ਉਹ ਕੀ ਕਰਦਾ ਹੈ? ਉਹ ਆਪਣੀ ਕਲੀਸਿਯਾ ਨੂੰ ਲੈ ਜਾਂਦਾ ਹੈ, ਜੋ ਪਵਿੱਤਰ ਆਤਮਾ ਭਰੀ ਹੋਈ ਹੈ।

164 "ਪਲੀਤ" ਕੌਣ ਹੈ? ਇਹ ਸੁੱਤੀ ਹੋਈ ਕੁਆਰੀ ਹੈ ਅਤੇ ਉਹ ਜੋ ਨਿਆਂ ਲਈ ਆਉਂਦੇ ਹਨ, ਦੂਰ *ਇੱਥੇ* ਜਾ ਕੇ। ਅਸੀਂ ਇਸਨੂੰ ਕਿਸੇ ਹੋਰ ਨਕਸ਼ੇ ਤੇ ਲਵਾਂਗੇ, ਜਦੋਂ ਅਸੀਂ ਇਸ ਨੂੰ ਸਮਾਪਤ ਕਰ ਲਵਾਂਗੇ, ਜਿੱਥੇ ਉਹ ਨਿਆਂ ਦੇ ਚਿੱਟੇ ਸਿੰਘਾਸਣ ਕੋਲ ਆਉਂਦੀ ਹੈ ਅਤੇ ਉਸ ਦਾ ਛੁਟਕਾਰਾ ਪਾਏ ਹੋਈਆਂ ਦੁਆਰਾ ਨਿਆਂ ਕੀਤਾ ਜਾਣਾ ਹੈ। ਪੌਲੁਸ ਨੇ ਸਾਨੂੰ ਕਿਹਾ ਕਿ ਕੋਈ ਮਾਮਲਾ ਅਦਾਲਤ ਵਿੱਚ ਨਾ ਲੈ ਜਾਓ, ਕਿਉਂਕਿ ਸੰਤ ਧਰਤੀ ਦਾ ਨਿਆਂ ਕਰਨਗੇ। ਇਹ ਠੀਕ ਹੈ। ਅਸੀਂ ਅੰਤ ਸਮੇਂ ਤੇ ਹਾਂ, *ਇੱਥੇ*, ਹੁਣ। ਠੀਕ ਹੈ।

165 ਅਤੇ ਇਸ ਹਫ਼ਤੇ ਦੇ ਮੱਧ ਵਿੱਚ...ਹੁਣ, ਇੱਥੇ ਸੱਤਰ ਹੈ ਹੁਣ, ਜੇਕਰ ਇਹ ਹਰ ਇੱਕ ਹਫ਼ਤਾ, ਠੀਕ ਸੱਤ ਸਾਲ ਸਨ, ਅਤੇ ਸਾਡੇ ਕੋਲ ਪਹਿਲਾਂ ਹੀ ਉਨਹੱਤਰ ਹਫ਼ਤੇ ਹੋ ਚੁੱਕੇ ਹਨ, ਤਦ ਸਾਡੇ ਕੋਲ ਪਰਾਈਆਂ ਕੌਮਾਂ ਦਾ ਯੁੱਗ ਹੈ, ਅਤੇ ਅਸੀਂ ਜਾਣਦੇ ਹਾਂ ਕਿ ਅਸੀਂ ਪਰਾਈਆਂ ਕੌਮਾਂ ਦੇ ਯੁੱਗ ਦੇ ਅੰਤ ਵਿੱਚ ਹਾਂ, ਤਦ ਯਹੂਦੀਆਂ ਲਈ ਇੱਕ ਹਫ਼ਤਾ ਹੋਰ ਬਚਿਆ ਹੈ। ਕੀ ਇਹ ਸਹੀ ਹੈ? ਅਤੇ ਇਹ ਬਿਲਕੁਲ ਸੱਤ ਸਾਲ ਹੈ। ਜੇ *ਇਹ* ਸੱਤ ਸਾਲ ਸੀ, ਤਾਂ *ਉਹ* ਵੀ ਸੱਤ ਸਾਲ ਹੈ, ਕਿਉਂਕਿ ਉਸਨੇ ਕਿਹਾ, "ਤੇਰੇ ਲੋਕਾਂ ਲਈ ਸੱਤਰ ਹਫ਼ਤੇ ਠਹਿਰਾਏ

ਗਏ ਹਨ।" ਇਸ ਲਈ ਅਸੀਂ ਜਾਣਦੇ ਹਾਂ ਕਿ ਯਹੂਦੀਆਂ ਲਈ ਸੱਤ ਸਾਲ ਹਨ। ਕੀ ਇਹ ਸਹੀ ਹੈ? ਹੁਣ ਇਸ ਨੂੰ ਵੇਖੋ। ਜੇਕਰ ਕੋਈ ਸਵਾਲ ਹੈ, ਤਾਂ ਮੈਂ ਇਹ ਜਾਣਨਾ ਚਾਹੁੰਦਾ ਹਾਂ। ਸਮਝੇ?

166 ਹੁਣ, ਅਤੇ ਹਫ਼ਤੇ ਦੇ ਮੱਧ ਵਿੱਚ, ਇਸ ਯਹੂਦੀ ਹਫ਼ਤੇ ਦੇ ਮੱਧ ਵਿੱਚ; ਦੇਖੋ, ਇਹ ਸਾਢੇ ਤਿੰਨ ਸਾਲ—ਸਾਲ ਸਨ; ਮਸੀਹ ਵਿਰੋਧੀ, ਰਾਜਕੁਮਾਰ, ਇੱਕ ਰਾਜਕੁਮਾਰ ਜੋ ਆਉਣ ਵਾਲਾ ਹੈ। ਅਤੇ ਯਾਦ ਰੱਖੋ, ਉਹ ਰੋਮ ਤੋਂ ਆਉਂਦਾ ਹੈ, ਰਾਜਕੁਮਾਰ ਜੋ ਆਉਣ ਵਾਲਾ ਹੈ। ਉਹ ਕੀ ਹੈ? ਇੱਕ ਪੋਪ। ਲੋਕਾਂ ਵਿੱਚ ਇੱਕ ਰਾਜਕੁਮਾਰ, ਜੋ ਆਉਣ ਵਾਲਾ ਹੈ, ਇੱਕ ਫ਼ਿਰਊਨ ਉੱਠੇਗਾ ਜੋ ਯੂਸੁਫ਼ ਨੂੰ ਨਹੀਂ ਜਾਣਦਾ।

167 ਹੁਣ, ਤੁਸੀਂ ਪ੍ਰੋਟੈਸਟੈਂਟ ਕਹਿੰਦੇ ਹੋ, "ਖੈਰ, ਹੁਣ, ਇਹੀ ਹੈ।" ਪਰ ਸਿਰਫ਼ ਇੱਕ ਮਿੰਟ। ਸਾਨੂੰ ਪਤਾ ਲੱਗਦਾ ਹੈ ਕਿ ਪ੍ਰੋਟੈਸਟੈਂਟਾਂ ਦਾ ਇੱਕ ਸੰਗਠਨ ਹੈ, ਗਿਰਜਿਆਂ ਦਾ ਇੱਕ ਸੰਘ ਬਣਾਇਆ ਹੈ, ਇੱਕ ਪਸ਼ੂ ਦੀ ਮੂਰਤ, ਅਤੇ ਬਿਲਕੁੱਲ ਉਸ ਦੇ ਨਾਲ ਨਾਲ ਜਾ ਰਹੇ ਹਨ।

168 ਅਤੇ ਸਾਨੂੰ ਇੱਥੇ ਪਤਾ ਲੱਗਿਆ ਹੈ ਕਿ ਯਹੂਦੀਆਂ ਨੂੰ ਇਸ ਸੰਘ ਵਿੱਚ ਬੁਲਾਇਆ ਗਿਆ ਹੈ, (ਹਾਂ, ਸ਼੍ਰੀ ਮਾਨ), ਅਤੇ ਉਹ ਸਹਿਮਤ ਹਨ। ਅਤੇ ਬਾਈਬਲ ਨੇ ਕਿਹਾ ਕਿ ਉਨ੍ਹਾਂ ਨੇ ਕੀਤਾ। ਅਤੇ ਉਹ ਉਨ੍ਹਾਂ ਨਾਲ ਇੱਕ ਨੇਮ ਬਨ੍ਹਦਾ ਹੈ।

ਸੱਤਰਵੇਂ ਹਫ਼ਤੇ ਦੇ ਵਿਚਕਾਰ, ਉਹ ਤੋੜਦਾ ਹੈ, ਮਸੀਹ ਵਿਰੋਧੀ ਯਹੂਦੀਆਂ ਨਾਲ ਆਪਣਾ ਨੇਮ ਤੋੜ ਦਿੰਦਾ ਹੈ, "ਤੇਰੇ ਲੋਕ।" ਕਿਉਂ?

ਅਤੇ ਅਸੀਂ ਪਰਕਾਸ਼ ਦੀ ਪੋਥੀ 11 ਵਿੱਚ ਪੜ੍ਹਦੇ ਹਾਂ, ਕਿ, "ਮੈਂ ਭੇਜਾਂਗਾ…" ਇਹ 11 ਹੈ। ਤੁਸੀਂ ਹੁਣ 19 ਦੇ ਵੱਲ ਆ ਰਹੇ ਹੋ। ਕਿ ਉਹ ਆਪਣੇ ਦੋ ਨਬੀਆਂ ਨੂੰ ਭੇਜੇਗਾ, ਅਤੇ ਉਹ ਉਸ ਸਮੇਂ ਵਿੱਚ ਭਵਿੱਖਬਾਣੀ ਕਰਨਗੇ, ਅਤੇ ਫਿਰ ਉਹ ਇਹਨਾਂ ਨਬੀਆਂ ਨਾਲ ਗੁੱਸੇ ਹੋ ਜਾਣਗੇ ਅਤੇ ਅਸਲ ਵਿੱਚ ਉਹਨਾਂ ਨੂੰ ਮਾਰ ਦੇਣਗੇ। ਕੀ ਇਹ ਸਹੀ ਹੈ? ਅਤੇ ਉਨ੍ਹਾਂ ਦੀਆਂ ਲਾਸ਼ਾਂ ਸਦੂਮ ਅਤੇ ਅਮੂਰਾਹ ਨਾਮਕ ਆਤਮਕ ਗਲੀ ਵਿੱਚ ਪਈਆਂ ਰਹਿਣਗੀਆਂ, ਜਿੱਥੇ ਸਾਡੇ ਪ੍ਰਭੂ ਨੂੰ ਸਲੀਬ ਦਿੱਤੀ ਗਈ ਸੀ, ਯਰੂਸ਼ਲਮ। ਇਹ ਸਹੀ ਹੈ? ਅਤੇ ਉਹ ਉੱਥੇ ਤਿੰਨ ਦਿਨ ਅਤੇ ਰਾਤਾਂ ਲਈ ਪਏ ਰਹੇ। ਅਤੇ ਤਿੰਨਾਂ ਦਿਨਾਂ ਅਤੇ ਰਾਤਾਂ ਦੇ ਬਾਅਦ, ਜੀਵਨ ਦੀ ਆਤਮਾ ਉਹਨਾਂ ਵਿੱਚ ਆਵੇਗੀ, ਅਤੇ ਉਹ ਜੀ ਉੱਠਣਗੇ ਅਤੇ ਮਹਿਮਾ ਵਿੱਚ ਚਲੇ ਜਾਣਗੇ। ਉਸ ਸਮੇਂ ਸ਼ਹਿਰ ਦਾ ਦਸਵਾਂ ਹਿੱਸਾ ਡਿੱਗ ਪਿਆ। ਕੀ ਇਹ ਸਹੀ ਹੈ? ਸਮਝੇ? ਉਹ ਕੀ ਹੈ? ਅਖੀਰਲੇ ਸੱਤਰ ਸਾਲਾਂ ਦੇ ਮੱਧ ਵਿੱਚ।

169 ਜਦੋਂ ਕਲੀਸਿਯਾ ਉੱਪਰ ਜਾਂਦੀ ਹੈ; ਫਿਰ ਸੰਘ, ਸੁੱਤੀ ਹੋਈ ਕੁਆਰੀ, ਮੈਥੋਡਿਸਟ, ਬੈਪਟਿਸਟ, ਪ੍ਰੈਸਬੀਟੇਰੀਅਨ, ਅਤੇ ਸ਼ੀਲ ਗਰਮ ਪੈਨਟੇਕੋਸਟ, ਇਹ ਸਾਰੇ ਇੱਕ ਸੰਘ ਦੇ ਨਾਲ ਮਿਲ ਜਾਂਦੇ ਹਨ। ਜਿਸ ਨਾਲ, ਉਨ੍ਹਾਂ ਨੂੰ ਹੁਣ ਆਪਣਾ ਵੱਡਾ ਸ਼ਾਸਨ ਮਿਲ ਚੁੱਕਾ ਹੈ। ਅਤੇ ਜਦੋਂ ਉਹ ਕਰਦੇ ਹਨ, ਉਹ ਇੱਕ ਨੇਮ ਬਨ੍ਹਣਗੇ। ਅਤੇ, ਖੈਰ, ਹੁਣ, ਇਹ ਨਵਾਂ ਪੋਪ ਜੋ ਸਾਨੂੰ ਹੁਣ ਮਿਲਿਆ ਹੈ, ਉਨ੍ਹਾਂ ਸਾਰਿਆਂ ਨੂੰ ਅੰਦਰ ਲਿਆਉਣਾ ਚਾਹੁੰਦਾ ਹੈ। ਕੀ ਤੁਸੀਂ ਚੀਜ਼ ਨੂੰ ਢੇਰ ਹੁੰਦੀ ਦੇਖ ਨਹੀਂ ਸਕਦੇ? ਇਸ ਤੇ ਇੱਕ ਭਾਸ਼ਣ ਦੇਣ ਲਈ ਜਾ ਰਿਹਾ ਹੈ, ਅਤੇ ਉਨ੍ਹਾਂ ਸਾਰਿਆਂ ਨੂੰ ਅੰਦਰ ਲਿਆਉਣ ਜਾਂ ਰਿਹਾ ਹੈ, ਸੈਂਕੜੇ ਅਤੇ ਸੈਂਕੜੇ ਅਤੇ ਸੈਂਕੜੇ ਸਾਲਾਂ ਵਿੱਚ ਪਹਿਲੀ ਵਾਰ; ਇੱਕ ਹਜ਼ਾਰ ਸਾਲ, ਜਾਂ ਦੋ, ਇਹ ਕਦੇ ਕੀਤਾ ਗਿਆ ਹੈ ਪਰ ਹੁਣ ਉਸ ਨੇ ਉਨ੍ਹਾਂ ਸਾਰਿਆਂ ਨੂੰ ਇਕੱਠੇ ਕਰਨਾ ਹੈ, ਅਤੇ ਇੱਕ ਸੰਘ ਬਣਾਉਣਾ ਹੈ, ਅਤੇ ਉੱਥੇ ਯਹੂਦੀ ਇਸ ਨੂੰ ਸਵੀਕਾਰ ਕਰਨਗੇ। ਔਹ ਮੇਰੇ! ਮਹਿਮਾ! ਹਲਲੂਯਾਹ! ਸਾਡੇ ਪਰਮੇਸ਼ੁਰ ਦੀ ਉਸਤਤਿ ਹੋਵੇ ਜੋ ਹਮੇਸ਼ਾ ਅੱਗੇ ਹਮੇਸ਼ਾ ਲਈ ਜੀਉਂਦਾ ਹੈ! ਉਥੇ ਤੁਸੀਂ ਹੋ! ਹੁਣ, ਭਾਈ, ਇਹ ਉਨਾ ਹੀ ਸਧਾਰਨ ਹੈ, ਇੰਨਾ ਕਿ ਇੱਕ ਛੋਟਾ ਬੱਚਾ ਵੀ ਇਸਨੂੰ ਸਮਝ ਸਕਦਾ ਹੈ। ਯਹੂਦੀ, ਅਤੇ ਪ੍ਰੋਟੈਸਟੈਂਟ, ਅਤੇ ਕੈਥੋਲਿਕ ਨੂੰ ਇਕੱਠੇ ਲਿਆਉਣ ਦਾ ਸੰਘ।

ਅਤੇ, ਯਾਦ ਰੱਖੋ, ਜਦੋਂ ਇਹ ਦੋ ਨਬੀ ਆਉਣਗੇ ਤਾਂ ਉਹ ਕੀ ਕਰਨਗੇ?

170 ਇਹ ਪਸ਼ੂ, ਇਹ ਰਾਜਕੁਮਾਰ ਜੋ ਪਵਿੱਤਰ ਲੋਕਾਂ ਦੀ ਸ਼ਕਤੀ ਨੂੰ ਖਿੰਡਾ ਦੇਵੇਗਾ, ਉਹ ਕੀ ਕਰੇਗਾ? ਉਹ ਉਨ੍ਹਾਂ ਨਾਲ ਆਪਣਾ ਨੇਮ ਤੋੜ ਦੇਵੇਗਾ। ਸਾਢੇ ਤਿੰਨ ਸਾਲਾਂ ਬਾਅਦ, ਉਹ ਉਨ੍ਹਾਂ ਨੂੰ ਬਾਹਰ ਕਰ ਦੇਵੇਗਾ। ਹੁਣ, ਲੋਕ ਸੋਚਦੇ ਹਨ ਕਿ ਇਹ ਸਾਮਵਾਦ ਹੈ। ਇਹ ਸਿਰਫ ਇਸ ਲਈ ਹੈ ਕਿ ਤੁਸੀਂ...ਪਰਮੇਸ਼ਰ ਦੀ ਆਤਮਾ ਨੇ ਅਜੇ ਤੱਕ ਤੁਹਾਡੇ ਨਾਲ ਵਿਹਾਰ ਨਹੀਂ ਕੀਤਾ ਹੈ। ਇਹ ਸਾਮਵਾਦ ਨਹੀਂ ਹੈ; ਇਹ ਧਰਮ ਹੈ। ਬਾਈਬਲ ਨੇ ਕਿਹਾ, "ਉਹ ਉਦੋਂ ਇੰਨਾ ਨੇੜੇ ਹੋਣਗੇ ਕਿ ਜੇ ਹੋ ਸੱਕਦਾ ਹੈ ਤਾਂ ਓਹ ਚੁਣਿਆਂ ਹੋਇਆਂ ਨੂੰ ਵੀ ਭੁਲਾਵੇ ਵਿੱਚ ਪਾ ਦਿੰਦੇ।" ਯਿਸੂ ਨੇ ਅਜਿਹਾ ਕਿਹਾ। ਦੇਖੋ, ਅਸੀਂ ਅੰਤ ਵਿੱਚ ਹਾਂ।

171 ਹੁਣ ਇਹ ਦੋਵੇਂ ਨਬੀ ਕੀ ਕਰਨਗੇ? ਇਹ ਮੂਸਾ ਅਤੇ ਏਲੀਯਾਹ ਹਨ ਜੋ ਦ੍ਰਿਸ਼ ਤੇ ਹੋਣਗੇ। ਉਹ ਉਨ੍ਹਾਂ ਯਹੂਦੀਆਂ ਨੂੰ ਉਨ੍ਹਾਂ ਦੀ ਗਲਤੀ ਦੱਸਣਗੇ। ਅਤੇ ਉਸ ਯਹੂਦੀ ਝੁੰਡ ਵਿੱਚੋਂ ਜੋ ਹੁਣ ਉੱਥੇ ਹੈ, ਇੱਕ ਲੱਖ ਚੁਤਾਲੀ ਹਜ਼ਾਰ ਹੋਣ ਲਈ, ਪਰਮੇਸ਼ੁਰ ਇਨ੍ਹਾਂ ਨਬੀਆਂ ਦੁਆਰਾ ਬੁਲਾਵੇਗਾ। ਇਹ ਕੀ ਹੈ? ਏਲੀਯਾਹ ਦੀ ਆਤਮਾ, ਇਸ ਪਰਾਈਆਂ ਕੌਮਾਂ ਦੀ ਕਲੀਸਿਯਾ ਤੋਂ ਬਾਹਰ, ਬਸ ਉਸ ਯਹੂਦੀ ਕਲੀਸਿਯਾ ਵਿੱਚ ਜਾਵੇਗਾ, ਸਿੱਧੇ ਅੰਦਰ ਜਾਵੇਗਾ ਅਤੇ ਪੁਕਾਰੇਗਾ;

ਉਸ ਦੇ ਨਾਲ ਮੂਸਾ ਹੋਵੇਗਾ। ਹਲਲੂਯਾਹ! ਤੁਸੀਂ ਇਸ ਨੂੰ ਸਮਝ ਰਹੇ ਹੋ? ਅਤੇ ਉਹ ਪੰਤੇਕੁਸਤ ਦੇ ਉਸੇ ਸੰਦੇਸ਼ ਦਾ ਪ੍ਰਚਾਰ ਕਰੇਗਾ, ਉਨ੍ਹਾਂ ਯਹੂਦੀਆਂ ਨੂੰ, ਕਿ ਉਨ੍ਹਾਂ ਨੇ ਮਸੀਹਾ ਨੂੰ ਰੱਦ ਕਰ ਦਿੱਤਾ ਸੀ। ਆਮੀਨ! ਤੁਸੀਂ ਇਸ ਨੂੰ ਸਮਝ ਰਹੇ ਹੋ? ਇਹ ਉਹੀ ਪੈਂਟੀਕੋਸਟਲ ਸੰਦੇਸ਼ ਹੋਵੇਗਾ, ਜੋ ਇਹ ਯਹੂਦੀ ਉਨ੍ਹਾਂ ਨੂੰ ਸਿੱਧਾ ਪ੍ਰਚਾਰ ਕਰਨਗੇ। ਅਤੇ ਉਹ ਉਨ੍ਹਾਂ ਯਹੂਦੀਆਂ ਨੂੰ ਉਦੋਂ ਤੱਕ ਨਫ਼ਰਤ ਕਰਨਗੇ ਜਦੋਂ ਤੱਕ ਉਹ ਉਨ੍ਹਾਂ ਨੂੰ ਮਾਰ ਨਹੀਂ ਦੇਣਗੇ। ਅਤੇ ਉਨ੍ਹਾਂ ਨੂੰ ਸਾਰੀਆਂ ਕੌਮਾਂ ਨਫ਼ਰਤ ਕਰਦੀਆਂ ਸਨ।

ਅਤੇ ਹਫ਼ਤੇ ਦੇ ਮੱਧ ਵਿੱਚ, ਕਿਉਂਕਿ ਉਨ੍ਹਾਂ ਨੇ ਇੱਕ ਮਹਾਨ, ਸ਼ਕਤੀਸ਼ਾਲੀ ਇੱਕ ਲੱਖ ਚੁਤਾਲੀ ਹਜਾਰ ਲੋਕਾਂ ਨੂੰ ਖੜਾ ਕੀਤਾ ਸੀ...ਉਨ੍ਹਾਂ ਕੋਲ ਪਵਿੱਤਰ ਆਤਮਾ ਸੀ। ਅਤੇ, ਭਾਈ, ਤੁਸੀਂ ਕਰਾਮਾਤਾਂ ਕਰਨ ਦੀ ਗੱਲ ਕਰਦੇ ਹੋ, ਉਨ੍ਹਾਂ ਨੇ ਉਹ ਕੀਤੀਆਂ ਸਨ। ਉਨ੍ਹਾਂ ਨੇ ਅਕਾਸ਼ ਨੂੰ ਰੋਕ ਦਿੱਤਾ, ਅਤੇ ਉਨ੍ਹਾਂ ਦੀ ਭਵਿੱਖਬਾਣੀ ਦੇ ਦਿਨਾਂ ਵਿੱਚ ਮੀਂਹ ਨਹੀਂ ਪਿਆ; ਧਰਤੀ ਨੂੰ ਬਿਪਤਾਵਾਂ ਨਾਲ ਮਾਰਿਆ, ਜਿੰਨੀ ਵਾਰ ਉਹਨਾਂ ਨੇ ਚਾਹਿਆ। ਉਹ ਬਿਪਤਾਵਾਂ ਅਤੇ ਹੋਰ ਸਭ ਕੁਝ ਦਿੰਦੇ ਹਨ। ਉਹ ਉਨ੍ਹਾਂ ਨੂੰ ਰੋਮੀਆਂ ਦਾ ਜੀਣਾ ਔਖਾ ਕਰ ਦੇਣਗੇ। ਪਰ, ਅੰਤ ਵਿੱਚ, ਉਹ ਮਾਰ ਦਿੱਤੇ ਜਾਣਗੇ। ਸਾਡਾ ਪਰਮੇਸ਼ੁਰ ਜਦੋਂ ਉਹ ਗੁੱਸੇ ਹੁੰਦਾ ਹੈ ਤਾਂ ਉਹ ਇੱਕ ਭਿਆਨਕ ਪਰਮੇਸ਼ੁਰ ਹੁੰਦਾ ਹੈ। ਪਰ ਯਾਦ ਰੱਖੋ, ਇਹ ਸੱਤਰਵੇਂ ਹਫ਼ਤੇ ਵਿੱਚ ਖਤਮ ਹੋ ਜਾਂਦਾ ਹੈ, ਅਤੇ ਕਲੀਸਿਯਾ ਮਹਿਮਾ ਵਿੱਚ ਹੈ, ਆਮੀਨ, ਵਿਆਹ ਦਾ ਭੋਜ ਚੱਲ ਰਿਹਾ ਹੈ। ਹਾਂ!

172 ਹੁਣ ਧਿਆਨ ਦਿਓ। ਇਹ ਉਹ ਥਾਂ ਹੈ ਜਿੱਥੇ ਅਸੀਂ ਉਸ ਨੂੰ ਇੱਥੇ ਹਜ਼ਾਰ ਸਾਲ ਦੇ ਮੰਦਰ ਵਿੱਚ ਵਾਪਸ ਆਉਂਦੇ ਹੋਏ ਵੇਖਦੇ ਹਾਂ ਯਹੂਦੀ ਯੁੱਗ ਦੇ ਅੰਤ ਵਿੱਚ, "ਮਸਹ ਕੀਤੇ ਹੋਏ।" ਇੱਥੇ ਉਹ ਆਉਂਦਾ ਹੈ, ਚਿੱਟੇ ਘੋੜੇ ਤੇ ਸਵਾਰ; ਜਿਹੜੇ ਉਸ ਦਾ ਪਿੱਛਾ ਕਰਦੇ ਸਨ, ਉਹ ਚਿੱਟੇ ਘੋੜਿਆਂ ਤੇ ਸਨ। *ਘੋੜੇ*, "ਸ਼ਕਤੀਆਂ।" ਚਿੱਟੇ ਕੱਪੜੇ ਪਹਿਨੇ; ਖ਼ੂਨ, ਜਾਂ, ਲਹੂ ਵਿੱਚ ਡੁਬੋਇਆ ਵਸਤਰ; ਉਸ ਉੱਤੇ ਲਿਖਿਆ ਸੀ, "ਪਰਮੇਸ਼ੁਰ ਦਾ ਵਚਨ।" ਉਹ ਇੱਕ ਸ਼ਕਤੀਸ਼ਾਲੀ ਵਿਜੇਤਾ ਦੇ ਰੂਪ ਵਿੱਚ ਆਇਆ ਹੈ, ਹਾਂ ਸ੍ਰੀ ਮਾਨ, ਹਜ਼ਾਰ ਸਾਲ ਦੇ ਰਾਜ ਨੂੰ ਸਥਾਪਤ ਕਰਨ ਲਈ, ਮੰਦਰ ਵਿੱਚ ਆਉਂਦਾ ਹੈ। ਮਹਿਮਾ! ਉਥੇ ਉਹ ਉਸ ਸੱਤਰਵੇਂ ਹਫ਼ਤੇ ਤੋਂ ਬਾਅਦ ਹੁਣ, ਉਨ੍ਹਾਂ ਇੱਕ ਲੱਖ ਚੁਤਾਲੀ ਹਜ਼ਾਰ ਨੂੰ ਮਿਲਦਾ ਹੈ।

173 ਸੱਤਰਵਾਂ ਹਫ਼ਤਾਂ, ਇਹ ਸੱਤਰਵੇਂ ਹਫ਼ਤੇ ਦੌਰਾਨ ਹੁੰਦਾ ਹੈ। ਤੀਸਰੇ ਵਿੱਚ, ਇਸ ਦੇ ਮੱਧ ਵਿੱਚ, ਉਹ ਇਸ ਨੂੰ ਤੋੜ ਦਿੰਦਾ ਹੈ, ਕਿਉਂਕਿ ਉਹ ਉਨ੍ਹਾਂ ਦੋ

ਪੈਨਟੇਕੋਸਟਲ ਨਬੀਆਂ ਨੂੰ ਕਤਲ ਕਰ ਦਿੰਦਾ ਹੈ, ਹਾਂ ਸ਼੍ਰੀ ਮਾਨ, ਜੋ ਧਰਤੀ ਨੂੰ ਮਾਰਦੇ ਸਨ।

ਅਤੇ, ਲੜਕੇ, ਉਹ ਉਸ ਕਲੀਸਿਯਾ ਨੂੰ ਸਰਾਪ ਦਿੰਦਾ ਹੈ, ਅਤੇ ਉਹ ਉਸਨੂੰ ਅੱਗ ਨਾਲ ਸਾੜ ਦਿੰਦਾ ਹੈ। ਅਤੇ, ਕਿਉਂ, ਉਹ…ਅਸੀਂ ਇਸ ਨੂੰ ਉਥੇ ਵੇਖਦੇ ਹਾਂ, ਇੱਥੋਂ ਤੱਕ ਕਿ ਜਹਾਜ਼ ਦੇ ਸਾਥੀ ਵੀ ਬਾਹਰ ਖੜ੍ਹੇ ਹੁੰਦੇ ਹਨ, ਕਹਿੰਦੇ ਹਨ, "ਹਾਏ, ਹਾਏ, ਰੋਮ ਦਾ ਉਹ ਮਹਾਨ ਅਮਰ ਸ਼ਹਿਰ, ਉਸ ਦਾ ਅੰਤ ਇੱਕ ਘੰਟੇ ਵਿੱਚ ਹੋ ਗਿਆ।" ਉਸ ਨੂੰ ਟੁਕੜਿਆਂ ਨਾਲ ਉਡਾ ਦਿੱਤਾ ਗਿਆ ਸੀ। ਪਰਮੇਸ਼ੁਰ ਜਾਣਦਾ ਹੈ ਕਿ ਕੰਮ ਕਿਵੇਂ ਕਰਨਾ ਹੈ। ਅਤੇ ਦੂਤਾਂ ਵਿੱਚੋਂ ਇੱਕ ਨੇ ਦੇਖਿਆ, ਅਤੇ ਕਿਹਾ, "ਕਿਉਂ, ਉਸ ਵਿੱਚ ਮਸੀਹ ਦੇ ਹਰ ਸ਼ਹੀਦ ਦਾ ਲਹੂ ਪਾਇਆ ਗਿਆ," ਉਸ ਨੂੰ ਧੋਖਾ ਦੇਣ ਲਈ, ਇੱਥੇ ਜਾ ਕੇ ਸੰਗਠਿਤ ਕਰਨਾ, ਅਤੇ ਇਹ ਸਾਰੀਆਂ ਹੋਰ ਕਿਸਮ ਦੀਆਂ ਚੀਜ਼ਾਂ ਬਣਾਉਣਾ, ਅਤੇ ਕਲੀਸਿਯਾ ਨੂੰ ਪ੍ਰਦੂਸ਼ਿਤ ਕਰਨਾ, ਅਤੇ ਉਨ੍ਹਾਂ ਚੀਜ਼ਾਂ ਨੂੰ ਉੱਥੇ ਲਿਆਇਆ, ਅਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਜਿਨ੍ਹਾਂ ਨੇ ਇਸ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਨੂੰ ਬਾਹਰ ਲਿਆਉਣ ਦੀ ਕੋਸ਼ਿਸ਼ ਕੀਤੀ।

174 ਮਹਿਮਾ! ਔਹ, ਮੈਨੂੰ—ਮੈਨੂੰ ਨਹੀਂ ਪਤਾ। ਮੈਨੂੰ—ਮੈਨੂੰ—ਮੈਨੂੰ ਸਫ਼ਰ ਕਰਨ ਵਾਂਗ ਮਹਿਸੂਸ ਹੁੰਦਾ ਹੈ। ਦੇਖੋ? ਕੀ ਤੁਸੀਂ ਪੁੱਤਰ ਦੀ ਰੋਸ਼ਨੀ ਲਈ ਖੁਸ਼ ਨਹੀਂ ਹੋ, ਪੁੱਤਰ ਦੀ ਰੋਸ਼ਨੀ ਵਿੱਚ ਚੱਲਦੇ ਹੋਏ! ਅਸੀਂ ਕਿੱਥੇ ਹਾਂ, ਭਾਈ? ਆਖਰੀ ਘੜੀ ਵਿੱਚ! ਇਹ ਕਦੇ ਵੀ ਹੋ ਸਕਦਾ ਹੈ। ਅਸੀਂ ਇੱਥੇ ਹਾਂ!

175 ਸੰਦੇਸ਼ ਅਗਲੀ ਕਲੀਸਿਯਾ ਵਿੱਚ ਜਾ ਚੁੱਕਾ ਹੈ, ਕਲੀਸਿਯਾ ਜਿਸ ਨੇ ਆਪਣੇ ਮਸੀਹ ਨੂੰ ਰੱਦ ਕਰ ਦਿੱਤਾ ਸੀ। ਯਹੂਦੀ ਚਾਲੀ ਸਾਲਾਂ ਤੋਂ ਲੰਬੇ ਸਮੇਂ ਲਈ ਆਪਣੇ ਦੇਸ਼ ਵਿੱਚ ਹਨ। ਨਵਾਂ ਸ਼ਹਿਰ ਬਣਾਇਆ ਗਿਆ ਹੈ। ਉਹ ਕਿਸ ਲਈ ਉਡੀਕ ਰਹੇ ਹਨ? ਇੱਕ ਆਉਣ ਵਾਲਾ ਮਸੀਹਾ। ਇਹ ਕਦੋਂ ਹੋਵੇਗਾ? ਮੈਨੂੰ ਨਹੀਂ ਪਤਾ। ਜਦੋਂ ਉਹ ਪੱਥਰ *ਇੱਥੇ* ਮੂਰਤ ਨੂੰ ਮਾਰਦਾ ਹੈ, ਉਹ ਚਲੀ ਜਾਵੇਗੀ; ਇਹ ਫਿਰ ਸਭ ਖਤਮ ਹੋ ਜਾਵੇਗਾ।

176 ਹੁਣ ਇੱਥੇ ਧਿਆਨ ਦਿਓ। ਹਫ਼ਤੇ ਦੇ ਮੱਧ ਵਿਚ, ਸਾਢੇ ਤਿੰਨ ਦਿਨ…ਸਗੋਂ, ਸਾਢੇ ਤਿੰਨ ਸਾਲ, ਉਹ ਨੇਮ ਨੂੰ ਤੋੜਦਾ ਹੈ ਅਤੇ ਬਲੀਦਾਨ ਅਤੇ ਬਲੀਦਾਨ ਦਾ ਕਾਰਨ ਬਣਦਾ ਹੈ…ਕਿ ਉਹ ਪਹਿਲਾਂ ਹੀ ਸਥਾਪਤ ਕਰ ਚੁੱਕੇ ਹੋਣਗੇ।

ਕਿਉਂਕਿ, ਉਹ ਤੁਰੰਤ ਵਾਪਸ ਜਾਣਗੇ ਅਤੇ ਕਹਿਣਗੇ, "ਹੁਣ, ਦੇਖੋ, ਤੁਸੀਂ ਸਾਰੇ ਕਲੀਸਿਯਾ ਹੋ। ਤੁਹਾਨੂੰ ਇਸ ਪਸ਼ੂ ਦੀ ਮੂਰਤ ਵਿੱਚ ਸਵੀਕਾਰ ਕੀਤਾ ਜਾ ਸਕਦਾ ਹੈ। ਸਾਡੇ ਕੋਲ ਇੱਕ ਸੰਗਤੀ ਹੋਵੇਗੀ। ਅਸੀਂ ਸਾਮਵਾਦ ਤੋਂ ਛੁਟਕਾਰਾ

ਪਾਵਾਂਗੇ। ਅਸੀਂ ਸਾਮਵਾਦ ਦਾ ਪੂਰੀ ਤਰ੍ਹਾਂ ਨਾਲ ਸਫ਼ਾਇਆ ਕਰ ਦਿਆਂਗੇ।" ਸਮਝੇ? ਅਤੇ ਉਹ ਇਹ ਕਰ ਸਕਦੇ ਹਨ। ਸਮਝੇ? ਅਤੇ ਉਹ ਇਹ ਕਰਨਗੇ।

177 ਪਰ ਹੁਣ ਦੇਖੋ। ਅਤੇ ਸਥਾਪਿਤ ਕਰੋ, ਅਤੇ ਇਸ ਲਈ ਸਥਾਪਿਤ ਕਰੋ, ਰੋਜ਼ਾਨਾ ਪੂਜਾ ਅਤੇ ਬਲੀਦਾਨ ਸ਼ਹਿਰ ਵਿੱਚ ਵਾਪਸ ਆ ਜਾਣਗੇ ਜਦੋਂ ਮੰਦਰ ਦੁਬਾਰਾ ਬਣਾਇਆ ਜਾਵੇਗਾ। ਅਤੇ ਇਹ ਰਾਜਕੁਮਾਰ ਜੋ ਇਸ ਹਫਤੇ ਦੇ ਮੱਧ ਵਿੱਚ ਆਉਣ ਵਾਲਾ ਹੈ, ਆਪਣੇ ਨੇਮ ਨੂੰ ਤੋੜ ਦੇਵੇਗਾ ਅਤੇ ਬਲੀਆਂ ਨੂੰ ਖਤਮ ਕਰ ਦੇਵੇਗਾ। ਇਸ ਨੇ ਕਿਹਾ, "ਉਹ ਖਿਲਾਰੇਗਾ, ਇਸ ਨੂੰ ਖਿਲਾਰੇਗਾ।" ਅਤੇ ਉਹ ਕੀ ਕਰੇਗਾ, ਅਤੇ ਇਹ ਸਮਾਪਤੀ ਤੱਕ ਚੱਲਦਾ ਰਹੇਗਾ।

178 ਅਤੇ ਧਿਆਨ ਦਿਓ:

> ...ਘਿਣਾਉਣੀਆਂ ਵਸਤਾਂ ਦੇ *ਵਾਧੇ ਕਾਰਨ* ਇੱਕ ਆਵੇਗਾ ਜੋ ਉਜਾੜਦਾ ਹੈ...

"ਘਿਣਾਉਣੀਆਂ ਵਸਤਾਂ ਦਾ ਵਾਧਾ।" *ਘਿਨਾਉਣੀ* ਵਸਤ ਕੀ ਹੈ? "ਗੰਦਗੀ।" ਸਮਝੇ? "ਨਾਸ਼ ਕਰਨ ਲਈ," ਉਹ ਕੀ ਹੈ? "ਦੂਰ ਕਰਨ ਲਈ।" *ਇਸ* ਦਾ ਜ਼ਿਆਦਾ ਫੈਲਣ ਨੂੰ, ਖਤਮ ਕਰਨ *ਲਈ*। ਸਮਝੇ? ਉਸ ਰੋਮਨ ਸ਼ਕਤੀ ਦਾ ਵੱਧ ਫੈਲਣਾ, ਸਾਰੀਆਂ ਸੁੱਤੀਆਂ ਹੋਈਆਂ ਕੁਆਰੀਆਂ, ਯਹੂਦੀਆਂ ਅਤੇ ਸਾਰਿਆਂ ਨੂੰ ਜਿੱਤਣ ਲਈ। "ਅਸੀਂ ਸਾਰੇ ਰੋਮਨ ਹੋਵਾਂਗੇ ਜਾਂ ਅਸੀਂ ਕੁਝ ਵੀ ਨਹੀਂ ਹੋਵਾਂਗੇ।" ਉਹ ਹਫ਼ਤੇ ਦੇ ਮੱਧ ਵਿੱਚ ਆਪਣਾ ਨੇਮ ਤੋੜ ਦੇਵੇਗਾ।

179 "ਘਿਨਾਉਣੀਆਂ ਚੀਜਾਂ ਦੇ ਬਹੁਤ ਜ਼ਿਆਦਾ ਫੈਲਣ ਕਾਰਣ।" ਜੇ ਇਹ ਯਿਸੂ ਦੇ ਸਮੇਂ ਵਿੱਚ ਘਿਣਾਉਣੀ ਗੱਲ ਸੀ, ਜਦੋਂ ਰੋਮ ਆਪਣੇ ਪ੍ਰਚਾਰ ਨਾਲ ਉੱਥੇ ਆਇਆ ਸੀ, ਇਹ ਦੁਬਾਰਾ ਰੋਮ ਹੋਵੇਗਾ, ਇਹ ਚਰਚ ਲਈ ਦੁਬਾਰਾ ਘਿਣਾਉਣਾ ਹੋਵੇਗਾ।

> ...*ਵਿਰਾਨ* ਕਰਨ ਲਈ, ਅਤੇ *ਅੰਤ ਤੱਕ* ਜਾਰੀ ਰਹੇਗਾ...

ਉਹ ਕੀ ਕਰੇਗਾ? ਉਹ ਇਸ ਨੂੰ ਸੰਪੂਰਨਤਾ, ਯਾਨੀ ਅੰਤ ਤੱਕ ਜਾਰੀ ਰੱਖੇਗਾ।

180 ਹੁਣ, ਯਹੂਦੀ, ਅਤੇ ਰੋਮਨਵਾਦ, ਪ੍ਰੋਟੈਸਟੈਂਟਵਾਦ (ਅਰਥਾਤ, ਸੁੱਤੀ ਹੋਈ ਕੁਆਰੀ), ਗਿਰਜਿਆਂ ਦੇ ਸੰਘ ਦੇ ਰੂਪ ਵਿੱਚ ਇਕੱਠੇ ਆਪਣੇ ਆਪ ਨੂੰ ਮਜ਼ਬੂਤ ਕਰੇਗਾ। ਅਤੇ ਇਹ ਉਸੇ ਤਰ੍ਹਾਂ ਹੋਵੇਗਾ ਜਿਵੇਂ ਯਿਸੂ ਨੇ ਮੱਤੀ 24 ਵਿੱਚ ਕਿਹਾ ਸੀ, ਅਤੇ ਪਰਕਾਸ਼ ਦੀ ਪੋਥੀ 13:14 ਤੋਂ।

ਆਓ ਪਰਕਾਸ਼ ਦੀ ਪੋਥੀ 13:14 ਲੈਂਦੇ ਹਾਂ, ਵੇਖੋ ਕੀ ਹੈ। ਮੈਂ ਇਸਤੇ ਇੱਥੇ ਹੇਠਾਂ ਨਿਸ਼ਾਨ ਲਾਇਆ ਸੀ, ਇਹ ਵੇਖਣ ਲਈ ਕਿ, 13:14। ਠੀਕ ਹੈ, ਸ਼੍ਰੀ ਮਾਨ।

> *ਅਤੇ ਉਨ੍ਹਾਂ ਨਿਸ਼ਾਨੀਆਂ ਦੇ ਕਾਰਨ ਉਹ ਧਰਤੀ ਦੇ ਵਾਸੀਆਂ ਨੂੰ ਭਰਮਾਉਂਦਾ ਹੈ ਜੋ ਵਿਖਾਉਂਣ ਦਾ ਉਹ ਨੂੰ ਇਖ਼ਤਿਆਰ ਦਿੱਤਾ ਗਿਆ* (ਗਿਰਜਿਆਂ ਨੂੰ ਸੰਗਠਿਤ ਕਰਨਾ) *ਆਖਦਾ ਹੈ...ਆਖਦਾ ਹੈ...ਦਰਿੰਦੇ ਦੇ ਸਾਹਮਣੇ; ਧਰਤੀ ਦੇ ਵਾਸੀਆਂ ਨੂੰ ਆਖਦਾ ਹੈ, ਭਈ ਓਸ ਦਰਿੰਦੇ ਦੀ ਮੂਰਤ ਬਣਾਓ ਜਿਹ ਨੂੰ ਤਲਵਾਰ ਦੀ ਸੱਟ ਵੱਜੀ ਅਤੇ ਉਹ ਜੀਉਂਦਾ ਰਿਹਾ।*

181 ਹੁਣ, ਅਸੀਂ ਜਾਣਦੇ ਹਾਂ, ਕਿਸੇ ਵੀ ਸ਼ੱਕ ਦੇ ਪਰਛਾਵੇਂ ਤੋਂ ਪਰੇ, ਉਹ ਦਰਿੰਦਾ ਕੌਣ ਸੀ, ਉਹ ਸ਼ਕਤੀ ਜਿਸਦਾ ਮਾਰੂ ਜ਼ਖ਼ਮ ਸੀ ਜੋ ਜਿਉਂਦਾ ਰਿਹਾ। ਇਹ ਉਦੋਂ ਸੀ ਜਦੋਂ ਝੂਠੇ ਰੋਮ ਨੂੰ ਮਾਰਿਆ ਗਿਆ ਸੀ, ਅਤੇ ਪੋਪ ਰੋਮ ਨੇ ਇਸਦੀ ਜਗ੍ਹਾ ਲੈ ਲਈ ਸੀ; ਜਦੋਂ ਮੂਰਤੀ ਸ਼ਕਤੀ ਨੂੰ ਮਾਰਿਆ ਗਿਆ, ਅਤੇ ਪੋਪ ਦੀ ਸ਼ਕਤੀ ਨੇ ਇਸਦੀ ਜਗ੍ਹਾ ਲੈ ਲਈ।

182 ਹੁਣ, ਹੁਣ, ਪਰਕਾਸ਼ ਦੀ ਪੋਥੀ 13:14। ਯਿਸੂ ਨੇ, ਮੱਤੀ 24 ਵਿੱਚ, ਉਨ੍ਹਾਂ ਨੂੰ ਇਸ ਬਾਰੇ ਚੇਤਾਵਨੀ ਦਿੱਤੀ ਸੀ। "ਇੱਕ ਦਰਿੰਦੇ ਦੀ ਮੂਰਤ।"

183 ਪੌਲੁਸ, ਦੂਜੇ ਥੱਸਲੁਨੀਕੀਆਂ ਵਿੱਚ ਦੂਜਾ ਅਧਿਆਇ, ਤੀਸਰੀ ਅਤੇ ਚੌਥੀ ਆਇਤ। ਆਓ ਇਸਨੂੰ ਲੈਂਦੇ ਹਾਂ, ਪੌਲੁਸ ਨੂੰ ਵੇਖੋ, ਉਹ ਇਸ ਬਾਰੇ ਇੱਥੇ ਕੀ ਕਹਿੰਦਾ ਹੈ। ਪ੍ਰਭੂ ਦੇ ਇਸ ਮਹਾਨ ਨਬੀ ਤੇ ਉਹ ਮਹਾਨ ਪਵਿੱਤਰ ਆਤਮਾ, ਵੇਖੋ ਕਿ ਉਸਨੇ ਆਖਰੀ ਦਿਨ ਇਸ ਬਾਰੇ ਕੀ ਕਿਹਾ ਦੂਜੇ ਥੱਸਲੁਨੀਕੀਆਂ ਵਿੱਚ, ਦੂਜਾ ਅਧਿਆਇ ਇਸੇ ਬਾਰੇ ਹੈ। ਠੀਕ ਹੈ, ਸ਼੍ਰੀ ਮਾਨ। ਅਤੇ ਤੀਜੀ ਆਇਤ ਨਾਲ ਸ਼ੁਰੂ ਕਰੋ, ਮੇਰਾ ਮੰਨਣਾ ਹੈ ਕਿ ਇਹ ਹੈ। ਠੀਕ ਹੈ, ਆਓ ਹੁਣ ਪੜ੍ਹੀਏ। ਹਰ ਕੋਈ, ਧਿਆਨ ਨਾਲ ਸੁਣੋ। ਕਿੰਨੇ ਵਿਸ਼ਵਾਸ ਕਰਦੇ ਹਨ ਕਿ ਪੌਲੁਸ ਪਵਿੱਤਰ ਆਤਮਾ ਨਾਲ ਭਰਿਆ ਹੋਇਆ ਸੀ? ਆਮੀਨ। ਇੱਥੇ ਦੇਖੋ।

> *ਕੋਈ ਤੁਹਾਨੂੰ ਕਿਸੇ ਤਰਾਂ ਨਾ ਭਰਮਾਵੇ: ਕਿਉਂ ਜੋ ਉਹ ਦਿਨ ਨਹੀਂ ਆਵੇਗਾ ਜਿੰਨਾ ਚਿਰ ਪਹਿਲਾਂ ਧਰਮ ਤਿਆਗ ਨਾ ਹੋ ਲਵੇ,...*

ਉਹ ਇਸ ਨੂੰ ਉਨ੍ਹਾਂ ਦੇ ਵਿਚਾਰ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਉਸੇ ਵੇਲੇ ਆ ਰਿਹਾ ਹੈ। ਕਿਹਾ, "ਪਹਿਲਾਂ, ਕਲੀਸਿਯਾ ਤੋਂ ਦੂਰ ਹੋਣਾ ਜ਼ਰੂਰੀ ਹੈ," ਵੇਖੋ, ਇਸ ਲਾਓਡੀਕੀਆ ਯੁੱਗ ਵਿੱਚ ਆਉਣਾ ਹੈ।

> *...ਅਤੇ ਕੁਧਰਮ ਦਾ ਪੁਰਖ ਪਰਗਟ ਨਾ ਹੋ ਜਾਵੇ,...*

"ਕੁਧਰਮ ਦਾ ਪੁਰਖ," ਪਵਿੱਤਰ ਆਤਮਾ ਵਿੱਚ ਅਵਿਸ਼ਵਾਸ। ਅਵਿਸ਼ਵਾਸ ਪ੍ਰਗਟ ਕੀਤਾ ਜਾਵੇ।

*...ਅਰਥਾਤ ਵਿਨਾਸ ਦਾ ਪੁੱਤ੍ਰ;*

ਜਿਵੇਂ ਯਹੂਦਾ ਸੀ, ਕਲੀਸਿਯਾ ਦਾ ਖਜ਼ਾਨਚੀ।

*ਜੋ ਵਿਰੋਧੀ ਹੈ ਅਤੇ ਹਰ ਇੱਕ ਉੱਤੇ ਜਿਹੜਾ ਦੇਵ ਅਖਵਾਉਂਦਾ, ਯਾ ਪੂਜਿਆ ਜਾਂਦਾ ਹੈ ਆਪਣੇ ਆਪ ਨੂੰ ਉੱਚਿਆਂ ਕਰਦਾ ਹੈ; ਐਥੋਂ ਤੀਕ ਜੋ ਉਹ ਪਰਮੇਸ਼ੁਰ ਦੀ ਹੈਕਲ ਵਿੱਚ ਬਹਿੰਦਾ ਹੈ,...*

ਭਾਈ, ਕੀ ਵੈਟੀਕਨ ਤੋਂ ਬਾਹਰ, ਧਰਤੀ ਤੇ ਕੋਈ ਅਜਿਹਾ ਵਿਅਕਤੀ ਹੈ ਜੋ ਅਜਿਹਾ ਕਰਦਾ ਹੈ? ਇਹ ਕਿੱਥੇ ਹੈ?

184 ਹੁਣ, ਪਰਕਾਸ਼ ਦੀ ਪੋਥੀ 13 ਵਿੱਚ ਜਾਓ, ਅਤੇ ਤੁਹਾਨੂੰ ਦਿਖਾਉਂਦਾ ਹਾਂ ਕਿ ਕਿ ਇਹ ਆਦਮੀ ਇੱਕ ਸ਼ਹਿਰ ਵਿੱਚ ਬਹਿੰਦਾ ਹੈ...ਇੱਕ ਸ਼ਹਿਰ ਵਿੱਚ, ਅਤੇ ਸ਼ਹਿਰ ਸੱਤ ਪਹਾੜੀਆਂ ਤੇ—ਤੇ ਵੱਸਿਆ ਹੋਇਆ ਹੈ। ਅਤੇ ਦਰਿੰਦੇ ਦੀ ਗਿਣਤੀ ਛੇ ਸੌ ਛਿਆਹਟ ਹੈ, ਜੋ ਲਾਤੀਨੀ ਵਿੱਚ—ਵਿੱਚ ਲਿਖਿਆ ਗਿਆ ਹੈ...ਰੋਮਨ ਅੱਖਰ, ਛੇ ਸੌ ਛਿਆਹਠ ਹੈ, *ਵਿਕਾਰਿਵਸ ਫਿਲੀ ਦੇਈ* ਹੈ, ਜੋ ਹੈ, "ਪਰਮੇਸ਼ੁਰ ਦੇ ਪੁੱਤਰ ਦੀ ਬਜਾਏ," ਇੱਕ ਪੋਪ ਦੇ ਸਿੰਘਾਸਣ ਤੇ। ਅਤੇ ਉਸਦੀ ਕੁਰਸੀ ਉੱਤੇ, ਇੱਕ ਤੀਹਰਾ ਤਾਜ ਲੱਗਾ ਹੋਇਆ ਹੈ। ਅਤੇ ਮੈਂ ਸਿੱਧਾ ਤਾਜ ਵਾਲੇ ਪਾਸੇ ਦੇਖਿਆ ਹੈ, ਇਸ ਤਰ੍ਹਾਂ ਨੇੜੇ ਖੜਾ ਸੀ ਜਿਵੇਂ ਮੇਰਾ ਹੱਥ ਮੇਰੇ ਚਿਹਰੇ ਸਾਹਮਣੇ ਹੈ, ਇਸ ਤਰ੍ਹਾਂ, ਅਤੇ—ਅਤੇ ਵੈਟੀਕਨ ਵਿਚ ਪੋਪ ਦਾ ਸਜਿਆ ਹੋਇਆ ਤਾਜ ਦੇਖਿਆ, ਮੈਂ ਖੁਦ, ਖੜ੍ਹਾ ਹੋ ਕੇ ਇਸ ਵੱਲ ਦੇਖਿਆ, ਯਕੀਨੀ ਕਰੋ ਕਿ ਮੈਂ ਜਾਣਦਾ ਹਾਂ ਕਿ ਮੈਂ ਕਿਸ ਬਾਰੇ ਗੱਲ ਕਰ ਰਿਹਾ ਸੀ। "ਉਹ ਵਿਰੋਧ ਕਰਦਾ ਹੈ, ਆਪਣੇ ਆਪ ਨੂੰ ਸਭ ਤੋਂ ਉੱਚਿਆਂ ਕਰਦਾ ਹੈ, ਜਿਸਨੂੰ ਪਰਮੇਸ਼ੁਰ ਕਿਹਾ ਜਾਂਦਾ ਹੈ, ਸਾਰੇ ਧਰਮੀ ਪੁਰਸ਼। ਉਹ ਉਨ੍ਹਾਂ ਸਾਰਿਆਂ ਵਿੱਚੋਂ ਸਭ ਤੋਂ ਪਵਿੱਤਰ ਹੈ; ਪਰਮੇਸ਼ੁਰ ਦੇ ਮੰਦਰ ਵਿੱਚ ਬੈਠਾ ਹੈ, ਸਿਰਫ ਆਪਣੇ ਆਪ ਨੂੰ ਦਰਸਾਉਂਦਾ ਹੈ ਕਿ ਉਹੀ ਪਰਮੇਸ਼ੁਰ ਹੈ," ਧਰਤੀ ਉੱਤੇ ਪਾਪਾਂ ਨੂੰ ਮਾਫ਼ ਕਰਦਾ ਹੈ, ਅਤੇ ਇਸ ਤਰ੍ਹਾਂ ਹੋਰ, ਤੁਸੀਂ ਜਾਣਦੇ ਹੋ। ਯਕੀਨਨ।

185 ਪੌਲੁਸ ਨੇ ਕਿਹਾ, "ਇਹ ਡਿੱਗਣਾ ਪਹਿਲਾਂ ਹੋਵੇਗਾ, ਉਸ ਵਿਨਾਸ਼ ਦੇ ਪੁੱਤਰ ਦੇ ਪ੍ਰਗਟ ਹੋਣ ਤੋਂ ਪਹਿਲਾਂ।"

*ਤੁਹਾਨੂੰ ਯਾਦ ਨਹੀਂ, ਕਿ, ਜਦੋਂ ਮੈਂ...ਤੁਹਾਡੇ ਨਾਲ ਸੀ, ਮੈਂ ਤੁਹਾਨੂੰ ਇਹ ਗੱਲਾਂ ਦੱਸੀਆਂ?*

186 ਔਹ, ਮੈਂ ਉੱਥੇ ਬੈਠਣਾ ਪਸੰਦ ਕਰਦਾ, ਪੌਲੁਸ ਨੂੰ ਇਹ ਪ੍ਰਚਾਰ ਕਰਦੇ ਸੁਣਦੇ ਹੋਏ, ਕੀ ਤੁਸੀਂ ਨਹੀਂ ਕਰਦੇ? ਹਮ! ਮੈਂ ਉਸ ਨੂੰ ਕਿਵੇਂ ਸੁਣਨਾ ਚਾਹਾਂਗਾ! ਔਹ ਮੇਰੇ!

187 ਹੁਣ ਉਹ ਕੀ ਕਰਨ ਜਾ ਰਿਹਾ ਹੈ? "ਇੱਕ ਦਰਿੰਦੇ ਦੀ ਮੂਰਤੀ।" ਦੂਜਾ ਥੱਸਲੁਨੀਕੀਆ। ਹੁਣ ਸੁਣੋ। ਹੁਣ ਧਿਆਨ ਨਾਲ ਸੁਣੋ, ਅਸਲ ਧਿਆਨ ਨਾਲ। ਕਲੀਸਿਯਾ ਪਹਿਲਾਂ ਹੀ ਪੋਪ ਦੇ ਆਉਣ ਨੂੰ ਮਹਿਸੂਸ ਕਰ ਰਹੀ ਸੀ। ਇਹ ਕੀ ਹੈ? ਉਸ ਕਲੀਸਿਯਾ ਦੇ ਯੁੱਗ ਦਾ ਅੰਤ, ਪੌਲੁਸ। ਉਨ੍ਹਾਂ ਨੇ ਦੇਖਿਆ ਕਿ ਇਹ ਨਿਕੁਲਾਈਆਂ ਦਾ ਸਮਾਨ ਉੱਪਰ ਉੱਠ ਰਿਹਾ ਸੀ; ਉਹ ਇੱਕ ਪਵਿੱਤਰ ਪੁਰਖ ਬਣਾਉਣ ਜਾ ਰਹੇ ਸਨ, (ਕੀ ਬਣਾਉਣ ਲਈ?) ਪੋਪ। ਸੰਸਾਰਿਕਤਾ ਅਤੇ ਕੁਲੀਨ ਲੋਕ ਕਲੀਸਿਯਾ ਵਿੱਚ ਆ ਗਏ ਸਨ, ਅਤੇ ਅਰਾਧਨਾ ਦੇ ਕ੍ਰਮ ਨੂੰ ਬਦਲ ਰਹੇ ਸਨ। ਪੌਲੁਸ ਨੇ, ਪਵਿੱਤਰ ਆਤਮਾ ਦੇ ਨਾਲ, ਉਸ ਆਤਮਾ ਨੂੰ ਫੜ ਲਿਆ ਸੀ। ਅਤੇ ਕਲੀਸਿਯਾ, ਇਸਦੇ ਵਰਗਾਂ ਅਤੇ ਪਤਵੰਤਿਆਂ, ਮਾਣਯੋਗ ਸ਼ਖਸੀਅਤਾਂ, ਅਤੇ ਇਸ ਤਰ੍ਹਾਂ ਦੇ ਹੋਰ ਲੋਕਾਂ ਨਾਲ, ਉਨ੍ਹਾਂ ਨੇ ਦੇਖਿਆ ਕਿ ਕੁਝ ਆ ਰਿਹਾ ਸੀ। ਅਤੇ ਪਵਿੱਤਰ ਆਤਮਾ ਉਨ੍ਹਾਂ ਨੂੰ ਅੰਤਲੇ ਦਿਨਾਂ ਬਾਰੇ ਚੇਤਾਵਨੀ ਦੇ ਰਿਹਾ ਸੀ। ਕੀ ਤੁਹਾਨੂੰ ਯਾਦ ਨਹੀਂ ਕਿ ਯਿਸੂ ਨੇ ਇਸ ਬਾਰੇ ਕਿਵੇਂ ਕਿਹਾ ਸੀ? ਨਿਕੁਲਾਈਆਂ ਦੇ ਕੰਮ, ਜੋ ਅੰਤ ਵਿੱਚ ਇੱਕ ਸਿਧਾਂਤ ਬਣ ਜਾਂਦੇ ਹਨ, ਅਤੇ ਫਿਰ ਇੱਕ ਸੰਗਠਨ ਬਣ ਜਾਂਦੇ ਹਨ! ਭਰਾਵੋ, ਅਸੀਂ ਹੁਣ ਹਨੇਰੇ ਵਿੱਚ ਨਹੀਂ ਹਾਂ। ਯਾਦ ਰੱਖੋ, ਵੇਖੋ। ਅਸੀਂ ਏਥੇ ਹਾਂ।

188 ਨਿਕੁਲਾਈਆਂ ਦੇ ਕੰਮ, ਸੰਸਥਾ ਵਿੱਚ ਸ਼ੁਰੂ ਹੋਣ ਲੱਗੀਆਂ, ਮਹਾਨ ਹਸਤੀਆਂ, ਅਤੇ ਕਲਿਸਿਯਾਂ ਉੱਤੇ, ਅਤੇ ਇਸ ਤਰ੍ਹਾਂ ਅੱਗੇ, ਫਿਰ ਕੈਥੋਲਿਕ ਕਲੀਸਿਯਾ ਵਿੱਚ ਸੰਗਠਿਤ ਹੋਈ ਗਈ। ਅਤੇ ਪੌਲੁਸ ਨੇ ਕਿਹਾ ਕਿ ਉੱਥੇ ਅੰਤ ਦਾ ਸਮਾਂ ਨਹੀਂ ਹੋ ਸਕਦਾ, ਕੋਈ ਸਮਾਂ ਨਹੀਂ ਹੋ ਸਕਦਾ, ਜਦ ਤਕ ਅਸਲ ਵਿਸ਼ਵਾਸ ਤੋਂ ਦੂਰ ਨਾ ਹੋ ਜਾਵੇ, ਪੈਂਟੇਕੋਸਟਲ ਵਿਸ਼ਵਾਸ। ਪੰਤੇਕੋਸਟਲ ਵਿਸ਼ਵਾਸ ਨੂੰ ਖਤਮ ਕਰ ਦਿੱਤਾ ਜਾਵੇਗਾ, ਅਤੇ ਪਤਵੰਤਿਆਂ ਨੂੰ ਅੰਦਰ ਰੱਖਿਆ ਜਾਵੇਗਾ। ਉਨ੍ਹਾਂ ਕੋਲ ਇੱਕ ਆਦਮੀ ਹੋਵੇਗਾ ਜੋ ਪਰਮੇਸ਼ੁਰ ਦੀ ਜਗ੍ਹਾ ਲਵੇਗਾ, ਪਰਮੇਸ਼ੁਰ ਦੇ ਮੰਦਰ ਵਿੱਚ ਸਥਾਪਤ ਹੋਵੇਗਾ, ਅਤੇ ਵਿਰੋਧ ਕਰੇਗਾ, ਆਪਣੇ ਆਪ ਨੂੰ ਇਸ ਤਰ੍ਹਾਂ ਦੇ ਸਾਰੇ ਲੋਕਾਂ ਤੋਂ ਉੱਪਰ ਰੱਖੇਗਾ। ਅਤੇ, ਇਹ, ਵੇਖੋ, ਇਹ ਕੀ ਹੈ? *ਨਿੱਕਾਓ*, "ਲੇਵੀਆਂ ਉੱਤੇ ਕਾਬੂ ਪਾ ਲਵੇਗਾ।" ਸਮਝੇ? "ਉਹ ਸਭ ਜਿਸਨੂੰ ਪਰਮੇਸ਼ੁਰ ਕਿਹਾ ਜਾਂਦਾ ਹੈ; ਉਹ ਪਰਮੇਸ਼ੁਰ ਦੇ ਮੰਦਰ ਵਿੱਚ ਬੈਠੇਗਾ, ਪਰਮੇਸ਼ੁਰ ਵਾਂਗ।" ਪੌਲੁਸ ਨੇ ਕਿਹਾ ਕਿ ਅੰਤ ਦੇ ਦਿਨਾਂ ਵਿੱਚ, ਪਹਿਲਾਂ ਇੱਕ ਡਿੱਗਣਾ ਹੋਵੇਗਾ। ਅਤੇ ਅਸੀਂ ਇੱਥੇ ਹਾਂ, ਹੁਣ ਬਿਲਕੁੱਲ ਇੱਥੇ, ਅਤੇ ਇਸ ਡਿੱਗਣ ਨੂੰ ਵੇਖਦੇ ਹਾਂ, ਅਤੇ ਕਲੀਸਿਯਾ ਨੂੰ ਇਸ ਤੋਂ ਹੋਰ ਅਤੇ ਹੋਰ ਦੂਰ

ਹੁੰਦਾ ਦੇਖਦੇ ਹਾਂ, ਅਤੇ ਫਿਰ ਦੁਬਾਰਾ ਵਾਪਸ ਜਾਂਦੇ ਹੋ ਵੇਖਦੇ ਹਾਂ। ਅਤੇ ਅਸੀਂ ਅੰਤ ਦੇ ਸਮੇਂ ਤੇ ਹਾਂ। ਠੀਕ ਹੈ।

189 ਹੁਣ, ਜੇਕਰ ਉਣਹੱਤਰ ਬਿਲਕੁਲ ਸਹੀ ਬੈਠਦੇ ਹਨ, ਅਤੇ ਯਹੂਦੀ ਹੁਣ ਆਪਣੇ ਦੇਸ਼ ਵਿੱਚ ਹਨ, ਅਤੇ ਪਰਾਈਆਂ ਕੌਮਾਂ ਦਾ ਯੁੱਗ ਬਿਲਕੁਲ ਅੰਤ ਸਮੇਂ ਤੇ ਹੈ, ਨਿਕੁਲਾਈਆਂ ਦੇ ਸਮੇਂ…ਜਾਂ ਲਾਓਡੀਕੀਆ ਦਾ ਸਮਾਂ; ਪ੍ਰਭੂ ਦਾ ਆਉਣਾ, ਸਾਰੀਆਂ ਚੀਜ਼ਾਂ ਦਾ ਅੰਤ, ਇਸ ਯੁੱਗ ਦਾ ਅੰਤ, ਅਤੇ ਉਠਾਏ ਜਾਣਾ ਕਿੰਨਾ ਨੇੜੇ ਹੈ? ਜਿਸ ਪਲ ਉਹ ਸੱਤਰਵਾਂ ਹਫ਼ਤਾ, ਜਾਂ ਸੱਤ ਸਾਲ ਸ਼ੁਰੂ ਕਰਦਾ ਹੈ, ਕਲੀਸਿਯਾ ਚਲੀ ਜਾਂਦੀ ਹੈ।

190 ਕੀ ਤੁਸੀਂ ਇਸਨੂੰ ਦੇਖ ਸਕਦੇ ਹੋ, ਦੋਸਤੋ? ਜੇ ਤੁਸੀਂ ਇਸਨੂੰ ਦੇਖ ਸਕਦੇ ਹੋ ਤਾਂ ਆਪਣਾ ਹੱਥ ਉਠਾਓ। ਦੇਖੋ? ਹੁਣ, ਆਓ ਬੱਚੇ ਨਾ ਬਣੀਏ। ਆਓ ਹੁਣ ਖਿਲਵਾੜ ਨਾ ਕਰੀਏ। ਅਸੀਂ ਅੰਤ ਸਮੇਂ ਤੇ ਹਾਂ। ਕੁਝ ਹੋਣ ਵਾਲਾ ਹੈ। ਅਸੀਂ ਅੰਤ ਵਿੱਚ ਹਾਂ। ਅਸੀਂ ਏਥੇ ਹਾਂ।

191 ਇਹ ਉਣਹੱਤਰ ਹਫ਼ਤੇ ਬਿਲਕੁੱਲ ਸਹੀ ਬੈਠਦੇ ਹਨ; ਯਹੂਦੀਆਂ ਦਾ ਦੂਰ ਜਾਣਾ ਬਿਲਕੁੱਲ ਸਹੀ ਬੈਠਦਾ ਹੈ; ਕਲੀਸਿਯਾ ਦਾ ਯੁੱਗ ਬਿਲਕੁੱਲ ਸਹੀ ਬੈਠਦਾ ਹੈ। ਅਸੀਂ ਅੰਤ ਸਮੇਂ ਤੇ ਹਨ, ਅੰਤ ਦਾ ਸਮਾਂ, ਲਾਓਡੀਕੀਅਨ ਕਲੀਸਿਯਾ ਯੁੱਗ, ਇਸਦਾ ਅੰਤ ਹੈ। ਸਭ ਸਿਤਾਰੇ ਦੂਤਾਂ ਨੇ ਆਪਣੇ ਸੰਦੇਸ਼ ਦਾ ਪ੍ਰਚਾਰ ਕੀਤਾ ਹੈ। ਇਹ ਬਾਹਰ ਚਲਾ ਗਿਆ ਹੈ। ਅਸੀਂ ਬਸ ਕਿਨਾਰੇ ਲੱਗ ਰਹੇ ਹਾਂ। ਯਹੂਦੀ ਚਾਲੀ ਸਾਲਾਂ ਤੋਂ ਵਾਪਸ ਆ ਰਹੇ ਹਨ। ਉਹ ਆਪਣੇ ਵਤਨ ਵਿੱਚ ਹਨ।

ਅੱਗੇ ਕੀ ਹੋਣਾ ਹੈ? ਪੱਥਰ ਦਾ ਆਉਣਾ। ਅਸੀਂ ਉੱਥੇ ਹਾਂ। ਇਹ ਕਿਸ ਸਮੇਂ ਹੋਵੇਗਾ? ਮੈਨੂੰ ਨਹੀਂ ਪਤਾ। ਪਰ, ਭਾਈ, ਮੇਰੇ ਲਈ, ਮੈਂ ਤਿਆਰ ਰਹਿਣਾ ਚਾਹੁੰਦਾ ਹਾਂ। ਮੈਂ ਆਪਣੇ ਕੱਪੜੇ ਬਿਲਕੁੱਲ ਤਿਆਰ ਰੱਖਣਾ ਚਾਹੁੰਦਾ ਹਾਂ।

192 ਹੁਣ, ਸਾਡੇ ਕੋਲ ਕੁਝ ਕੁ—ਕੁਝ ਕੁ ਮਿੰਟ ਹੀ ਹਨ, ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਹੁਣ ਇੱਕ ਮਿੰਟ ਲਈ ਚੁੱਪ-ਚਾਪ ਸੁਣੋ।

ਜਿਸ ਪਲ ਉਹ ਸੱਤਰਵਾਂ ਹਫ਼ਤਾ, ਜਾਂ ਸੱਤ ਸਾਲ ਸ਼ੁਰੂ ਕਰਦਾ ਹੈ, ਕਲੀਸਿਯਾ ਚਲੀ ਜਾਂਦੀ ਹੈ। ਹੁਣ ਸੁਣੋ। ਮੈਂ ਦੁਬਾਰਾ ਹਵਾਲਾ ਦੇ ਰਿਹਾ ਹਾਂ, ਦੁਬਾਰਾ ਹਵਾਲਾ ਦੇ ਰਿਹਾ ਹਾਂ, ਤਾਂ ਜੋ ਤੁਸੀਂ ਭੁੱਲ ਨਾ ਜਾਓ। ਇਹ ਉਹ ਹੈ ਜੋ ਪਵਿੱਤਰ ਆਤਮਾ ਨੇ ਮੇਰੀ ਕਲਮ ਉੱਤੇ ਪਾਇਆ ਜਦੋਂ ਮੈਂ ਲਿਖ ਰਿਹਾ ਸੀ। ਅਸੀਂ ਲਾਓਡੀਕੀਆ ਯੁੱਗ ਵਿੱਚ ਹਾਂ। ਮਸੀਹ ਨੂੰ ਉਸਦੀ ਆਪਣੀ ਹੀ ਕਲੀਸਿਯਾ ਦੁਆਰਾ ਰੱਦ ਕੀਤਾ ਜਾ ਰਿਹਾ ਹੈ। ਇਸ ਯੁੱਗ ਦਾ ਸਿਤਾਰਾ,

ਸੰਦੇਸ਼, ਅੱਗੇ ਨਿਕਲ ਗਿਆ ਹੈ। ਅਤੇ ਇਸਰਾਏਲ ਉਸਦੀ ਧਰਤੀ ਵਿੱਚ ਹੈ। ਤੁਸੀਂ ਦੇਖਦੇ ਹੋ ਕਿ ਅਸੀਂ ਕਿੱਥੇ ਹਾਂ? ਅਸੀਂ ਅੰਤ ਵਿੱਚ ਹਾਂ।

ਹੁਣ, ਸਿਰਫ ਇੱਕ ਜਾਂ ਦੋ ਹੋਰ ਟਿੱਪਣੀਆਂ।

193 ਇਹ ਸਭ ਜੋ ਹੁਣ ਅਸੀਂ ਦੇਖਦੇ ਹਾਂ, ਉਸਦੀ ਕਿਰਪਾ ਨਾਲ ਸਾਡੀ ਮਦਦ ਕਰੇਗਾ, ਜਦ ਅਸੀਂ ਇਹਨਾਂ ਆਖਰੀ ਸੱਤ ਮੋਹਰਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੇ ਹਾਂ। ਤੁਸੀਂ ਦੇਖਦੇ ਹੋ ਕਿ ਅਸੀਂ ਇਸ ਤੋਂ ਕਿੱਥੇ ਖੁੰਝ ਗਏ ਹੁੰਦੇ? ਪਰਕਾਸ਼ ਦੀ ਪੋਥੀ 6:1 ਤੋਂ ਪਰਕਾਸ਼ ਦੀ ਪੋਥੀ 19:21 ਤੱਕ, ਅਸੀਂ ਇਸ ਤੋਂ ਖੁੰਝ ਗਏ ਹੁੰਦੇ, ਕਿਉਂਕਿ, ਵੇਖੋ, ਅਸੀਂ ਇਸ ਨੂੰ *ਉੱਥੇ* ਪਿਛਾਂਹ ਲਾਗੂ ਕਰਨ ਦੀ ਕੋਸ਼ਿਸ ਕਰ ਰਹੇ ਸੀ, ਪਰਾਈਆਂ ਕੌਮਾਂ ਦੇ ਯੁੱਗ ਵਿੱਚ; ਕਿੱਥੇ, ਤੁਸੀਂ ਦੇਖੋ, ਇਹ *ਇਸ* ਯੁੱਗ ਵਿੱਚ ਹੈ। ਵੇਖਿਆ?

ਹੁਣ, ਅਸੀਂ ਇਸਨੂੰ ਪਰਮੇਸ਼ੁਰ ਦੇ ਬਚਨ ਦੁਆਰਾ, ਅਤੇ ਇਤਿਹਾਸ ਦੁਆਰਾ, ਅਤੇ ਹਰ ਚੀਜ਼ ਦੁਆਰਾ, ਅਤੇ ਸਮੇਂ ਦੀਆਂ ਨਿਸ਼ਾਨੀਆਂ ਦੁਆਰਾ ਸਾਬਤ ਕੀਤਾ ਹੈ, ਦਿਨਾਂ ਦੁਆਰਾ, ਕਿ ਇੱਥੇ ਹੋਰ ਕੁਝ ਨਹੀਂ ਬਚਿਆ ਹੈ। ਅਸੀਂ ਪਰਾਈਆਂ ਕੌਮਾਂ ਦੇ ਸਮੇਂ ਦੀ ਸਮਾਪਤੀ ਤੇ ਹਾਂ। ਕੀ—ਕੀ ਅਸੀਂ ਇਸ ਬਾਰੇ ਕੀ ਕਰਨ ਜਾ ਰਹੇ ਹਾਂ? ਇਹ ਮੇਰਾ ਪ੍ਰਾਣ ਅਤੇ ਤੁਹਾਡਾ ਪ੍ਰਾਣ ਹੈ; ਇਹ ਮੇਰੀ ਜ਼ਿੰਦਗੀ ਅਤੇ ਤੁਹਾਡੀ ਜ਼ਿੰਦਗੀ ਹੈ; ਇਹ ਸਾਡੇ ਅਜ਼ੀਜ਼ਾਂ ਦੀ ਜ਼ਿੰਦਗੀ ਹੈ। ਸਾਨੂੰ ਬਹੁਤ ਜ਼ਿਆਦਾ ਥਾਪੀ ਦਿੱਤੀ ਗਈ ਹੈ। ਸਾਡੇ ਕੋਲ ਬਹੁਤ ਸਾਰੀਆਂ ਚੀਜ਼ਾਂ ਆਸਾਨ ਸਨ। ਬਿਹਤਰ ਹੋਵੇਗਾ ਅਸੀਂ ਅੱਗੇ ਵੱਧੀਏ। ਇਹ ਤੁਹਾਡੇ ਸੋਚਣ ਤੋਂ ਵੀ ਪਹਿਲਾਂ ਹੋ ਜਾਵੇਗਾ, ਬੱਸ ਯਾਦ ਰੱਖੋ।

194 ਹੁਣ, ਇੱਕ ਸ਼ਾਨਦਾਰ ਬਿਆਨ, ਜੇ ਤੁਸੀਂ ਇਸਨੂੰ ਲਿਖਣਾ ਚਾਹੁੰਦੇ ਹੋ। ਕਿਰਪਾ ਕਰਕੇ, ਧਿਆਨ ਨਾਲ ਸੁਣੋ। ਇਹ ਮੇਰੀ ਆਖਰੀ ਟਿੱਪਣੀ ਹੈ, ਇਸਦੇ ਅੱਗੇ; ਇਸ ਤੋਂ ਬਾਅਦ ਮੇਰੇ ਕੋਲ ਇੱਕ ਛੋਟੀ ਜਿਹੀ ਚੀਜ ਹੈ, ਇੱਕ ਛੋਟਾ ਜਿਹਾ ਨੋਟ ਜਿਸ ਬਾਰੇ ਮੈਂ ਗੱਲ ਕਰਨਾ ਚਾਹੁੰਦਾ ਹਾਂ। ਹੁਣ ਸਿਰਫ ਇੱਕ ਪਲ ਆਰਾਮ ਕਰੋ ਅਤੇ ਧਿਆਨ ਨਾਲ ਸੁਣੋ, ਤੁਹਾਨੂੰ ਕੁਝ ਅਜਿਹਾ ਦਿਆਂਗਾ ਜੋ ਹੈਰਾਨ ਕਰਨ ਵਾਲਾ ਹੈ, ਸਿੱਧਾ ਇਸ ਵਿੱਚ ਜਾਣ ਲਈ। ਸਮਝੇ?

ਇਸ ਯੁੱਗ ਦੇ ਅੰਤ ਅਤੇ ਮਸੀਹ ਦੇ ਆਉਣ ਦੇ ਵਿਚਕਾਰ ਚਾਕੂ ਦੇ ਬਲੇਡ ਜਿੰਨੀ ਵਿੱਥ ਵੀ ਨਹੀਂ ਹੈ। ਸਭ ਕੁਝ, ਹੋਰ ਕੁਝ ਨਹੀਂ ਬਚਿਆ। ਕੀ ਇਜ਼ਰਾਈਲ ਆਪਣੇ ਦੇਸ਼ ਵਿੱਚ ਹੈ? ਸਾਨੂੰ ਇਹ ਪਤਾ ਹੈ। [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਕੀ ਅਸੀਂ ਲਾਓਦੀਕੀਆ ਯੁੱਗ ਵਿਚ ਹਾਂ? ["ਆਮੀਨ।"] ਕੀ ਇਸ ਪੈਂਟੀਕੋਸਟਲ ਯੁੱਗ ਦਾ ਸੰਦੇਸ਼ ਅੱਗੇ ਗਿਆ ਹੈ, ਲੋਕਾਂ ਨੂੰ ਝੰਜੋੜਣ ਦੀ ਕੋਸ਼ਿਸ਼ ਕਰਨ ਲਈ ਤਾਂ ਜੋ ਉਹਨਾਂ ਨੂੰ ਅਸਲ ਪੰਤੇਕੁਸਤ

ਦੀ ਅਸੀਸ ਕੋਲ ਲਿਆਂਦਾ ਜਾ ਸਕੇ? ["ਆਮੀਨ।"] ਕੀ ਹਰ ਦੂਤ ਯੁੱਗ ਵਿੱਚ ਆਇਆ ਹੈ, ਬਿਲਕੁਲ ਉਹੀ ਗੱਲ ਹੈ? ["ਆਮੀਨ।"] ਕੀ ਕੌਮ ਕੌਮ ਦੇ ਵਿਰੁੱਧ ਹਨ? ["ਆਮੀਨ।"] ਮਹਾਂਮਾਰੀ? ਕੀ ਅੱਜ ਦੇਸ਼ ਵਿੱਚ ਅਕਾਲ ਪਿਆ ਹੈ, ਸੱਚੀ ਕਲੀਸਿਯਾ ਪਰਮੇਸ਼ੁਰ ਦੇ ਬਚਨ ਨੂੰ ਸੁਣਨ ਲਈ ਸੈਂਕੜੇ ਮੀਲ ਸਫ਼ਰ ਕਰ ਕੇ ਆ ਰਹੀ ਹੈ? ["ਆਮੀਨ।"] "ਸਿਰਫ਼ ਰੋਟੀ ਲਈ ਨਹੀਂ, ਪਰ ਪਰਮੇਸ਼ੁਰ ਦੇ ਬਚਨ ਨੂੰ ਸੁਣਨ ਲਈ।" ਅਕਾਲ ਆਉਂਦਾ ਹੈ। ਕੀ ਇਹ ਸਹੀ ਹੈ? ["ਆਮੀਨ।"] ਕਿਉਂ, ਅਸੀਂ ਬਿਲਕੁੱਲ ਇਸ ਦੇ ਵਿਚਕਾਰ ਹਾਂ, ਹੁਣੇ ਇੱਥੇ ਰਹਿ ਰਹੇ ਹਾਂ। ਵੇਖਿਆ ਕਿ ਅਸੀਂ ਕਿੱਥੇ ਹਾਂ? ਅਸੀਂ ਉਸ ਪੱਥਰ ਦੀ ਉਡੀਕ ਕਰ ਰਹੇ ਹਾਂ।

195 ਇੱਕ ਹੈਰਾਨੀਜਨਕ ਬਿਆਨ! ਉਸ ਸਮੇਂ ਤੋਂ ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨਾਲ ਵਾਅਦਾ ਕੀਤਾ ਸੀ...ਇਸ ਤੋਂ ਖੁੰਝ ਨਾ ਜਾਇਓ। ਉਸ ਸਮੇਂ ਤੋਂ ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨਾਲ ਵਾਅਦਾ ਕੀਤਾ ਸੀ, ਉਤਪਤ 12:3, 33 ਈਸਵੀ ਵਿੱਚ ਮਸੀਹਾ ਦੇ ਰੱਦ ਕੀਤੇ ਜਾਣ ਦੇ ਸਮੇਂ ਤੱਕ, ਯਹੂਦੀਆਂ ਦੁਆਰਾ; ਗਲਾਟੀਆਂ 3:16 ਅਤੇ 17 ਦੇ ਅਨੁਸਾਰ, ਅਤੇ ਅਸ਼ਰ ਦੇ ਅਨੁਸਾਰ, ਅ-ਸ਼-ਰ, ਅਸ਼ਰ ਇਬਰਾਨੀਆਂ ਦਾ ਇਤਿਹਾਸ ਹੈ; ਪਰਮੇਸ਼ੁਰ ਦੀ ਸ਼ਕਤੀ ਯਹੂਦੀਆਂ ਦੇ ਨਾਲ ਠੀਕ ਉਨੀ ਸੌ ਚੁਰੰਜਾ ਸਾਲ ਸੀ। ਪਰਮੇਸ਼ੁਰ ਨੇ ਯਹੂਦੀਆਂ ਨਾਲ ਉਨ੍ਹੀ ਸੌ ਚੁਰੰਜਾ ਸਾਲਾਂ ਵਿਹਾਰ ਕੀਤਾ, ਯਹੂਦੀਆਂ ਦੇ ਕਾਲਕ੍ਰਮ ਅਨੁਸਾਰ, ਅਤੇ ਗਲਾਤੀਆਂ 3:16 ਅਤੇ 17 ਦੇ ਅਨੁਸਾਰ। ਮੇਰੇ ਕੋਲ ਹੋਰ ਵੀ ਬਹੁਤ ਸਾਰੀਆਂ ਲਿਖਤਾਂ ਹਨ, ਪਰ ਸਿਰਫ ਉਹੀ ਦੇ ਰਿਹਾ ਹਾਂ।

ਫਿਰ, ਜਦੋਂ ਉਨ੍ਹਾਂ ਨੇ ਮਸੀਹ ਨੂੰ ਠੁਕਰਾ ਦਿੱਤਾ, ਉਹ ਪਰਾਈਆਂ ਕੌਮਾਂ ਵੱਲ ਮੁੜਿਆ, ਆਪਣੇ ਨਾਮ ਲਈ ਲੋਕ ਲੈਣ ਲਈ। ਤੁਸੀਂ ਉਸ ਲਈ ਇੱਕ ਲਿਖਤ ਚਾਹੁੰਦੇ ਹੋ, ਉਸ ਜਗ੍ਹਾ ਲਈ? ਰਸੂਲਾਂ ਦੇ ਕਰਤੱਬ 15:14।

196 ਹੁਣ, ਸਮਾਂ ਗਿਣਦਿਆਂ, ਅਸੀਂ ਪਾਇਆ ਕਿ ਸਾਡੇ ਕੋਲ ਬਿਲਕੁਲ (ਸੁਣੋ) ਸਤਾਰਾਂ ਸਾਲ ਬਾਕੀ ਹਨ, ਅਤੇ ਸਾਡੇ ਕੋਲ ਉਹੀ ਸਮਾਂ ਹੋਵੇਗਾ ਜੋ ਸਾਨੂੰ ਦਿੱਤਾ ਗਿਆ ਹੈ, ਜਿਵੇਂ ਪਰਮੇਸ਼ੁਰ ਸਾਡੇ ਨਾਲ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਪੇਸ਼ ਆ ਰਿਹਾ ਹੈ, 33 ਈਸਵੀ ਤੋਂ 1977 ਤੱਕ। ਉਨਾਂ ਹੀ ਸਮਾਂ, ਉਨ੍ਹੀ ਸੌ ਚੁਰੰਜਾ ਸਾਲਾਂ ਦਾ, ਪਰਮੇਸ਼ੁਰ ਸਾਡੇ ਨਾਲ ਉਹੀ ਵਰਤਾਉ ਕਰਦਾ ਹੈ ਜਿਵੇਂ ਉਸਨੇ ਯਹੂਦੀਆਂ ਨਾਲ ਕੀਤਾ ਸੀ। ਇਸ ਬਾਰੇ ਕਿਵੇਂ!

197 ਹੁਣ, ਆਪਣੀ ਕਿਤਾਬ ਵਿੱਚ ਨਿਸ਼ਾਨੀ ਲੱਗਾ ਲਵੋ, ਇੱਕ ਛੋਟੀ ਜਿਹੀ ਲਿਖਤ ਮੈਂ ਤੁਹਾਨੂੰ ਦੇਣਾ ਚਾਹੁੰਦਾ ਹਾਂ। ਲੇਵੀਆਂ 25, 8ਵੀਂ ਆਇਤ ਤੋਂ ਸ਼ੁਰੂ ਕਰਦੇ ਹੋਏ। ਪਰਮੇਸ਼ੁਰ ਨੇ ਹਰ ਉਣੰਜਵਾਂ, ਇੱਕ ਜੁਬਲੀ ਦਿੱਤੀ। ਪੰਜਾਹਵਾਂ

ਸਾਲ ਜੁਬਲੀ ਸੀ। ਅਸੀਹ ਇਹ ਜਾਣਦੇ ਹਾਂ। ਅਸੀਂ ਇਹ ਸਮਝਦੇ ਹਾਂ। ਲੇਵੀਆਂ 25:8 ਦੀ ਪਹਿਲੀ ਜੁਬਲੀ ਤੋਂ ਲੈ ਕੇ, 1977 ਵਿੱਚ ਸੱਤਰਵੀਂ ਜੁਬਲੀ ਹੋਵੇਗੀ, ਬਿਲਕੁੱਲ ਤਿੰਨ ਹਜ਼ਾਰ ਚਾਰ ਸੌ ਤੀਹ ਸਾਲ ਬਣਨਗੇ। *ਜੁਬਲੀ*, ਮਤਲਬ, "ਉੱਪਰ ਜਾਣਾ! ਰਿਹਾਈ!"

ਔਹ, ਅਸੀਂ ਉਸ ਖੁਸ਼ਹਾਲ ਹਜ਼ਾਰਾਂ ਸਾਲ ਰਾਜ ਦੇ ਦਿਨਾਂ
ਦੇ ਆਉਣ ਲਈ ਵੇਖ ਰਹੇ ਹਾਂ,
ਜਦੋਂ ਸਾਡਾ ਮੁਬਾਰਕ ਪ੍ਰਭੂ ਆਵੇਗਾ ਅਤੇ ਉਸਦੀ ਉਡੀਕ
ਕਰਨ ਵਾਲੀ ਲਾੜੀ ਨੂੰ ਲੈ ਜਾਵੇਗਾ;
ਔਹ, ਜਗਤ ਹਉਕੇ ਭਰ ਰਿਹਾ ਹੈ, ਉਸ ਮਿੱਠੇ ਰਿਹਾਈ
ਦੇ ਦਿਨ ਲਈ ਪੁਕਾਰ ਰਿਹਾ ਹੈ,
ਜਦ ਸਾਡਾ ਛੁਟਕਾਰਾ ਦੇਣ ਵਾਲਾ ਦੁਬਾਰਾ ਧਰਤੀ ਤੇ
ਵਾਪਸ ਆਵੇਗਾ।

198 ਕੀ ਤੁਸੀਂ ਇਹ ਸਮਝੇ ਗਏ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਪਰਮੇਸ਼ੁਰ ਨੇ ਸਾਡੇ ਨਾਲ ਬਿਲਕੁਲ ਉਨਾਂ ਹੀ ਸਮਾਂ ਵਿਵਹਾਰ ਕੀਤਾ ਹੈ ਜਿੰਨਾ ਉਸਨੇ ਯਹੂਦੀਆਂ ਨਾਲ ਕੀਤਾ ਸੀ। ਉਸ ਸਮੇਂ ਤੋਂ ਜਦੋਂ ਉਹ ਅਬਰਾਹਾਮ ਨੂੰ ਵਾਅਦਾ ਕਰਦਾ ਹੈ, 33 ਈਸਵੀ ਤੋਂ ਲੈਕੇ ਮਸੀਹਾ ਨੂੰ ਰੱਦ ਕਰਨ ਤੱਕ, ਉਨੀ ਸੌ ਚੁਰੰਜਾ ਸਾਲ ਸੀ। ਅਤੇ ਹੁਣ ਸਾਡੇ ਕੋਲ ਸਤਾਰਾਂ ਸਾਲ ਬਾਕੀ ਹਨ। ਸਾਡੇ ਕੋਲ ਲਗਭਗ ਉਨੀ ਸੌ ਤੀਹ-ਕੁ ਸਾਲ ਸਨ। ਸਾਡੇ ਕੋਲ ਸਤਾਰਾਂ ਸਾਲ ਬਾਕੀ ਹਨ, 77 ਤੱਕ, ਜੁਬਲੀ ਦੀ ਸ਼ੁਰੂਆਤ ਤੋਂ ਸੱਤਰਵੀਂ ਜੁਬਲੀ ਹੋਵੇਗੀ। ਅਤੇ ਇਹ ਕੀ ਹੋਵੇਗਾ? ਔਹ, ਭਾਈ! ਹੁਣ ਧਿਆਨ ਨਾਲ ਦੇਖੋ। ਇਸ ਨੂੰ ਖੁੰਝ ਨਾ ਜਾਣਾ। ਇਹ ਪਰਾਈਆਂ ਕੌਮਾਂ ਦੀ ਲਾੜੀ ਦੇ ਉੱਪਰ ਜਾਣ ਦੀ ਜੁਬਲੀ ਹੋਵੇਗੀ, ਅਤੇ ਯਹੂਦੀਆਂ ਕੋਲ ਮਸੀਹ ਦੀ ਵਾਪਸੀ, ਜਦੋਂ ਉਹ ਗ਼ੁਲਾਮੀ ਤੋਂ ਬਾਹਰ ਜਾਂਦੇ ਹਨ। ਆਮੀਨ! ਕੀ ਤੁਸੀਂ ਨਹੀਂ ਸਮਝੇ? ਸਾਰੇ ਸੰਸਾਰ ਤੋਂ, ਉਹ ਉਸ ਦਿਨ ਲਈ ਉੱਥੇ ਇਕੱਠੇ ਹੋਏ ਹਨ। ਔਹ, ਮੇਰੇ! ਦੇਖੋ ਕਿ ਅਸੀਂ ਕਿੱਥੇ ਹਾਂ? ਸਾਨੂੰ ਨਹੀਂ ਪਤਾ ਕਿ ਇਹ ਕਦੋਂ ਵਾਪਰ ਸਕਦਾ ਹੈ। ਅਸੀਂ ਅੰਤ ਸਮੇਂ ਤੇ ਹਾਂ।

199 ਹੁਣ ਸੁਣੋ। ਕਲੀਸਿਯਾ ਵਿੱਚ—ਵਿੱਚ ਤੁਸੀਂ ਜਿਹੜੇ ਪੁਰਾਣੇ-ਸਮੇਂ ਦੇ ਲੋਕ ਹੋ, ਜੋ ਲੰਬੇ ਸਮੇਂ ਤੋਂ ਇੱਥੇ ਹਨ, ਮੈਂ ਚਾਹੁੰਦਾ ਹਾਂ ਕਿ ਤੁਸੀਂ ਕੁਝ ਧਿਆਨ ਦਿਓ। ਮੈਂ ਕੱਲ੍ਹ ਤੱਕ ਇਹ ਕਦੇ ਨਹੀਂ ਸਿੱਖਿਆ; ਮੈਂ ਇਸਨੂੰ ਇਤਿਹਾਸਕਾਰ ਤੋਂ ਲਿਆ ਹੈ, ਪਾਲ ਬੌਇਡ, ਅਤੇ ਫਿਰ...ਅਤੇ ਮੈਂ ਇਸਨੂੰ ਲਿਖਤਾਂ ਦੁਆਰਾ ਲੱਭ ਲਿਆ ਹੈ, ਇਹਨਾਂ ਹੋਰ ਤਾਰੀਖਾਂ ਨੂੰ ਇੱਥੇ ਚੁੱਕਿਆ ਹੈ, ਅਤੇ ਇਸ ਤਰ੍ਹਾਂ ਅੱਗੇ, ਅਤੇ ਇਸਨੂੰ ਲਿਆ, ਅਤੇ ਇਸਨੂੰ ਚਲਾਇਆ, ਇਸ ਨੂੰ ਲੱਭ ਲਿਆ।

200 ਹੁਣ, 1933 ਵਿੱਚ, ਜਦੋਂ ਅਸੀਂ ਇੱਥੇ ਮੇਸੋਨਿਕ ਮੰਦਰ ਵਿੱਚ ਪੂਜਾ ਕਰ ਰਹੇ ਸੀ, ਜਿੱਥੇ ਅੱਜ ਮਸੀਹ ਦੀ ਕਲੀਸਿਯਾ ਖੜ੍ਹੀ ਹੈ, ਇੱਕ ਅਪ੍ਰੈਲ ਦੀ ਸਵੇਰ ਨੂੰ, ਘਰ ਛੱਡਣ ਤੋਂ ਪਹਿਲਾਂ, ਮੈਂ ਆਪਣੀ ਕਾਰ ਸਮਰਪਿਤ ਕਰ ਰਿਹਾ ਸੀ (ਮੈਨੂੰ 33 ਮਾਡਲ ਦੀ ਕਾਰ ਮਿਲੀ, ਅਤੇ ਮੈਂ ਇਸਨੂੰ ਪ੍ਰਭੂ ਦੀ ਸੇਵਾ ਲਈ ਸਮਰਪਿਤ ਕਰ ਰਿਹਾ ਸੀ।), ਅਤੇ ਇੱਕ ਦਰਸ਼ਣ ਵਿੱਚ, ਮੈਂ ਅੰਤ ਦਾ ਸਮਾਂ ਦੇਖਿਆ (ਹੁਣ ਧਿਆਨ ਦਿਓ ਕਿ ਇਹ ਕਿੰਨਾ ਹੈਰਾਨੀਜਨਕ ਹੈ, ਜਦੋਂ ਮੈਂ ਇੱਕ ਮੁੰਡਾ ਸੀ, ਅਤੇ ਤੁਸੀਂ ਕਲਪਨਾ ਕਰ ਸਕਦੇ ਹੋ ਕਿ 1933 ਮਾਡਲ ਦੀ ਕਾਰ ਕਿਹੋ ਜਿਹੀ ਦਿਖਾਈ ਦਿੰਦੀ ਸੀ, ਹੁਣ, ਇਹ ਕਿਹੋ ਜਿਹੀ ਦਿਖਾਈ ਦਿੰਦੀ ਹੈ।), ਅਤੇ ਮੈਂ ਉੱਥੇ ਮੇਸੋਨਿਕ ਮੰਦਰ ਗਿਆ, ਜਿੱਥੇ, ਤੁਹਾਡੇ ਵਿੱਚੋਂ ਕੁਝ ਪੁਰਾਣੇ-ਸਮੇਂ ਦੇ ਲੋਕਾਂ ਨੂੰ ਯਾਦ ਹੈ, ਇਹ ਘਰ ਵਿੱਚ ਪੁਰਾਣੇ ਕਾਗਜ਼ ਉੱਤੇ ਲਿਖਿਆ ਹੋਇਆ ਹੈ, ਇਹ ਪਹਿਲਾਂ ਹੀ ਪ੍ਰਿੰਟ ਵਿੱਚ ਹੈ ਅਤੇ ਦੁਨੀਆ ਭਰ ਵਿੱਚ ਬਾਹਰ ਗਿਆ ਹੈ, ਵੇਖੋ, ਇਹ 1933 ਵਿੱਚ ਸੀ, ਅਤੇ ਮੈਂ ਭਵਿੱਖਬਾਣੀ ਕੀਤੀ ਸੀ ਕਿ ਇੱਥੇ ਕੋਈ ਵੱਡੀ ਤ੍ਰਾਸਦੀ ਹੋਵੇਗੀ ਇਸ ਸੰਯੁਕਤ ਰਾਜ ਵਿੱਚ, 1977 ਜਾਂ, ਉਸ ਤੋਂ ਪਹਿਲਾਂ। ਕਿੰਨਿਆਂ ਨੂੰ ਯਾਦ ਹੈ ਕਿ ਮੈਂ ਇਹ ਕਿਹਾ ਸੀ? ਹੱਥਾਂ ਨੂੰ ਦੇਖੋ। ਯਕੀਨਨ।

201 ਹੁਣ ਦੇਖੋ, ਮੈਂ ਭਵਿੱਖਬਾਣੀ ਕੀਤੀ ਸੀ ਕਿ ਸੱਤ ਚੀਜ਼ਾਂ ਅਜੇ ਬਣ ਰਹੀਆਂ ਸਨ…ਇਸ ਤੋਂ ਪਹਿਲਾਂ ਕਿ ਇਹ ਮਹਾਨ ਸੰਪੂਰਨਤਾ ਜਾਂ ਮਹਾਨ ਚੀਜ਼ ਇੱਥੇ ਸੰਯੁਕਤ ਰਾਜ ਅਮਰੀਕਾ ਵਿੱਚ ਵਾਪਰੇ, ਕੋਈ ਵੱਡੀ ਭਿਆਨਕ ਚੀਜ਼।

ਮੈਂ ਕਿਹਾ, ਹੁਣ ਯਾਦ ਰੱਖੋ, ਇਹ ਸ਼ੁਰੂ ਹੋਣ ਤੋਂ ਪਹਿਲਾਂ ਹੈ, ਮੈਂ ਕਿਹਾ ਸੀ ਕਿ ਅਸੀਂ ਦੂਜੇ ਵਿਸ਼ਵ ਯੁੱਧ ਵਿੱਚ ਜਾਵਾਂਗੇ। ਕਿੰਨਿਆਂ ਨੂੰ ਮੈਨੂੰ ਇਹ ਕਹਿੰਦੇ ਸੁਣਨਾ ਯਾਦ ਹੈ? ਕਹੋ, "ਆਮੀਨ।" [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਠੀਕ ਹੈ। ਇੱਕ ਦੂਜਾ ਵਿਸ਼ਵ ਯੁੱਧ! ਮੈਂ ਕਿਹਾ, "ਰਾਸ਼ਟਰਪਤੀ ਜੋ ਹੁਣ ਹੈ…" ਮੈਂ ਇਸਨੂੰ ਪੁਰਾਣੇ ਗ੍ਰੰਥ ਵਿੱਚੋਂ ਨਕਲ ਕੀਤਾ, ਫਿਰ ਵੀ, ਕੱਲ੍ਹ ਦੀ ਪੁਰਾਣੀ ਗੱਲ, ਕਿ, "ਰਾਸ਼ਟਰਪਤੀ ਜੋ ਸਾਡੇ ਕੋਲ ਹੁਣ ਹੈ," ਜੋ ਸੀ…ਕਿੰਨੇਆਂ ਨੂੰ ਯਾਦ ਹੈ ਕਿ ਇਹ ਕੌਣ ਸੀ? [ਇੱਕ ਭਾਈ ਕਹਿੰਦਾ ਹੈ, "ਫਰੈਂਕਲਿਨ ਰੂਜ਼ਵੈਲਟ।"] ਫਰੈਂਕਲਿਨ ਡੀ. ਰੂਜ਼ਵੈਲਟ। ਮੈਂ ਕਿਹਾ, "ਸਾਡੇ ਕੋਲ ਹੁਣ ਜੋ ਰਾਸ਼ਟਰਪਤੀ ਹੈ, ਉਹ ਚੌਥੇ ਕਾਰਜਕਾਲ ਵਿੱਚ ਵੀ ਚੱਲੇਗਾ," ਉਹ ਉਸ ਸਮੇਂ ਪਹਿਲੀ ਵਾਰ ਸੀ, "ਚੌਥੇ ਕਾਰਜਕਾਲ ਵਿੱਚ ਚੱਲੇਗਾ, ਅਤੇ ਸਾਨੂੰ ਦੂਜੇ ਵਿਸ਼ਵ ਯੁੱਧ ਵਿੱਚ ਲਿਜਾਇਆ ਜਾਵੇਗਾ।"

202 ਮੈਂ ਕਿਹਾ, "ਉਹ ਤਾਨਾਸ਼ਾਹ ਜੋ ਹੁਣ ਇਟਲੀ ਵਿੱਚ ਪੈਦਾ ਹੋ ਰਿਹਾ ਹੈ, ਜੋ ਮੁਸੋਲਿਨੀ ਹੈ, ਉਹ ਸੱਤਾ ਵਿੱਚ ਆਵੇਗਾ। ਅਤੇ ਉਹ ਇਥੋਪੀਆ ਨੂੰ ਜਾਵੇਗਾ,

ਅਤੇ ਇਥੋਪੀਆ ਉਸ ਦੇ ਕਦਮਾਂ ਉੱਤੇ ਡਿੱਗੇਗਾ।" ਇੱਥੇ ਹੁਣ ਲੋਕ ਬੈਠੇ ਹੋਏ ਹਨ ਜੋ ਜਾਣਦੇ ਹਨ, ਕਿ ਇੱਥੇ ਲੋਕਾਂ ਦਾ ਇੱਕ ਸਮੂਹ ਆਆਇਆ ਅਤੇ ਖੜ੍ਹਾ ਹੋ ਗਿਆ, ਜਦੋਂ ਮੈਂ ਉਸ ਰਾਤ ਰੈੱਡਮੈਨ ਹਾਲ ਵਿੱਚ ਆਪਣੀ ਮੀਟਿੰਗ ਕਰ ਰਿਹਾ ਸੀ, ਜਦੋਂ ਮੈਨੂੰ ਪ੍ਰਚਾਰ ਕਰਨ ਲਈ ਉੱਥੇ ਜਾਣਾ ਪਿਆ, ਰੈੱਡਮੈਨ ਦਾ ਹਾਲ, ਅਤੇ ਅਜਿਹੀ ਗੱਲ ਕਹਿਣ ਤੇ ਮੈਨੂੰ ਹਾਲ ਤੋਂ ਬਾਹਰ ਸੁੱਟਣ ਜਾ ਰਿਹਾ ਸੀ। [ਭੈਣ ਵਿਲਸਨ ਕਹਿੰਦੀ ਹੈ, "ਆਮੀਨ। ਇਹ ਠੀਕ ਹੈ।"—ਸੰਪਾ.] ਹਾਂ। ਹਾਂ। ਸ਼੍ਰੀਮਤੀ ਵਿਲਸਨ, ਮੈਨੂੰ ਪਤਾ ਹੈ ਕਿ ਤੁਸੀਂ ਹੋ…ਇਹ ਠੀਕ ਹੈ। ਜਦੋਂ ਮੈਂ ਕਿਹਾ…ਪਰ ਕੀ ਉਸਨੇ ਅਜਿਹਾ ਕੀਤਾ? "ਪਰ," ਮੈਂ ਕਿਹਾ, "ਉਸ ਦਾ ਅੰਤ ਸ਼ਰਮਨਾਕ ਹੋਵੇਗਾ," ਅਤੇ ਉਸ ਦਾ ਹੋਇਆ। ਉਹ ਅਤੇ ਜਿਸ ਔਰਤ ਨਾਲ ਉਹ ਚੋਣ ਲੜਦਾ ਸੀ, ਨੂੰ ਉਲਟਾ ਕਰ ਦਿੱਤਾ ਗਿਆ ਸੀ ਅਤੇ ਗਲੀ ਵਿੱਚ ਇੱਕ ਰੱਸੀ ਉੱਤੇ ਲਟਕਾਇਆ ਗਿਆ ਸੀ, ਉਨ੍ਹਾਂ ਦੇ ਪੈਰਾਂ ਨੂੰ ਉੱਪਰ ਕਰਕੇ, ਉਨ੍ਹਾਂ ਦੇ ਕੱਪੜੇ ਹੇਠਾਂ ਲਟਕ ਰਹੇ ਸਨ। ਠੀਕ ਹੈ, ਇਹ ਪੂਰਾ ਹੋਇਆ ਸੀ।

203 ਅਤੇ ਫਿਰ ਮੈਂ ਕਿਹਾ, "ਔਰਤਾਂ ਨੂੰ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਜੋ ਕਿ ਪੂਰੀ ਤਰ੍ਹਾਂ ਨਾਲ ਦੇਸ਼ ਦਾ ਅਪਮਾਨ ਹੈ। ਅਤੇ, ਵੋਟਿੰਗ ਵਿੱਚ, ਕਿਸੇ ਦਿਨ ਉਹ ਗਲਤ ਆਦਮੀ ਨੂੰ ਚੁਣਨਗੇ।" ਅਤੇ ਉਨ੍ਹਾਂ ਨੇ ਇਹ ਪਿਛਲੀਆਂ ਚੋਣਾਂ ਵਿੱਚ ਕੀਤਾ ਸੀ। ਮੇਰੇ, ਮੇਰੇ! ਚਾਰ…(ਮੈਂ ਕਿਹਾ, "ਵਿਗਿਆਨ ਇਸ ਤਰ੍ਹਾਂ ਅੱਗੇ ਵਧੇਗਾ…") ਨਹੀਂ, ਇੱਥੇ, ਇਹ ਤੀਜਾ ਹੈ। ਮੈਨੂੰ ਮਾਫ ਕਰਨਾ।

204 ਇੱਥੇ ਹੈ ਅਗਲਾ, ਉਥੇ, ਚੌਥਾ ਹੈ। ਮੈਂ ਕਿਹਾ, "ਸਾਡੀ ਜੰਗ ਜਰਮਨੀ ਨਾਲ ਹੋਵੇਗੀ, ਅਤੇ ਉਹ ਇੱਕ ਬਹੁਤ ਵੱਡਾ ਕੰਕਰੀਟ ਸਥਾਨ ਬਣਾਉਣਗੇ ਅਤੇ ਉੱਥੇ ਆਪਣੇ ਆਪ ਨੂੰ ਮਜ਼ਬੂਤ ਕਰ ਲੈਣਗੇ, ਅਤੇ ਅਮਰੀਕਨ ਇੱਕ ਭਿਆਨਕ ਮਾਰ ਖਾਣਗੇ।" ਸਰਬਸ਼ਕਤੀਮਾਨ ਪਰਮੇਸ਼ੁਰ ਜਾਣਦਾ ਹੈ, ਕਿ ਮੈਂ ਹੁਣ ਕਿਸ ਦੇ ਅੱਗੇ ਖੜ੍ਹਾ ਹਾਂ, ਮੈਂ ਉਨ੍ਹਾਂ ਸੁਤੰਤਰ ਨਾਜ਼ੀਆਂ ਨੂੰ ਅਮਰੀਕੀਆਂ ਤੇ ਇਸ ਤਰ੍ਹਾਂ ਲੱਤ ਮਾਰਦੇ ਵੇਖਿਆ ਹੈ, ਅਤੇ ਚੀਜ਼ਾਂ, ਉਸ ਕੰਧ ਤੇ। ਅਤੇ ਹੁਣ ਇੱਥੇ ਬਹੁਤ ਸਾਰੇ ਮੁੰਡੇ ਖੜੇ ਹਨ ਜੋ ਉਸ ਸੀਗਫ੍ਰਾਈਡ ਲਾਈਨ ਤੇ ਸੀ, ਉਹ ਜਾਣਦੇ ਹਨ ਕਿ ਇਹ ਕੀ ਸੀ। ਅਤੇ ਯਾਦ ਰੱਖੋ, ਇਹ ਸੀਗਫ੍ਰਾਈਡ ਲਾਈਨ ਦੇ ਬਣਨ ਤੋਂ ਗਿਆਰਾਂ ਸਾਲ ਪਹਿਲਾਂ ਸੀ। ਕੀ ਪਰਮੇਸ਼ੁਰ ਸੱਚਾ ਹੈ? ਕੀ ਉਹ ਅਜੇ ਵੀ ਵਾਪਰਨ ਵਾਲੀਆਂ ਚੀਜ਼ਾਂ ਬਾਰੇ ਭਵਿੱਖਬਾਣੀ ਕਰਦਾ ਹੈ? ਦੇਖੋ। ਇਹ ਹੈ, ਇਹ ਚੌਥਾ ਸੀ।

205 ਹੁਣ ਪੰਜਵੀਂ ਗੱਲ। "ਵਿਗਿਆਨ ਇਸ ਤਰ੍ਹਾਂ ਅੱਗੇ ਵਧੇਗਾ ਜਦੋਂ ਤੱਕ ਉਹ ਅਜਿਹੀ ਕਾਰ ਨਹੀਂ ਬਣਾ ਲਵੇਗਾ ਜਿਸ ਨੂੰ ਸਟੀਅਰਿੰਗ ਵ੍ਹੀਲ ਤੋਂ ਸੇਧ ਨਹੀਂ ਲੈਣੀ ਪਵੇਗੀ। ਅਤੇ ਕਾਰਾਂ ਦੀ ਸ਼ਕਲ ਅੰਡੇ ਦੀ ਤਰ੍ਹਾਂ ਬਣਾਈ ਜਾਵੇਗੀ,

ਸਮਾਪਤੀ ਤਕ, ਅੰਤ ਦੇ ਸਮੇਂ ਤੱਕ। ਮੈਂ ਅਮਰੀਕਨ ਪਰਿਵਾਰ ਨੂੰ ਸੜਕ ਤੇ ਜਾਂਦੇ ਦੇਖਿਆ, ਇੱਕ ਚੋੜੇ ਰਸਤੇ ਤੇ, ਇੱਕ ਕਾਰ ਦੀ ਸਵਾਰੀ ਕਰਦੇ ਹੋਏ ਅਤੇ ਉਨਾਂ ਦੇ ਉਸ ਪਾਸੇ ਪਿੱਠ ਸੀ ਜਿਸ ਪਾਸੇ ਸਟੀਅਰਿੰਗ ਵ੍ਹੀਲ ਹੋਣਾ ਚਾਹੀਦਾ ਹੈ, ਇੰਝ ਲੱਗਦਾ ਸੀ ਜਿਵੇਂ ਉਹ ਚੈਕਰ ਜਾਂ ਤਾਸ਼ ਖੇਡ ਰਹੇ ਸਨ।" ਅਤੇ ਸਾਡੇ ਕੋਲ ਇਹ ਹੈ। ਇਹ ਟੈਲੀਵਿਜ਼ਨ ਤੇ ਹੈ। *ਪ੍ਰਸਿੱਧ ਵਿਗਿਆਨ, ਮਕੈਨਿਕਸ,* ਸਗੋਂ, ਸਭ ਕੋਲ ਇਹ ਹੈ। ਸਾਡੇ ਕੋਲ ਇਹ ਕਾਰ ਹੈ। ਇਹ ਇੱਕ ਰਿਮੋਟ ਕੰਟਰੋਲ ਦੁਆਰਾ ਨਿਯੰਤਰਿਤ ਹੈ, ਰਾਡਾਰ ਦੁਆਰਾ—ਦੁਆਰਾ। ਉਨ੍ਹਾਂ ਨੂੰ ਇਸ ਵਿੱਚ ਕੋਈ ਸਟੀਅਰਿੰਗ ਵੀਲ ਵੀ ਨਹੀਂ ਲਗਾਉਣਾ ਹੋਵੇਗਾ। ਬਸ ਆਪਣਾ ਡਾਇਲ ਇਸ ਤਰ੍ਹਾਂ ਸੈੱਟ ਕਰੋ, ਜਿਵੇਂ ਤੁਸੀਂ ਆਪਣਾ ਫ਼ੋਨ ਡਾਇਲ ਕਰਦੇ ਹੋ, ਅਤੇ ਤੁਹਾਡੀ ਕਾਰ ਤੁਹਾਨੂੰ ਇਸ ਤੇ ਲੈ ਜਾਂਦੀ ਹੈ; ਟਕਰਾਅ ਨਹੀਂ ਸਕਦੇ, ਨਾ ਹੀ ਕੁਝ ਹੋਵੇਗਾ, ਕੋਈ ਹੋਰ ਕਾਰਾਂ ਨਹੀਂ। ਚੁੰਬਕ ਬਾਕੀ ਸਭ ਕਾਰਾਂ ਨੂੰ ਤੁਹਾਡੇ ਤੋਂ ਦੂਰ ਰੱਖਦਾ ਹੈ। ਸਮਝੇ? ਉਹਨਾਂ ਕੋਲ ਇਹ ਹੈ। ਔਹ, ਮੇਰੇ! ਇਸ ਬਾਰੇ ਸੋਚੋ। ਇਹ ਵਾਪਰਨ ਤੋਂ ਤੀਹ ਸਾਲ ਪਹਿਲਾਂ ਭਵਿੱਖਬਾਣੀ ਕੀਤੀ ਸੀ!

206 ਹੁਣ, ਇਹ ਸਾਨੂੰ ਰਾਸ਼ਟਰਪਤੀ ਕੈਨੇਡੀ ਦੀ ਚੋਣ ਵੱਲ ਲੈ ਜਾਂਦਾ ਹੈ।

ਅਤੇ ਇਹ ਕਾਰ ਦ੍ਰਿਸ਼ ਤੇ—ਤੇ ਆ ਰਹੀ ਹੈ, (ਸੱਤਾਂ ਵਿੱਚੋਂ) ਪੰਜ ਚੀਜ਼ਾਂ ਨੂੰ ਪੂਰਾ ਕਰਦਾ ਹੈ ਜੋ ਬਿਲਕੁਲ ਉਸੇ ਤਰ੍ਹਾਂ ਵਾਪਰੀਆਂ ਹਨ।

207 ਹੁਣ, ਮੈਂ ਭਵਿੱਖਬਾਣੀ ਕੀਤੀ ਹੈ, ਅਤੇ ਕਿਹਾ ਹੈ, "ਮੈਂ ਇੱਕ ਮਹਾਨ ਔਰਤ ਨੂੰ ਖੜ੍ਹੀ ਹੋਈ ਵੇਖਦਾ ਹਾਂ, ਸੁੰਦਰ ਦਿੱਖਣ ਵਾਲੀ, ਜਾਮਨੀ ਜਿਹੇ ਸ਼ਾਹੀ-ਕੱਪੜੇ ਪਹਿਨੇ ਹੋਏ।" ਅਤੇ ਮੈਂ ਉੱਥੇ ਛੋਟੀ ਜਿਹੀ ਬਰੈਕਟ ਪਾਈ ਹੋਈ ਹੈ, "(ਉਹ ਸੰਯੁਕਤ ਰਾਜ ਵਿੱਚ ਇੱਕ ਮਹਾਨ ਸ਼ਾਸਕ ਸੀ; ਸ਼ਾਇਦ ਕੈਥੋਲਿਕ ਚਰਚ।)" ਇੱਕ ਔਰਤ, ਕੋਈ ਔਰਤ; ਮੈਨੂੰ ਨਹੀਂ ਪਤਾ ਕਿ ਇਹ ਕੈਥੋਲਿਕ ਕਲੀਸਿਯਾ ਹੋਵੇਗੀ। ਮੈਨੂੰ ਨਹੀਂ ਪਤਾ। ਮੈਂ ਨਹੀਂ ਕਹਿ ਸਕਦਾ। ਮੈਂ ਸਿਰਫ ਇਕ ਚੀਜ਼ ਦੇਖੀ, ਮੈਂ ਔਰਤ ਨੂੰ ਦੇਖਿਆ, ਇਹੀ ਸਭ ਕੁਝ ਸੀ।

208 ਪਰ ਇਹ ਔਰਤ ਦਾ ਦੇਸ਼ ਹੈ। ਇਹ ਕੌਮ ਭਵਿੱਖਬਾਣੀ ਵਿੱਚ, ਤੇਰ੍ਹਵੇਂ ਨੰਬਰ ਤੇ ਹੈ। ਉਸ ਤੇ ਤੇਰ੍ਹਾਂ ਧਾਰੀਆਂ, ਤੇਰ੍ਹਾਂ ਤਾਰੇ ਹਨ। ਉਸਨੇ ਤੇਰਾਂ ਕਲੋਨੀਆਂ ਸ਼ੁਰੂ ਕੀਤੀਆਂ। ਤੇਰ੍ਹਾਂ, ਤੇਰ੍ਹਾਂ, ਸਭ ਕੁਝ ਤੇਰ੍ਹਾਂ ਹੈ। ਪਰਕਾਸ਼ ਦੀ ਪੋਥੀ ਦੇ 13ਵੇਂ ਅਧਿਆਇ ਵਿੱਚ ਵੀ, ਪ੍ਰਗਟ ਹੁੰਦਾ ਹੈ। ਉਹ ਤੇਰਾਂ ਹੈ। ਅਤੇ ਉਹ ਇੱਕ ਔਰਤ ਰਾਸ਼ਟਰ ਹੈ।

209 ਅਮਰੀਕਾ ਦੀਆਂ ਤਲਾਕ ਅਦਾਲਤਾਂ, ਬਾਕੀ ਸਾਰੇ ਦੇਸ਼ਾਂ ਨਾਲੋਂ, ਸਾਡੀਆਂ ਔਰਤਾਂ ਦੁਆਰਾ, ਵਧੇਰੇ ਤਲਾਕ ਪੈਦਾ ਕਰਦੀਆਂ ਹਨ। ਸਾਡੇ ਦੇਸ਼ ਵਿੱਚ ਨੈਤਿਕਤਾ ਘੱਟ ਹੈ, ਅਤੇ ਤਲਾਕ, ਇਹ ਫਰਾਂਸ ਜਾਂ ਇਟਲੀ ਨਾਲੋਂ, ਜਿੱਥੇ

ਵੇਸ਼ਵਾਗਿਰੀ ਗਲੀ ਗਲੀ ਵਿੱਚ ਹੈ। ਇਸ ਲਈ, ਪਰ ਉਹ ਵੇਸਵਾ ਹਨ; ਸਾਡੀਆਂ ਵਿਆਹੀਆਂ ਔਰਤਾਂ ਕਈ ਮਰਦਾਂ ਨਾਲ ਰਹਿਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਅਤੇ ਕਈ ਵਿਆਹੇ ਮਰਦ ਦੂਜੀਆਂ ਔਰਤਾਂ ਨਾਲ ਰਹਿਣ ਦੀ ਕੋਸ਼ਿਸ਼ ਕਰ ਰਹੇ ਹਨ।

210 ਉਨ੍ਹਾਂ ਦੇਸ਼ਾਂ ਵਿੱਚ ਜਿੱਥੇ ਉਨ੍ਹਾਂ ਕੋਲ ਬਹੁ-ਵਿਆਹ ਹੈ, ਇਹ ਹਜ਼ਾਰ ਗੁਣਾ ਬਿਹਤਰ ਹੈ। ਅਤੇ, ਫਿਰ ਵੀ, ਬਹੁ-ਵਿਆਹ ਗਲਤ ਹੈ, ਅਸੀਂ ਜਾਣਦੇ ਹਾਂ। ਪਰ, ਬਸ ਇਹ ਦਿਖਾਉਂਦਾ ਹੈ ਕਿ ਅਸੀਂ ਕਿੰਨੇ ਨੀਚ ਹਾਂ।

211 ਮੇਰੇ ਕੋਲ ਅਖਬਾਰ ਵਿੱਚੋਂ ਇੱਕ ਟੁਕੜਾ ਹੈ, ਜਿਸ ਵਿੱਚ ਦਿਖਾਇਆ ਗਿਆ ਸੀ ਕਿ ਜਦੋਂ ਸਾਡੇ ਅਮਰੀਕੀ ਮੁੰਡੇ ਵਿਦੇਸ਼ ਗਏ ਸਨ, ਇਸ ਆਖਰੀ ਯੁੱਧ ਵਿੱਚ, ਉਸ ਤੋਂ ਵੱਧ, ਮੇਰਾ ਮੰਨਣਾ ਹੈ, ਇਹ ਲਗਭਗ ਸੱਤਰ ਪ੍ਰਤੀਸ਼ਤ ਸੀ…ਕਿਉਂ, ਹੁਣ, ਇੱਕ ਮਿੰਟ ਇੰਤਜ਼ਾਰ ਕਰੋ, ਮੇਰਾ ਮੰਨਣਾ ਹੈ ਕਿ ਇਹ ਚਾਰ ਵਿੱਚੋਂ ਤਿੰਨ ਸਨ ਜੋ ਵਿਦੇਸ਼ ਗਏ ਸਨ, ਵਾਪਸ ਆਉਣ ਤੋਂ ਪਹਿਲਾਂ ਉਨ੍ਹਾਂ ਦੀ ਪਤਨੀ ਨੇ ਤਲਾਕ ਲੈ ਲਿਆ ਸੀ। ਅਤੇ ਇਸਦੀ ਮਹਾਨ ਵੱਡੀ ਮੁੱਖ ਖਬਰ ਕਹਿੰਦੀ ਹੈ, "ਸਾਡੇ ਅਮਰੀਕੀ ਲੋਕਾਂ ਦੇ ਨੈਤਿਕਤਾ ਨੂੰ ਕੀ ਹੋ ਗਿਆ ਹੈ?" ਕੀ ਤੁਹਾਨੂੰ ਇਸ ਨੂੰ ਦੇਖਣਾ ਯਾਦ ਹੈ? ਤੁਸੀਂ ਸਾਰਿਆਂ ਨੇ ਵੇਖਿਆ ਸੀ, ਮੇਰਾ ਅੰਦਾਜ਼ਾ ਹੈ। "ਸਾਡੀਆਂ ਅਮਰੀਕੀ ਔਰਤਾਂ ਦੀ ਨੈਤਿਕਤਾ ਨੂੰ ਕੀ ਹੋ ਗਿਆ ਹੈ?" ਕਾਰਖਾਨਿਆਂ ਵਿੱਚ, ਦੂਜੇ ਆਦਮੀਆਂ ਨਾਲ ਕੰਮ ਕਰਦੇ ਹੋਏ। ਇਹ ਔਰਤਾਂ ਦਾ ਦੇਸ਼ ਹੈ। ਉਹ ਕੀ ਲੈਣ ਜਾ ਰਹੀ ਹੈ? ਇੱਕ ਔਰਤ ਦੇਵਤਾ, ਜਾਂ ਇੱਕ ਦੇਵੀ।

212 ਹੁਣ, ਉਸ ਤੋਂ ਬਾਅਦ, ਮੈਂ ਮੁੜ ਕੇ ਦੇਖਿਆ। ਅਤੇ ਮੈਂ ਇਸ ਸੰਯੁਕਤ ਰਾਜ ਨੂੰ ਸੁਲਗਦਾ ਹੋਇਆ ਦੇਖਿਆ, ਚੱਟਾਨਾਂ ਨੂੰ ਉਡਾ ਦਿੱਤਾ ਗਿਆ ਸੀ। ਅਤੇ ਇਹ ਇਸ ਤਰ੍ਹਾਂ ਬਲ ਰਿਹਾ ਸੀ ਜਿਵੇਂ ਬਾਲਿਆਂ ਵਿੱਚ ਇੱਕ—ਇੱਕ ਅੱਗ ਦਾ ਢੇਰ, ਜਾਂ ਕੋਈ ਚੀਜ਼ ਜਿਸ ਨੇ ਇਸਨੂੰ ਅੱਗ ਲਗਾ ਦਿੱਤੀ ਹੈ। ਅਤੇ ਜਿੱਥੋਂ ਤੱਕ ਮੈਂ ਦੇਖ ਸਕਦਾ ਸੀ ਦੇਖਿਆ, ਅਤੇ ਉਹ ਉਡਾ ਦਿੱਤੀ ਗਈ ਸੀ। ਅਤੇ ਫਿਰ ਦਰਸ਼ਨ ਨੇ ਮੇਰੇ ਤੋਂ ਚਲਾ ਗਿਆ। ਪੰਜ ਵਿੱਚੋਂ ਤਿੰਨ ਹੋ ਚੁੱਕੇ ਹਨ…ਸਗੋਂ, ਸੱਤ ਵਿੱਚੋਂ ਪੰਜ, ਹੋ ਗਏ ਹਨ।

213 ਅਤੇ ਇੱਥੇ ਆਉਂਦਾ ਹੈ ਅਤੇ ਵਿਖਾਉਂਦਾ ਹੈ। ਅਤੇ ਫਿਰ ਮੈਂ ਭਵਿੱਖਬਾਣੀ ਕੀਤੀ। ਮੈਂ ਕਦੇ ਨਹੀਂ ਕਿਹਾ ਕਿ ਪ੍ਰਭੂ ਨੇ ਮੈਨੂੰ ਇਹ ਦੱਸਿਆ ਹੈ, ਪਰ, ਉਸ ਸਵੇਰ ਨੂੰ ਕਲੀਸਿਯਾ ਵਿੱਚ ਖੜ੍ਹੇ ਹੋ ਕੇ, ਮੈਂ ਕਿਹਾ, "ਤਰੱਕੀ ਦਾ ਰਾਹ…" ਮੈਂ ਉਨ੍ਹਾਂ ਦੀ ਕੰਧ ਦੇ ਇੱਕ ਸਿਰੇ ਤੇ ਵਾਪਸ ਆ ਗਿਆ, ਅਤੇ ਕੰਧ ਦੇ ਦੂਜੇ ਸਿਰੇ ਵੱਲ ਭੱਜਿਆ। ਮੈਂ ਕਿਹਾ, "ਜਿਸ ਤਰ੍ਹਾਂ ਤਰੱਕੀ ਹੋ ਰਹੀ ਹੈ, ਮੈਂ ਉਸ ਸਮੇਂ ਦੀ

ਭਵਿੱਖਬਾਣੀ ਕਰਾਂਗਾ...ਮੈਨੂੰ ਨਹੀਂ ਪਤਾ ਕਿ ਮੈਂ ਇਹ ਕਿਉਂ ਕਹਿ ਰਿਹਾ ਹਾਂ। ਪਰ ਮੈਂ ਭਵਿੱਖਬਾਣੀ ਕਰਦਾ ਹਾਂ ਕਿ ਇਹ ਸਭ ਕੁਝ ਹੁਣੇ, 1933 ਅਤੇ 1977 ਦੇ ਵਿਚਕਾਰ ਹੋਵੇਗਾ।"

ਤੇ ਇਹ ਨਾ ਜਾਣਦੇ ਹੋਏ, ਪਰਮੇਸ਼ੁਰ ਮੇਰੇ ਦਿਲ ਨੂੰ ਜਾਣਦਾ ਹੈ, ਮੈਂ ਇਸ ਨੂੰ ਕੱਲ੍ਹ ਤੱਕ ਇਹ ਨਹੀਂ ਜਾਣਦਾ ਸੀ, ਕਿ 1977 ਜੁਬਲੀ ਹੈ, ਅਤੇ ਬਿਲਕੁਲ ਉਨਾਂ ਹੀ ਸਮਾਂ ਖਤਮ ਹੋ ਜਾਂਦਾ ਹੈ ਜੋ ਜਿਨਾਂ ਉਸ ਨੇ ਇਸਰਾਏਲ ਨੂੰ ਦਿੱਤਾ ਸੀ, ਅਤੇ ਸਭ ਕੁਝ ਅੰਤ ਵਿੱਚ ਹੈ। ਇਸ ਲਈ ਅਸੀਂ ਇੱਥੇ ਹਾਂ...ਅਤੇ ਇੱਥੇ ਅਸੀਂ ਯੁੱਗ ਦੇ ਅੰਤ ਵਿੱਚ ਹਾਂ, ਸੱਤਰਵੇਂ ਹਫ਼ਤੇ ਵਿੱਚ ਆਉਣ ਵਾਲੇ ਸਮੇਂ ਵਿੱਚ। ਸਾਨੂੰ ਨਹੀਂ ਪਤਾ ਕਿ ਕਲੀਸਿਯਾ ਕਦੋਂ ਚਲੀ ਜਾਵੇਗੀ। ਓਹ, ਮੇਰੇ! ਅਸੀਂ ਕੀ ਕਰ ਸਕਦੇ ਹਾਂ, ਦੋਸਤੋ? ਅਸੀਂ ਕਿੱਥੇ ਹਾਂ?

214 ਕੀ ਤੁਸੀਂ ਦੇਖਦੇ ਹੋ ਕਿ ਅਸੀਂ ਹੁਣ ਕੀ ਹਾਂ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਕੀ ਤੁਸੀਂ ਹੁਣ ਦਾਨੀਏਲ ਦੇ ਸੱਤਰਵੇਂ ਹਫ਼ਤੇ ਨੂੰ ਸਮਝਦੇ ਹੋ? ["ਆਮੀਨ।"]

ਦੇਖੋ, ਹੁਣ, ਜਦੋਂ ਅਸੀਂ ਇਹਨਾਂ ਮੋਹਰਾਂ ਅਤੇ ਚੀਜ਼ਾਂ ਵਿੱਚ ਜਾਂਦੇ ਹਾਂ, ਇਹਨਾਂ ਮੋਹਰਾਂ ਨੂੰ ਤੋੜਦੇ ਹਾਂ। ਪਹਿਲਾ ਨਿਕਲਦਾ ਹੈ, ਇੱਕ ਚਿੱਟੇ ਘੋੜੇ ਦਾ ਸਵਾਰ, ਅਤੇ ਉਸਦੇ ਹੱਥ ਵਿੱਚ ਕਮਾਨ ਹੈ। ਦੇਖੋ ਉਹ ਬੰਦਾ ਕੌਣ ਹੈ। ਉਸ ਦੇ ਪਿੱਛੇ ਉਸ ਪੀਲੇ ਘੋੜੇ ਦੀ ਸਵਾਰੀ ਨੂੰ ਦੇਖੋ। ਸਮਝੇ? ਦੇਖੋ ਕਿ ਇਹ ਕੌਣ ਹੈ, ਅਤੇ ਦੇਖੋ ਕਿ ਉਹ ਕਿਵੇਂ ਆਉਂਦੇ ਹਨ। ਦੇਖੋ ਉਹ ਲੱਖ ਚੌਤਾਲੀ ਹਜ਼ਾਰ ਅੰਦਰ ਆਉਂਦੇ ਹਨ। ਉਸ ਸੁੱਤੀ ਹੋਈ ਕੁਆਰੀ ਨੂੰ ਦੇਖੋ ਜਦੋਂ ਉਹ ਉੱਪਰ ਆਉਂਦੀ ਹੈ। ਫਿਰ ਇਹ ਸਭ ਕੁਝ ਵਾਪਰਦਾ ਹੋਇਆ ਵੇਖੋ: ਕਟੋਰਿਆਂ ਵਿੱਚੋਂ ਡੋਲ੍ਹਣਾ, ਬਿਪਤਾਵਾਂ, ਡੱਡੂਆਂ ਵਰਗੇ ਤਿੰਨ ਭਰਿਸ਼ਟ ਆਤਮੇ। ਉਹਨਾਂ ਚੀਜ਼ਾਂ ਨੂੰ ਦੇਖੋ ਕਿ ਉਹ ਉਹਨਾਂ ਬਿਪਤਾਵਾਂ ਵਿੱਚ ਕਿਵੇਂ ਠੀਕ ਬੈਠਦੀਆਂ ਹਨ, ਬਿਲਕੁਲ ਜਦੋਂ ਉਹਨਾਂ ਨੂੰ ਡੋਲ੍ਹਿਆ ਜਾਂਦਾ ਹੈ। ਹਰ ਵਾਰ ਜਦੋਂ ਇੱਕ ਮੋਹਰ ਖੁੱਲ੍ਹਦੀ ਹੈ, ਇੱਕ ਬਿਮਾਰੀ ਬਾਹਰ ਆਉਂਦੀ ਹੈ, ਅਤੇ ਇੱਕ ਤਬਾਹੀ ਆਉਂਦੀ ਹੈ। ਅਤੇ ਦੇਖੋ ਕਿ ਇਸ ਸਮੇਂ ਅੰਤ ਵਿੱਚ ਕੀ ਹੁੰਦਾ ਹੈ।

215 ਅਤੇ, ਓਹ, ਇਹਨਾਂ ਤਿੰਨਾਂ ਨਬੀਆਂ ਨੂੰ ਦੇਖੋ...ਜਾਂ ਇਹ ਦੋ ਨਬੀਆਂ ਨੂੰ, ਜਦੋਂ ਉਹ ਇੱਥੇ ਉਠਦੇ ਹਨ। ਅਤੇ ਹਫ਼ਤੇ ਦੇ ਮੱਧ ਵਿੱਚ, ਉਹ ਇਸ ਤਰ੍ਹਾਂ ਕੱਟੇ ਜਾਂਦੇ ਹਨ, ਅਤੇ ਫਿਰ ਹਰਮਗਦਉਣ ਦਾ ਯੁੱਧ ਸ਼ੁਰੂ ਹੁੰਦਾ ਹੈ। ਫਿਰ ਪਰਮੇਸ਼ੁਰ ਆਪ ਬੋਲਣਾ ਸ਼ੁਰੂ ਕਰਦਾ ਹੈ, ਫਿਰ ਉਹ ਖੜ੍ਹਾ ਹੋ ਕੇ ਲੜਨ ਲੱਗ ਪੈਂਦਾ ਹੈ। ਉਹ ਨਬੀ ਧਰਤੀ ਨੂੰ ਮਾਰ ਰਹੇ ਹਨ। ਉਹ ਯਿਸੂ ਮਸੀਹ ਦੇ ਨਾਮ ਦਾ ਪ੍ਰਚਾਰ ਕਰ ਰਹੇ ਹਨ। ਉਹ ਇਸੇ ਤਰ੍ਹਾਂ ਬਪਤਿਸਮਾ ਦੇ ਰਹੇ ਹਨ। ਉਹ ਉਹੀ ਕੰਮ

ਕਰ ਰਹੇ ਹਨ ਜੋ ਪਹਿਲੇ ਪੈਂਟੇਕੋਸਟਲ, ਪਿਤਾਵਾਂ ਨੇ ਕੀਤਾ ਸੀ, ਅਤੇ ਬਹੁਤ ਸਾਰੇ ਉਨ੍ਹਾਂ ਦਾ ਅਨੁਸਰਣ ਕਰ ਰਹੇ ਹਨ। ਪਰ ਉਹ ਜਿਸਨੇ ਸੰਘ ਬਣਾਇਆ, ਸੰਗਠਨ ਬਣਾਇਆ, ਬਿਲਕੁਲ ਹੇਠਾਂ ਚਲਿਆ ਗਿਆ, ਅਤੇ ਉਨ੍ਹਾਂ ਨਬੀਆਂ ਦੀ ਸ਼ਕਤੀ ਨੇ ਵੀ ਇਸ ਨੂੰ ਨਹੀਂ ਤੋੜਿਆ। ਅਤੇ ਅੰਤ ਵਿੱਚ ਉਨ੍ਹਾਂ ਨੇ ਕਿਹਾ, "ਅਸੀਂ ਇਸ ਨੂੰ ਇੱਕ ਸੰਗਠਨ ਬਣਾਵਾਂਗੇ।" ਅਤੇ ਉਹ (ਇਹ ਕੀ ਹੈ?) ਸਾਰੀ ਚੀਜ਼ ਨੂੰ ਫੈਲਾਉਣ ਲਈ ਘਿਣਾਉਣੀ, ਰੋਮਨਵਾਦ ਲਿਆਉਂਦਾ ਹੈ, ਜੋ ਬਰਬਾਦੀ ਕਰ ਦਿੰਦਾ ਹੈ। "ਘਿਣਾਉਣੀ ਚੀਜ਼ ਜੋ ਵਿਨਾਸ਼ ਕਰਦੀ ਹੈ," ਸਭ ਕੁਝ ਅੰਦਰ ਲੈ ਲੈਂਦੀ ਹੈ ਹੈ, "ਗੰਦਗੀ।"

216 ਯਾਦ ਰੱਖੋ, ਉਹ ਬੁੱਢੀ ਮਾਂ ਵੇਸਵਾ ਜੋ ਦਰਿੰਦੇ ਉੱਤੇ ਸਵਾਰ ਹੈ, ਲਾਲ ਕਿਰਮਚ ਜਿਹੇ ਕੱਪੜੇ ਪਹਿਨੇ, ਸੱਤ ਸਿਰ ਅਤੇ ਦਸ ਸਿੰਗ ਸਨ। ਤੁਹਾਨੂੰ ਉਹ ਯਾਦ ਹੈ? "ਅਤੇ ਉਸਦੇ ਹੱਥ ਵਿੱਚ ਉਸਦੀ ਘਿਣਾਉਣੀ ਗੰਦਗੀ ਦਾ ਪਿਆਲਾ ਸੀ।" ਇਹ ਉਸਦਾ ਸਿਧਾਂਤ ਸੀ ਜੋ ਉਸਨੇ ਲੋਕਾਂ ਨੂੰ ਦੱਸਿਆ। ਅਤੇ ਅਸੀਂ ਉੱਥੇ ਹਾਂ, ਮੇਰੇ ਭਰਾਵੋ। ਅਸੀਂ ਅੰਤ ਦੇ ਸਮੇਂ ਤੇ ਹਾਂ।

217 ਛੋਟੇ ਬੱਚਿਓ, ਅਸੀਂ ਨਹੀਂ ਜਾਣਦੇ ਹਾਂ, ਸ਼ਾਇਦ ਅਸੀਂ ਅੱਜ ਰਾਤ ਤੋਂ ਬਾਅਦ ਅਸੀਂ ਦੁਬਾਰਾ ਵਾਪਸ ਨਾ ਆ ਸਕੀਏ। ਅਸੀਂ ਇੱਕ ਦੂਜੇ ਨੂੰ ਦੁਬਾਰਾ ਦੇਖਣ ਲਈ ਜਿਉਂਦੇ ਨਾ ਰਹੀਏ। ਮੈਨੂੰ ਨਹੀਂ ਪਤਾ। ਪਰ, ਅੰਤ ਬਹੁਤ ਨੇੜੇ ਹੈ, ਅੰਤ ਬਹੁਤ ਨੇੜੇ ਹੈ। ਇੱਥੇ ਵਚਨ ਹੈ। ਇੱਥੇ ਬਿਲਕੁਲ, ਬਿਲਕੁਲ, ਲਿਖਤੀ ਸਬੂਤ ਹੈ।

218 ਹੁਣ, ਜੇ ਕੋਈ ਅਜਿਹੀ ਚੀਜ਼ ਹੈ ਜੋ ਤੁਸੀਂ ਨਹੀਂ ਸਮਝੀ, ਤਾਂ ਮੈਨੂੰ ਇੱਕ ਨੋਟ ਲਿਖੋ ਅਤੇ ਮੈਨੂੰ ਇਸ ਬਾਰੇ ਦੱਸੋ। ਸਮਝੇ? ਕੁੱਝ ਕਹੋ। ਤੁਹਾਡੇ ਵਿੱਚੋਂ ਕੁਝ ਭਾਈ ਜੋ ਟੇਪਾਂ ਤੇ ਹਨ, ਦੂਜੇ ਭਾਗਾਂ ਵਿੱਚ, ਜੇਕਰ ਕੋਈ ਚੀਜ਼ ਹੈ ਜੋ ਮੈਂ ਤੁਹਾਡੀ ਮਦਦ ਕਰ ਸਕਦਾ ਹਾਂ, ਤਾਂ ਮੈਨੂੰ ਦੱਸੋ। ਤੁਸੀਂ ਮੇਰੇ ਨਾਲ ਅਸਹਿਮਤ ਹੋ ਸਕਦੇ ਹੋ, ਅਤੇ ਮੈਂ ਤੁਹਾਡੀ ਸੰਸਥਾ ਨਾਲ ਅਸਹਿਮਤ ਹੋ ਸਕਦਾ ਹਾਂ; ਤੁਹਾਡੇ ਨਾਲ ਨਹੀਂ, ਪਰ ਤੁਹਾਡੀ ਸੰਸਥਾ ਦੀ ਪ੍ਰਣਾਲੀ ਨਾਲ। ਮੈਂ ਕੈਥੋਲਿਕ ਲੋਕਾਂ ਨਾਲ ਅਸਹਿਮਤ ਨਹੀਂ ਹਾਂ। ਮੈਂ ਇਹ ਨਹੀਂ ਕਹਿੰਦਾ ਕਿ ਮੈਂ ਕੈਥੋਲਿਕ ਲੋਕਾਂ ਨੂੰ ਪਸੰਦ ਨਹੀਂ ਕਰਦਾ, ਮੈਂ ਸੰਗਠਨ ਦੇ ਲੋਕਾਂ ਨੂੰ ਪਸੰਦ ਨਹੀਂ ਕਰਦਾ। ਇਹ ਅਜਿਹਾ ਨਹੀਂ ਹੈ। ਮੈਂ ਸਾਰੇ ਲੋਕਾਂ ਨੂੰ ਪਿਆਰ ਕਰਦਾ ਹਾਂ, ਪਰ ਮੈਂ ਉਸ ਪ੍ਰਣਾਲੀ ਨਾਲ ਅਸਹਿਮਤ ਹਾਂ ਜੋ ਤੁਹਾਨੂੰ ਬੰਨ੍ਹ ਕੇ ਰੱਖ ਰਿਹਾ ਹੈ। ਇਹ ਕੀ ਹੈ, ਇਸਦੀ ਪ੍ਰਣਾਲੀ। ਇਹ ਹੀ ਗੱਲ ਹੈ।

219 ਮੈਂ ਜਰਮਨੀ ਦੇ ਵਿਰੁੱਧ ਨਹੀਂ ਸੀ; ਇਹ ਨਾਜ਼ੀਵਾਦ ਸੀ। ਮੈਂ ਇਟਾਲੀਅਨਾਂ ਦੇ ਵਿਰੁੱਧ ਨਹੀਂ ਸੀ; ਇਹ ਫਾਸ਼ੀਵਾਦ ਦੇ ਵਿਰੁੱਧ ਸੀ। ਅਤੇ ਯਾਦ ਰੱਖੋ,

ਮੈਂ ਉਸ ਸਮੇਂ ਵਿੱਚ ਇੱਕ ਹੋਰ ਭਵਿੱਖਬਾਣੀ ਕੀਤੀ ਸੀ, ਸਿਰਫ ਇੱਕ ਭਵਿੱਖਬਾਣੀ, ਅਤੇ ਤੁਹਾਡੇ ਵਿੱਚੋਂ ਬਹੁਤ ਸਾਰੇ ਪੁਰਾਣੇ ਸਮੇਂ ਵਾਲੇ ਇਸਨੂੰ ਯਾਦ ਰੱਖਦੇ ਹਨ। ਮੈਂ ਕਿਹਾ, "ਅੱਜ ਦੁਨੀਆਂ ਵਿੱਚ ਤਿੰਨ ਮਹਾਨ ਧਰਮਾਂ ਨੇ ਆਪਣੀ ਪਕੜ ਬਣਾਉਣ ਦੀ ਕੋਸ਼ਿਸ਼ ਕੀਤੀ ਹੈ: ਫਾਸ਼ੀਵਾਦ, ਨਾਜ਼ੀਵਾਦ ਅਤੇ ਸਾਮਵਾਦ।" ਅਤੇ ਮੈਂ ਕੀ ਕਿਹਾ? ਉਹ ਸਾਰੇ ਕਮਿਊਨਿਜ਼ਮ ਵਿੱਚ ਰੱਲ ਕੇ ਖਤਮ ਹੋ ਜਾਣਗੇ।

220 ਫਿਰ ਮੈਂ ਤੁਹਾਨੂੰ ਸਾਰਿਆਂ ਨੂੰ ਇਸ ਨੂੰ ਦੁਹਰਾਉਣ ਲਈ ਕਿਹਾ ਸੀ, "ਆਪਣੀਆਂ ਨਜ਼ਰਾਂ ਰੂਸ ਤੇ ਰੱਖੋ।" ਯਾਦ ਹੈ? "ਆਪਣੀਆਂ ਨਜ਼ਰਾਂ ਰੂਸ ਤੇ ਰੱਖੋ। ਉਹ ਸਭ ਸਾਮਵਾਦ ਵਿੱਚ ਰੱਲ ਜਾਵੇਗਾ।"

ਅਤੇ ਫਿਰ ਇਹ ਸਭ ਖਤਮ ਹੋ ਜਾਵੇਗਾ, ਅੰਤ ਵਿੱਚ, ਕੈਥੋਲਿਕ ਧਰਮ ਵਿੱਚ। ਯਾਦ ਰੱਖੋ, ਇਹ ਸਭ ਅੰਤ ਦੇ ਸਮੇਂ ਵਿੱਚ ਕੈਥੋਲਿਕ ਧਰਮ ਵਿੱਚ ਰੱਲ ਜਾਵੇਗਾ। ਇਹ ਬਿਲਕੁਲ ਸਹੀ ਹੈ। ਇਹ ਹਰਮਗਦੋਨ ਦਾ ਯੁੱਧ ਹੈ, ਬਿਲਕੁੱਲ *ਇੱਥੇ* ਹੀ, ਜਦੋਂ ਮਸੀਹ ਆਉਂਦਾ ਹੈ, ਖੁਦ।

221 ਪਰ ਇਹ ਤਿੰਨ ਨਬੀ...ਇਹ ਸਾਢੇ ਤਿੰਨ ਸਾਲ, ਸਗੋਂ, ਇਹ ਪਰਕਾਸ਼ ਦੀ ਪੋਥੀ 11:3 ਹੈ, ਤੁਸੀਂ ਇਸਨੂੰ ਕਈ ਵਾਰ ਪੜ੍ਹਿਆ ਹੈ, "ਮੈਂ ਆਪਣੇ ਦੋ ਗਵਾਹਾਂ ਨੂੰ ਸ਼ਕਤੀ ਦਿੰਦਾ ਹਾਂ, ਅਤੇ ਉਹ ਇੱਕ ਹਜ਼ਾਰ ਦੋ ਸੌ ਸੱਠ ਦਿਨ ਭਵਿੱਖਬਾਣੀ ਕਰਨਗੇ।" ਇਹ ਕਿੰਨੇ ਹਨ, ਇੱਕ ਹਜ਼ਾਰ ਦੋ ਸੌ ਸੱਠ ਦਿਨ? ਸਾਢੇ ਤਿੰਨ ਸਾਲ। "ਅਤੇ ਫਿਰ ਉਹ ਗਲੀ ਵਿੱਚ ਮਾਰੇ ਜਾਣਗੇ," ਇਸ ਸੱਤਰਵੇਂ ਹਫ਼ਤੇ ਦੇ ਵਿਚਕਾਰ।

ਤਾਂ, ਤੁਸੀਂ ਦੇਖਦੇ ਹੋ ਕਿ ਦਾਨੀਏਲ ਦੇ ਸੱਤਰ ਹਫ਼ਤੇ ਕਿੱਥੇ ਹਨ? ਤੁਸੀਂ ਦੇਖਦੇ ਹੋ ਕਿ ਅਸੀਂ ਕਿੱਥੇ ਰਹਿ ਰਹੇ ਹਾਂ? ਅਸੀਂ ਅੰਤ ਵਿੱਚ ਹਾਂ, ਮੇਰੇ ਪਿਆਰੇ ਦੋਸਤੋ। ਅਸੀਂ ਅੰਤ ਵਿੱਚ ਹਾਂ। ਦਿਨ...

> ਰਾਸ਼ਟਰ ਟੁੱਟ ਰਹੇ ਹਨ, ਇਸਰਾਏਲ ਜਾਗ ਰਿਹਾ ਹੈ,
> ਉਹ ਚਿੰਨ੍ਹ ਜਿਨਾਂ ਬਾਰੇ ਨਬੀਆਂ ਨੇ ਭਵਿੱਖਬਾਣੀ ਕੀਤੀ
> ਸੀ; (ਅਸੀਂ ਏਥੇ ਹਾਂ।)
> ਪਰਾਈਆਂ ਕੌਮਾਂ ਦੇ ਦਿਨ ਬੀਤ ਗਏ ਹਨ, (*ਇੱਥੇ*।)
> ਹੱਲ ਵਾਹਿਆ ਗਿਆ ਹੈ;
> "ਹੇ ਖਿੰਡੇ ਹੋਇਓ, ਆਪਣਿਆਂ ਕੋਲ, ਵਾਪਸ ਆ ਜਾਓ।"

ਆਓ ਇਸਨੂੰ ਗਾਈਏ:

ਛੁਟਕਾਰੇ ਦਾ ਦਿਨ ਨੇੜੇ ਹੈ,
ਮਨੁੱਖਾਂ ਦੇ ਦਿਲ ਡਰ ਦੇ ਮਾਰੇ ਨਾਕਾਮ ਹੋ ਰਹੇ ਹਨ;
ਆਤਮਾ ਨਾਲ ਭਰੇ ਰਹੋ, ਆਪਣੇ ਦੀਵੇ ਦਰੁਸਤ ਅਤੇ ਸਾਫ ਰੱਖੋ,
ਉੱਪਰ ਦੇਖੋ! ਤੁਹਾਡਾ ਛੁਟਕਾਰਾ ਨੇੜੇ ਹੈ।

ਔਹ, ਮੇਰੇ! ਕੀ ਇਹ ਸ਼ਾਨਦਾਰ ਨਹੀਂ ਹੈ?

ਰਾਸ਼ਟਰ ਟੁੱਟ ਰਹੇ ਹਨ, ਇਸਰਾਏਲ ਜਾਗ ਰਿਹਾ ਹੈ,
ਚਿੰਨ੍ਹ ਜਿਨਾਂ ਬਾਰੇ ਨਬੀਆਂ ਨੇ ਦੱਸਿਆ ਸੀ;
ਪਰਾਈਆਂ ਕੌਮਾਂ ਦੇ ਦਿਨ ਗਿਣੇ ਹੋਏ ਹਨ, ਕਠੋਰ ਬੋਝ ਨਾਲ,
"ਹੇ ਖਿੰਡੇ ਹੋਇਓ, ਆਪਣਿਆਂ ਕੋਲ, ਵਾਪਸ ਆ ਜਾਓ।"

ਹੁਣ ਇਕੱਠੇ:

ਛੁਟਕਾਰੇ ਦਾ ਦਿਨ ਨੇੜੇ ਹੈ,
ਮਨੁੱਖਾਂ ਦੇ ਦਿਲ ਡਰ ਦੇ ਮਾਰੇ ਨਾਕਾਮ ਹੋ ਰਹੇ ਹਨ;
ਆਤਮਾ ਨਾਲ ਭਰੇ ਰਹੋ, ਆਪਣੇ ਦੀਵੇ ਦਰੁਸਤ ਅਤੇ ਸਾਫ ਰੱਖੋ,
ਉੱਪਰ ਦੇਖੋ! ਤੁਹਾਡਾ ਛੁਟਕਾਰਾ ਨੇੜੇ ਹੈ।

ਮੈਂ ਤੁਹਾਨੂੰ ਇੱਕ ਛੋਟੀ ਜਿਹੀ ਆਇਤ ਗਾਉਂਦਾ ਹਾਂ।

ਝੂਠੇ ਨਬੀ ਝੂਠ ਬੋਲ ਰਹੇ ਹਨ, ਉਹ ਪਰਮੇਸ਼ੁਰ ਦੀ ਸੱਚਾਈ ਦਾ ਇਨਕਾਰ ਕਰ ਰਹੇ ਹਨ,
ਕਿ ਯਿਸੂ ਮਸੀਹ ਸਾਡਾ ਪਰਮੇਸ਼ੁਰ ਹੈ;

ਉਹ ਉਸਨੂੰ ਕੋਈ ਤੀਜਾ ਵਿਅਕਤੀ ਬਣਾ ਰਹੇ ਹਨ। ਤੁਹਾਨੂੰ ਇਹ ਪਤਾ ਹੈ। ਪਰ, ਉਹ ਨਹੀਂ ਹੈ। ਉਹ ਸਾਡਾ ਪਰਮੇਸ਼ੁਰ ਹੈ।

ਪਰ ਅਸੀਂ ਉੱਥੇ ਚੱਲਾਂਗੇ ਜਿੱਥੇ ਰਸੂਲ ਚਲੇ ਸਨ।

ਕਿਉਂ ਜੋ ਛੁਟਕਾਰੇ ਦਾ ਦਿਨ ਨੇੜੇ ਹੈ,
ਮਨੁੱਖਾਂ ਦੇ ਦਿਲ ਡਰ ਦੇ ਮਾਰੇ ਨਾਕਾਮ ਹੋ ਰਹੇ ਹਨ;
ਆਤਮਾ ਨਾਲ ਭਰੇ ਰਹੋ, ਆਪਣੇ ਦੀਵੇ ਦਰੁਸਤ ਅਤੇ ਸਾਫ ਰੱਖੋ,
ਉੱਪਰ ਦੇਖੋ! ਤੁਹਾਡਾ ਛੁਟਕਾਰਾ ਨੇੜੇ ਹੈ।

222 ਕੀ ਤੁਸੀਂ ਖੁਸ਼ ਨਹੀਂ ਹੋ? ਮੁੜ੍ਹ ਸੰਦੇਸ਼ ਵੱਲ੍ਹ ਜਾਓ, ਭਾਈ! ਮੂਲ ਕੋਲ ਵਾਪਸ ਜਾਓ! ਮੁੜ੍ਹ ਪੰਤੇਕੁਸਤ ਵਿੱਚ ਜਾਓ! ਅਸਲ ਬਰਕਤ ਵੱਲ ਵਾਪਸ! ਯਿਸੂ ਮਸੀਹ ਦੇ ਨਾਮ ਤੇ ਵਾਪਸ ਜਾਓ! ਵਾਪਸ ਪਵਿੱਤਰ ਆਤਮਾ ਦੇ ਬਪਤਿਸਮੇ ਲਈ! ਮੁੜ੍ਹ ਚਿੰਨ੍ਹ ਅਤੇ ਚਮਤਕਾਰਾਂ ਵੱਲ੍ਹ! ਪੰਤੇਕੁਸਤ ਵੱਲ੍ਹ ਵਾਪਸ ਜਾਓ! ਜਥੇਬੰਦੀ ਤੋਂ ਦੂਰ! ਪਵਿੱਤਰ ਆਤਮਾ ਵੱਲ ਵਾਪਸ ਜਾਓ! ਉਹ ਸਾਡਾ ਸਿੱਖਿਅਕ ਹੈ।

ਕਿਉਂਕਿ ਮੁਕਤੀ ਦਾ ਦਿਨ ਨੇੜੇ ਆ ਰਿਹਾ ਹੈ,
ਮਨੁੱਖਾਂ ਦੇ ਦਿਲ ਡਰ ਦੇ ਮਾਰੇ ਨਾਕਾਮ ਹੋ ਰਹੇ ਹਨ;
ਆਤਮਾ ਨਾਲ ਭਰੇ ਰਹੋ, ਆਪਣੇ ਦੀਵੇ ਦਰੁਸਤ ਅਤੇ ਸਾਫ ਰੱਖੋ,
ਉੱਪਰ ਦੇਖੋ! ਤੁਹਾਡਾ ਛੁਟਕਾਰਾ ਨੇੜੇ ਹੈ।

223 ਕੀ ਇਹ ਸ਼ਾਨਦਾਰ ਨਹੀਂ ਹੈ? ਨਬੀ ਨੇ ਕੀ ਕਿਹਾ? "ਇੱਕ ਸਮਾਂ ਆਵੇਗਾ ਜਦੋਂ ਇਹ ਹੋਵੇਗਾ, ਤੁਸੀਂ ਰਾਤ ਜਾਂ ਦਿਨ ਨਹੀਂ ਕਹਿ ਸਕਦੇ।" ਦੇਖੋ ਕਿ ਇਹ ਕਿਵੇਂ ਰਿਹਾ। ਸਮਝੇ? ਔਹ, ਬਹੁਤ ਬੁਰਾ, ਕਲੀਸਿਯਾ ਦੇ ਯੁੱਗਾਂ ਵਿੱਚ!

ਪਰ ਇਹ—ਇਹ ਸ਼ਾਮ ਦੇ ਸਮੇਂ ਉਜਾਲਾ ਹੋਵੇਗਾ,
ਮਹਿਮਾ ਦਾ ਮਾਰਗ ਤੁਹਾਨੂੰ ਜ਼ਰੂਰ ਮਿਲੇਗਾ;
ਪਾਣੀ ਦੇ ਰਾਹ ਵਿੱਚ ਅੱਜ ਉਜਾਲਾ ਹੈ,
ਯਿਸੂ ਮਸੀਹ ਦੇ ਬਹੁਮੁੱਲੇ ਨਾਮ ਵਿੱਚ ਦੱਬੇ ਜਾਣ ਨਾਲ।
ਜਵਾਨ ਅਤੇ ਬੁੱਢੇ, ਆਪਣੇ ਸਾਰੇ ਪਾਪਾਂ ਤੋਂ ਤੋਬਾ ਕਰੋ,
ਪਵਿੱਤਰ ਆਤਮਾ ਜਰੂਰ ਤੁਹਾਡੇ ਅੰਦਰ ਪ੍ਰਵੇਸ਼ ਕਰੇਗਾ;
ਸ਼ਾਮ ਦੀ ਰੋਸ਼ਨੀ ਆ ਗਈ ਹੈ,
ਇਹ ਤੱਥ ਹੈ ਕਿ ਪਰਮੇਸ਼ੁਰ ਅਤੇ ਮਸੀਹ ਇੱਕ ਹਨ।

ਉਜਾਲਾ ਹੋਣਾ ਚਾਹੀਦਾ ਹੈ…

ਸਾਰੇ ਇਕੱਠੇ।

…ਸ਼ਾਮ ਦੇ ਸਮੇਂ,
ਮਹਿਮਾ ਦਾ ਮਾਰਗ ਤੁਹਾਨੂੰ ਜ਼ਰੂਰ ਮਿਲੇਗਾ;
ਪਾਣੀ ਦੇ ਰਾਹ ਵਿੱਚ ਅੱਜ ਉਜਾਲਾ ਹੈ,
ਯਿਸੂ ਮਸੀਹ ਦੇ ਬਹੁਮੁੱਲੇ ਨਾਮ ਵਿੱਚ ਦੱਬੇ ਜਾਣ ਨਾਲ।

ਜਵਾਨ ਅਤੇ ਬੁੱਢੇ, ਆਪਣੇ ਸਾਰੇ ਪਾਪਾਂ ਤੋਂ ਤੋਬਾ ਕਰੋ,
ਪਵਿੱਤਰ ਆਤਮਾ ਜ਼ਰੂਰ ਅੰਦਰ ਆਵੇਗਾ।
ਕਿਉਂ ਜੋ ਸ਼ਾਮ ਦਾ ਉਜਾਲਾ ਆ ਗਿਆ ਹੈ,
ਇਹ ਤੱਥ ਹੈ ਕਿ ਪਰਮੇਸ਼ੁਰ ਅਤੇ ਮਸੀਹ ਇੱਕ ਹਨ।
(ਤਿੰਨ ਨਹੀਂ; ਪਰ ਇੱਕ!)

224 ਮੁੜ੍ਹ ਸੰਦੇਸ਼ ਵੱਲ! ਮੁੜ੍ਹ ਸ਼ੁਰੂਆਤ ਵੱਲ! ਮੁੜ੍ਹ ਉਸ ਵੱਲ ਜੋ ਪੌਲੁਸ ਨੇ ਜੋ ਸਿਖਾਇਆ ਸੀ! ਮੁੜ੍ਹ ਉਸ ਬਪਤਿਸਮੇ ਵੱਲ ਜਿਹੜਾ ਉਸ ਨੇ ਦਿੱਤਾ ਸੀ! ਉਸਨੇ ਲੋਕਾਂ ਨੂੰ ਦੂਜੇ ਤਰੀਕੇ ਨਾਲ ਬਪਤਿਸਮਾ ਲੈਂਦੇ ਦੇਖਿਆ; ਉਸਨੇ ਉਨ੍ਹਾਂ ਨੂੰ ਦੁਬਾਰਾ ਬਪਤਿਸਮਾ ਲੈਣ ਲਈ ਕਿਹਾ। ਉਸ ਨੇ ਕਿਹਾ, "ਜੇ ਕੋਈ ਦੂਤ ਸਵਰਗ ਤੋਂ ਆਉਂਦਾ ਹੈ, ਕਿਸੇ ਹੋਰ ਚੀਜ਼ ਦਾ ਪ੍ਰਚਾਰ ਕਰਦਾ ਹੈ, ਤਾਂ ਉਹ ਸ਼ਰਾਪਤ ਹੋਵੇ।" ਇਸ ਲਈ, ਦੁਬਾਰਾ ਸੰਦੇਸ਼ ਵੱਲ ਵਾਪਸ ਆਓ, ਦੋਸਤ! ਇਹ ਸ਼ਾਮ ਦਾ ਸਮਾਂ ਹੈ।

225 ਔਹ, ਮੈਂ ਉਸਨੂੰ ਬਹੁਤ ਪਿਆਰ ਕਰਦਾ ਹਾਂ, ਕੀ ਤੁਸੀਂ ਨਹੀਂ ਕਰਦੇ? ਹੁਣ ਕਿੰਨੇ ਲੋਕਾਂ ਨੇ ਦਾਨੀਏਲ ਦਾ ਸੱਤਰਵਾਂ ਹਫ਼ਤਾ ਸਮਝ ਗਏ ਹਨ, ਅਤੇ ਸਮਝ ਗਏ ਹਨ ਕਿ ਸੱਤਰਵਾਂ ਹਫ਼ਤਾ ਕੀ ਹੈ? ਕਿੰਨੇ ਇਸ ਤੇ ਵਿਸ਼ਵਾਸ ਕਰਦੇ ਹਨ? ਕਹੋ, "ਆਮੀਨ।" [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਆਮੀਨ! ਪਰਮੇਸ਼ੁਰ ਦੀ ਮਹਿਮਾ ਹੋਵੇ!

226 ਹੁਣ, ਅਗਲੀ ਗੱਲ ਕੀ ਹੈ? ਹੁਣ ਸੱਤ ਮੋਹਰਾਂ। ਅਸੀਂ ਸਿੱਧਾ ਉਹਨਾਂ ਤੇ ਆਵਾਂਗੇ, ਜਦੋਂ ਪ੍ਰਭੂ ਇਜਾਜ਼ਤ ਦੇਵੇਗਾ। ਇਹ ਕਦੋਂ ਹੋਵੇਗਾ, ਮੈਨੂੰ ਨਹੀਂ ਪਤਾ। ਬਸ ਜਦੋਂ ਵੀ ਉਹ ਇਸਨੂੰ ਪ੍ਰਦਾਨ ਕਰਦਾ ਹੈ, ਤਦ ਅਸੀਂ ਇਸ ਵਿੱਚ ਜਾਵਾਂਗੇ। ਫਿਰ ਅਸੀਂ ਇੱਕ ਲੰਬੀ, ਲੰਬੀ ਸਭਾ ਕਰਨ ਜਾ ਰਹੇ ਹਾਂ, ਕਿਉਂਕਿ ਇਹ 6ਵੇਂ ਅਧਿਆਇ ਤੋਂ 19ਵੇਂ ਤੱਕ ਲੈ ਜਾ ਰਿਹਾ ਹੈ, ਇਸ ਨੂੰ ਸਮਝਣ ਲਈ, ਅਤੇ ਜਿੰਨਾ ਹੌਲੀ ਮੈਂ ਇਸਦੇ ਨਾਲ ਹਾਂ।

227 ਹੁਣ, ਮੈਂ ਨਹੀਂ ਚਾਹੁੰਦਾ ਕਿ ਕੋਈ ਇਸ ਤੇ ਗਲਤਫਹਿਮੀ ਕਰਕੇ ਦੂਰ ਚਲਾ ਜਾਵੇ। ਟੇਪ ਅਜੇ ਵੀ ਚੱਲ ਰਹੀ ਹੈ। ਮੈਂ ਨਹੀਂ ਚਾਹੁੰਦਾ ਕਿ ਕੋਈ ਗਲਤ ਸਮਝੇ। ਹੁਣ ਗਲਤ ਨਾ ਸਮਝੋ, ਅਤੇ ਕਹੋ, "ਭਾਈ ਬ੍ਰਨਹਾਮ ਨੇ ਕਿਹਾ ਕਿ ਯਿਸੂ 1977 ਵਿੱਚ ਆਵੇਗਾ।" ਮੈਂ ਕਦੇ ਵੀ ਅਜਿਹੀ ਕੋਈ ਗੱਲ ਨਹੀਂ ਕਹੀ। ਯਿਸੂ ਅੱਜ ਆ ਸਕਦਾ ਹੈ। ਪਰ ਮੈਂ ਭਵਿੱਖਬਾਣੀ ਕੀਤੀ ਹੈ ਕਿ 33 ਅਤੇ 77 ਦੇ ਵਿਚਕਾਰ ਕੁਝ ਹੋਵੇਗਾ, ਕਿ ਇਹ ਗੱਲਾਂ ਜਿਹੜੀਆਂ ਮੈਂ, ਦਰਸ਼ਣ ਵਿੱਚ ਵੇਖੀਆਂ ਹਨ, ਵਾਪਰਨਗੀਆਂ। ਅਤੇ ਉਨ੍ਹਾਂ ਵਿੱਚੋਂ ਪੰਜ ਪਹਿਲਾਂ ਹੀ ਹੋ ਚੁੱਕੀਆਂ ਹਨ। ਅਤੇ ਮੈਂ ਵਿਸ਼ਵਾਸ ਕਰਦਾ ਹਾਂ, ਪਰਮਾਣੂ ਚੀਜ਼ਾਂ ਨਾਲ ਜੋ ਸਾਡੇ ਕੋਲ ਹੁਣ ਹਨ…

228 ਅਤੇ ਕੀ ਤੁਸੀਂ ਦੇਖਿਆ ਕਿ ਸਾਡੇ ਰਾਸ਼ਟਰਪਤੀ ਨੇ ਹੁਣੇ ਕੀ ਕਿਹਾ? ਇੱਕ ਹੋਰ ਜੰਗ ਚਾਹੁੰਦੇ ਹਨ। ਉਹ ਬਰਲਿਨ ਨੂੰ—ਨੂੰ ਇੱਕ ਉਦਾਹਰਣ ਬਣਾਉਣਾ ਚਾਹੁੰਦਾ ਹੈ, ਉਸ ਨੇ ਕਿਹਾ ਸੀ। ਮਿਸਾਲ ਬਣਾਉਣਾ ਚਾਹੁੰਦਾ ਸੀ। ਸਾਡੇ ਪਿਛਲੇ ਦਰਵਾਜ਼ੇ ਵਿੱਚ ਕਿਊਬਾ ਬਾਰੇ ਕੀ ਹੈ? ਕਿਉਂ ਨਾ ਇਸ ਨੂੰ ਇੱਕ ਉਦਾਹਰਣ ਬਣਾ ਦੇਈਏ? ਉਸ ਬਾਰੇ ਕੀ ਹੈ? ਔਹ, ਇਹ ਅਜਿਹੀ ਬਕਵਾਸ ਹੈ! ਸਮਝੇ?

229 ਔਹ, ਭਾਈ, ਅਸੀਂ ਅੰਤ ਵਿੱਚ ਹਾਂ। ਉਹ ਜਾ ਰਹੇ ਹਨ...ਇਹ ਉਸੇ ਤਰ੍ਹਾਂ ਬਾਹਰ ਆਉਣ ਜਾ ਰਿਹਾ ਹੈ ਜਿਵੇਂ ਪਰਮੇਸ਼ੁਰ ਨੇ ਕਿਹਾ ਸੀ, ਇਸ ਲਈ ਕੁਝ ਹੋਰ ਕਰਨ ਦਾ ਕੀ—ਕੀ ਫਾਇਦਾ ਹੈ ਪਰ ਸਿਰਫ਼ ਉਹੀ ਪੜ੍ਹੋ ਜੋ ਜੋ ਉਸ ਨੇ ਕਿਹਾ, ਅਤੇ ਸਹੀ ਸਮਝੋ, ਅਤੇ ਇਸਦੇ ਲਈ ਤਿਆਰ ਹੋ ਜਾਵੋ। ਅਤੇ ਫਿਰ ਉਸਨੂੰ ਆਉਣ ਦਿਓ। ਅਸੀਂ ਇਸ ਦੀ ਉਡੀਕ ਕਰ ਰਹੇ ਹਾਂ।

ਅਸੀਂ ਉਸ ਖੁਸ਼ਹਾਲ ਹਜ਼ਾਰ ਸਾਲਾ ਦਿਨ ਦੇ ਆਉਣ ਦੀ ਉਡੀਕ ਕਰ ਰਹੇ ਹਾਂ,
ਜਦੋਂ ਸਾਡਾ ਮੁਬਾਰਕ ਪ੍ਰਭੂ ਆਵੇਗਾ ਅਤੇ ਉਸਦੀ ਉਡੀਕ ਕਰਨ ਵਾਲੀ ਲਾੜੀ ਨੂੰ ਲੈ ਜਾਵੇਗਾ;
ਔਹ, ਧਰਤੀ ਹਾਹੁਕੇ ਭਰਦੀ ਹੈ, ਉਸ ਛੁਟਕਾਰੇ ਦੇ ਦਿਨ ਲਈ ਪੁਕਾਰ ਰਹੀ ਹੈ,
ਜਦ ਸਾਡਾ ਛੁਟਕਾਰਾ ਦੇਣ ਵਾਲਾ ਦੁਬਾਰਾ ਧਰਤੀ ਤੇ ਵਾਪਸ ਆਵੇਗਾ।

ਔਹ! ਸਾਡਾ ਪ੍ਰਭੂ ਫਿਰ ਧਰਤੀ ਤੇ ਵਾਪਸ ਆ ਰਿਹਾ ਹੈ,
ਹਾਂ, ਸਾਡਾ ਪ੍ਰਭੂ ਦੁਬਾਰਾ ਧਰਤੀ ਤੇ ਵਾਪਸ ਆ ਰਿਹਾ ਹੈ,
ਔਹ, ਸ਼ੈਤਾਨ ਨੂੰ ਇੱਕ ਹਜ਼ਾਰ ਸਾਲ ਬੰਨ੍ਹਿਆ ਜਾਵੇਗਾ,
ਫਿਰ ਸਾਨੂੰ ਕੋਈ ਭਰਮਾਉਣ ਵਾਲਾ ਨਹੀਂ ਹੋਵੇਗਾ,
ਜਦੋਂ ਯਿਸੂ ਧਰਤੀ ਤੇ ਦੁਬਾਰਾ ਵਾਪਸ ਆ ਜਾਵੇਗਾ।

ਕਿੰਨੇ ਤਿਆਰ ਹਨ? ਆਪਣਾ ਹੱਥ ਖੜ੍ਹਾ ਕਰੋ। ਔਹ, ਮੇਰੇ!

ਔਹ! ਸਾਡਾ ਪ੍ਰਭੂ ਫਿਰ ਧਰਤੀ ਤੇ ਵਾਪਸ ਆ ਰਿਹਾ ਹੈ,

ਚਲੋ ਬੱਸ ਖੜੇ ਹੋ ਕੇ ਇੱਕ ਦੂਜੇ ਨਾਲ ਹੱਥ ਮਿਲਾਈਏ।

ਸਾਡਾ ਪ੍ਰਭੂ ਫਿਰ ਧਰਤੀ ਤੇ ਵਾਪਸ ਆ ਰਿਹਾ ਹੈ,
ਔਹ, ਸ਼ੈਤਾਨ ਨੂੰ ਇੱਕ ਹਜ਼ਾਰ ਸਾਲ ਲਈ ਬੰਨ੍ਹਿਆ ਜਾਵੇਗਾ,
ਫਿਰ ਸਾਨੂੰ ਕੋਈ ਭਰਮਾਉਣ ਵਾਲਾ ਨਹੀਂ ਹੋਵੇਗਾ,
ਜਦੋਂ ਯਿਸੂ ਧਰਤੀ ਤੇ ਦੁਬਾਰਾ ਵਾਪਸ ਆ ਜਾਵੇਗਾ।

ਓਹ! ਸਾਡਾ ਪ੍ਰਭੂ ਫਿਰ ਧਰਤੀ ਤੇ ਵਾਪਸ ਆ ਰਿਹਾ ਹੈ,
ਹਾਂ, ਸਾਡਾ ਪ੍ਰਭੂ ਦੁਬਾਰਾ ਧਰਤੀ ਤੇ ਵਾਪਸ ਆ ਰਿਹਾ ਹੈ,
ਓਹ, ਸ਼ੈਤਾਨ ਨੂੰ ਇੱਕ ਹਜ਼ਾਰ ਸਾਲ ਲਈ ਬੰਨ੍ਹਿਆ ਜਾਵੇਗਾ,
ਫਿਰ ਸਾਨੂੰ ਕੋਈ ਭਰਮਾਉਣ ਵਾਲਾ ਨਹੀਂ ਹੋਵੇਗਾ,
ਜਦੋਂ ਯਿਸੂ ਧਰਤੀ ਤੇ ਦੁਬਾਰਾ ਵਾਪਸ ਆ ਜਾਵੇਗਾ।

ਯਿਸੂ ਦਾ ਵਾਪਸ ਆਉਣਾ ਧਰਤੀ ਦੇ ਦੁੱਖ ਅਤੇ ਰੋਣ ਦਾ ਜਵਾਬ ਹੋਵੇਗਾ,
ਕਿਉਂਕਿ ਪ੍ਰਭੂ ਦੇ ਗਿਆਨ ਨਾਲ ਧਰਤੀ, ਸਮੁੰਦਰ ਅਤੇ ਅਕਾਸ਼ ਭਰ ਜਾਣਗੇ;
ਪਰਮੇਸ਼ੁਰ ਸਾਰੀਆਂ ਬੀਮਾਰੀਆਂ ਦੂਰ ਕਰ ਦੇਵੇਗਾ ਅਤੇ ਦੁੱਖ ਦੇ ਹੰਝੂ ਸੁੱਕ ਜਾਣਗੇ,
ਜਦੋਂ ਯਿਸੂ ਧਰਤੀ ਤੇ ਦੁਬਾਰਾ ਵਾਪਸ ਆ ਜਾਵੇਗਾ।

ਓਹ! ਸਾਡਾ ਪ੍ਰਭੂ ਫਿਰ ਧਰਤੀ ਤੇ ਵਾਪਸ ਆ ਰਿਹਾ ਹੈ,
ਹਾਂ, ਸਾਡਾ ਪ੍ਰਭੂ ਦੁਬਾਰਾ ਧਰਤੀ ਤੇ ਵਾਪਸ ਆ ਰਿਹਾ ਹੈ,
ਓਹ, ਸ਼ੈਤਾਨ ਨੂੰ ਇੱਕ ਹਜ਼ਾਰ ਸਾਲ ਲਈ ਬੰਨ੍ਹਿਆ ਜਾਵੇਗਾ,
ਫਿਰ ਸਾਨੂੰ ਕੋਈ ਭਰਮਾਉਣ ਵਾਲਾ ਨਹੀਂ ਹੋਵੇਗਾ,
ਜਦੋਂ ਯਿਸੂ ਧਰਤੀ ਤੇ ਦੁਬਾਰਾ ਵਾਪਸ ਆ ਜਾਵੇਗਾ।

230 ਓਹ, ਮੇਰੇ! ਕੀ ਤੁਹਾਨੂੰ ਚੰਗਾ ਨਹੀਂ ਲੱਗਦਾ? ਸੋਚੋ ਦੋਸਤੋ, ਇਹ ਪੰਤੇਕੁਸਤ ਹੈ, ਅਰਾਧਨਾ ਕਰੋ! ਇਹ ਪੰਤੇਕੁਸਤ ਹੈ। ਆਉ ਤਾੜੀਆਂ ਵਜਾਈਏ ਅਤੇ ਇਸ ਨੂੰ ਗਾਈਏ। ਪੈਨਟੇਕੋਸਟਲ ਲੋਕ, ਹਰ ਕੋਈ, ਖੁੱਲ ਜਾਓ, ਹੁਣ ਤੁਹਾਡੇ ਵਿੱਚੋਂ ਉਹ ਪੁਰਾਣੀ ਮੈਥੋਡਿਸਟ ਰਸਮੀ ਤਰੀਕੇ ਬਾਹਰ ਕੱਢੋ। ਆਓ, ਇਸ ਨੂੰ ਗਾਈਏ!

ਓਹ! ਸਾਡਾ ਪ੍ਰਭੂ ਫਿਰ ਧਰਤੀ ਤੇ ਵਾਪਸ ਆ ਰਿਹਾ ਹੈ,
ਹਾਂ, ਸਾਡਾ ਪ੍ਰਭੂ ਦੁਬਾਰਾ ਧਰਤੀ ਤੇ ਵਾਪਸ ਆ ਰਿਹਾ ਹੈ,
ਸ਼ੈਤਾਨ ਨੂੰ ਇੱਕ ਹਜ਼ਾਰ ਸਾਲ ਲਈ ਬੰਨ੍ਹਿਆ ਜਾਵੇਗਾ,
ਫਿਰ ਸਾਨੂੰ ਕੋਈ ਭਰਮਾਉਣ ਵਾਲਾ ਨਹੀਂ ਹੋਵੇਗਾ,
ਜਦੋਂ ਯਿਸੂ ਧਰਤੀ ਤੇ ਦੁਬਾਰਾ ਵਾਪਸ ਆ ਜਾਵੇਗਾ।

ਓਹ! ਸਾਡਾ ਪ੍ਰਭੂ ਦੁਬਾਰਾ ਧਰਤੀ ਤੇ ਵਾਪਸ ਆ ਰਿਹਾ ਹੈ, (ਬਾਈਬਲ ਇਸ ਤਰ੍ਹਾਂ ਕਹਿੰਦੀ ਹੈ!)

ਹਾਂ, ਸਾਡਾ ਪ੍ਰਭੂ ਦੁਬਾਰਾ ਧਰਤੀ ਤੇ ਵਾਪਸ ਆ ਰਿਹਾ ਹੈ,
ਸ਼ੈਤਾਨ ਨੂੰ ਇੱਕ ਹਜ਼ਾਰ ਸਾਲ ਬੰਨ੍ਹਿਆ ਜਾਵੇਗਾ,
ਫਿਰ ਸਾਨੂੰ ਕੋਈ ਭਰਮਾਉਣ ਵਾਲਾ ਨਹੀਂ ਹੋਵੇਗਾ,
ਜਦੋਂ ਯਿਸੂ ਧਰਤੀ ਤੇ ਦੁਬਾਰਾ ਵਾਪਸ ਆ ਜਾਵੇਗਾ।

ਕੀ ਤੁਸੀਂ ਉਸਨੂੰ ਪਿਆਰ ਕਰਦੇ ਹੋ? ਠੀਕ ਹੈ। ਮੈਂ ਉਸ ਨੂੰ ਪਿਆਰ ਕਰਦਾ ਹਾਂ। *ਮੈਂ ਉਸਨੂੰ ਪਿਆਰ ਕਰਦਾ ਹਾਂ*, ਭੈਣ ਗਿਬਸ। ਔਹ, ਆਓ ਹੁਣ ਉਸ ਵੱਲ ਆਪਣੇ ਹੱਥ ਖੜ੍ਹੇ ਕਰੀਏ।

ਮੈਂ ਉਸਨੂੰ ਪਿਆਰ ਕਰਦਾ ਹਾਂ, ਮੈਂ ਉਸਨੂੰ ਪਿਆਰ ਕਰਦਾ ਹਾਂ
ਕਿਉਂਕਿ ਉਸਨੇ ਪਹਿਲਾਂ ਮੈਨੂੰ ਪਿਆਰ ਕੀਤਾ ਸੀ
ਅਤੇ ਮੇਰੀ ਮੁਕਤੀ ਖਰੀਦੀ (ਕਿੱਥੇ? ਠੀਕ ਇੱਥੇ ਕਲਵਰੀ ਤੇ।)
ਕਲਵਰੀ ਦੇ ਰੁੱਖ ਤੇ।

ਮੈਂ ਉਸ ਨੂੰ ਪ੍ਰੇਮ ਕਰਦਾ ਹਾਂ, (ਮਹਿਮਾ!) ਮੈਂ ਉਸ ਨੂੰ ਪ੍ਰੇਮ ਕਰਦਾ ਹਾਂ
ਕਿਉਂਕਿ ਉਸਨੇ ਪਹਿਲਾਂ ਮੈਨੂੰ ਪਿਆਰ ਕੀਤਾ ਸੀ
ਅਤੇ ਮੇਰੀ ਮੁਕਤੀ ਨੂੰ ਖਰੀਦ ਲਿਆ
ਕਲਵਰੀ ਦੇ ਰੁੱਖ ਤੇ।

**ਦਾਨੀਏਲ ਦਾ ਸੱਤਰਵਾਂ ਹਫ਼ਤਾ** PUN61-0806

(The Seventieth Week Of Daniel)

**ਦਾਨੀਏਲ ਦੇ ਸੱਤਰ ਸਾਤੇ ਲੜੀ**

ਭਾਈ ਵਿਲੀਅਮ ਮੈਰੀਅਨ ਬ੍ਰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਐਤਵਾਰ ਦੀ ਸਵੇਰ, 6 ਅਗਸਤ, 1961 ਨੂੰ, ਜੇਫਰਸਨਵਿਲ, ਇੰਡੀਆਨਾ, ਯੂ.ਐਸ.ਏ. ਵਿੱਚ ਬ੍ਰਨਹਾਮ ਟੈਬਰਨੇਕਲ ਵਿਖੇ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2023 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸਿੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰੰਿਟਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡੰਿਗਜ® ਵਲੋਂ ਲਖਿਤੀ ਇਜਾ਼ਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org